27-FEB-PAGE-1.qxd add Half page.qxd 2/26/2026 9:44 PM Page 1

ਸ਼ੁੱਕਰਵਾਰ, 27 ਫਰਵਰੀ, 2026
16 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 268

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 27 FEBRUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਖਤਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਨੇ ਵੀਰਵਾਰ ਗਿਆਨੀ ਰਘਬੀਰ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੀਆਂ ਸੇਵਾਵਾਂ ਤੋਂ ਫਾਰਗ ਕਰ ਦਿੱਤਾ। ਇਹ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਐੱਸ ਜੀ ਪੀ ਸੀ ਵੱਲੋਂ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਗਏ 72 ਘੰਟੇ ਦੇ ਅਲਟੀਮੇਟਮ ਦਾ ਸਮਾਂ ਖਤਮ ਹੋ ਗਿਆ। ਐੱਸ ਜੀ ਪੀ ਸੀ ਨੇ ਉਨ੍ਹਾ ਨੂੰ ਲਗਾਏ ਗਏ ਦੋਸ਼ਾਂ ਦੇ ਸਬੂਤ ਪੇਸ਼ ਕਰਨ ਲਈ ਅਲਟੀਮੇਟਮ ਦਿੱਤਾ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਗਿਆਨੀ ਰਘਬੀਰ ਸਿੰਘ ਵੱਲੋਂ ਦਿੱਤੇ ਗਏ ਬਿਆਨਾਂ ਨੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ। ਉਨ੍ਹਾ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵਰਗੇ ਸਤਿਕਾਰਤ ਅਹੁਦੇ 'ਤੇ ਰਹਿੰਦਿਆਂ ਬਿਨਾਂ ਕਿਸੇ ਪੁਖਤਾ ਸਬੂਤ ਦੇ ਦੋਸ਼ ਲਗਾਉਣ ਨਾਲ ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਇਹ ਕਦਮ ਚੁੱਕਣਾ ਜ਼ਰੂਰੀ ਹੋ ਗਿਆ ਸੀ। ਇਹ ਫੈਸਲਾ ਕਿਸੇ ਨਿੱਜੀ ਵਿਰੋਧ ਕਾਰਨ ਨਹੀਂ ਬਲਕਿ ਸੰਸਥਾ ਦੀ ਸਾਖ ਨੂੰ ਬਚਾਉਣ ਲਈ ਲਿਆ ਗਿਆ ਹੈ। ਜਦੋਂ ਕੋਈ ਵਿਅਕਤੀ ਸ੍ਰੀ ਹਰਿਮੰਦਰ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਹੈੱਡ ਗ੍ਰੰਥੀ ਦੀ ਸੇਵਾ ਨਿਭਾਉਂਦਾ ਹੈ, ਤਾਂ ਉਸ ਦੇ ਹਰ ਸ਼ਬਦ ਦੀ ਬਹੁਤ ਅਹਿਮੀਅਤ ਹੁੰਦੀ ਹੈ। ਐਡਵੋਕੇਟ ਧਾਮੀ ਨੇ ਇਹ ਸਪੱਸ਼ਟ ਕੀਤਾ ਕਿ ਬਿਨਾਂ ਸਬੂਤਾਂ ਦੇ ਜਨਤਕ ਤੌਰ 'ਤੇ ਦੋਸ਼ ਲਗਾਉਣ ਨਾਲ ਸਿੱਖ ਸੰਗਤ ਵਿੱਚ ਦੁਬਿਧਾ ਪੈਦਾ ਹੁੰਦੀ ਹੈ, ਜਿਸ ਨੂੰ ਰੋਕਣ ਲਈ ਕਮੇਟੀ ਨੇ ਇਹ ਸਖਤ ਕਦਮ ਚੁੱਕਿਆ ਹੈ। ਗਿਆਨੀ ਰਘਬੀਰ ਸਿੰਘ ਨੂੰ ਆਪਣਾ ਪੱਖ ਰੱਖਣ ਅਤੇ ਦੋਸ਼ਾਂ ਨੂੰ ਸਾਬਤ ਕਰਨ ਲਈ ਤਿੰਨ ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਨਿਰਧਾਰਿਤ ਸਮੇਂ ਅੰਦਰ ਤਸੱਲੀਬਖਸ਼ ਜਵਾਬ ਜਾਂ ਸਬੂਤ ਨਾ ਮਿਲਣ ਕਰਕੇ, ਕਮੇਟੀ ਨੇ ਉਨ੍ਹਾ ਨੂੰ ਅਹੁਦੇ ਤੋਂ ਹਟਾਉਣ ਦਾ ਫੈਸਲਾ ਤੁਰੰਤ ਲਾਗੂ ਕਰ ਦਿੱਤਾ। ਹੁਣ ਆਉਣ ਵਾਲੇ ਦਿਨਾਂ ਵਿੱਚ ਇਸ ਅਹਿਮ ਅਹੁਦੇ ਲਈ ਨਵੀਂ ਨਿਯੁਕਤੀ ਜਾਂ ਵਾਧੂ ਚਾਰਜ ਸੰਬੰਧੀ ਫੈਸਲਾ ਲਿਆ ਜਾ ਸਕਦਾ ਹੈ। ਇਸੇ ਦੌਰਾਨ ਗਿਆਨੀ ਰਘਬੀਰ ਸਿੰਘ ਨੇ ਐੱਸ ਜੀ ਪੀ ਸੀ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਘਪਲਿਆਂ ਦੇ ਸਬੂਤ ਹੁਣ ਸੰਗਤਾਂ ਦੀ ਹਾਜ਼ਰੀ 'ਚ ਰੱਖਣਗੇ।

## ਪਾਕਿਸਤਾਨ ਫਤਹਿ ਭਿੰਡਰ ਦਾ ਗੁਰਦੁਆਰਾ ਮੁੜ ਆਬਾਦ ਕਰੇਗਾ

**ਲਾਹੌਰ** : ਪਾਕਿਸਤਾਨ ਦੇ ਸਿਆਲਕੋਟ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸਾਹਿਬ, ਜੋ ਵੰਡ ਤੋਂ ਬਾਅਦ ਬੰਦ ਪਿਆ ਸੀ, ਆਬਾਦ ਕੀਤਾ ਜਾਵੇਗਾ। ਗੁਰਦੁਆਰਾ ਪਹਿਲੀ ਪਾਤਸ਼ਾਹੀ ਨਾਨਕਸਰ ਸਿਆਲਕੋਟ ਦੇ ਡਸਕਾ ਜ਼ਿਲ੍ਹੇ ਦੇ ਪਿੰਡ ਫਤਹਿ ਭਿੰਡਰ ਵਿੱਚ ਸਥਿਤ ਹੈ। ਇਸ ਦੀ ਇਮਾਰਤ ਕਾਫੀ ਖਸਤਾ ਹਾਲਤ ਵਿੱਚ ਹੈ, ਜਿਸ ਦੀ ਮੁਰੰਮਤ ਲਈ ਹੁਣ ਜਾਂਚ ਕੀਤੀ ਜਾ ਰਹੀ ਹੈ।

ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਸੀ। ਵੰਡ ਵੇਲੇ ਇਹ ਹਿੱਸਾ ਪਾਕਿਸਤਾਨ ਵਿੱਚ ਰਹਿ ਗਿਆ ਸੀ ਅਤੇ ਸਿੱਖ ਪਰਵਾਰਾਂ ਦੇ ਉੱਥੋਂ ਚਲੇ ਜਾਣ ਕਾਰਨ ਇਹ ਅਸਥਾਨ ਲੰਬੇ ਸਮੇਂ ਤੋਂ ਖਾਲੀ ਪਿਆ ਸੀ। ਉੱਥੇ ਅੱਜ ਵੀ ਗੁਰਮੁਖੀ ਵਿੱਚ ਲਿਖੀ ਇੱਕ ਸੰਗਮਰਮਰ ਦੀ ਤਖਤੀ ਮੌਜੂਦ ਹੈ, ਜੋ ਗੁਰੂ ਸਾਹਿਬ ਦੀ ਫੇਰੀ ਬਾਰੇ ਜਾਣਕਾਰੀ ਦਿੰਦੀ ਹੈ। ਪਾਕਿਸਤਾਨ ਦੇ ਘੱਟਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼

• ਬਾਕੀ ਸਫਾ 10 'ਤੇ

## ਸਕੂਲਾਂ 'ਚ 400 ਕਰੋੜ ਦੀ ਲਾਗਤ ਨਾਲ ਆਧੁਨਿਕ ਕੰਪਿਊਟਰ ਲਾਉਣੇ ਸ਼ੁਰੂ : ਬੈਂਸ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ 400 ਕਰੋੜ ਰੁਪਏ ਦੀ ਲਾਗਤ ਨਾਲ 38649 ਆਧੁਨਿਕ ਕੰਪਿਊਟਰ ਸਥਾਪਤ ਕੀਤੇ ਜਾਣਗੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਕੂਲਾਂ ਵਿੱਚ ਪੁਰਾਣੇ ਕੰਪਿਊਟਰ ਲੱਗੇ ਹੋਏ ਸਨ, ਜਿੱਥੇ ਬੱਚਿਆਂ ਨੂੰ ਕੁਝ ਸਿੱਖਣ ਨੂੰ ਨਹੀਂ ਮਿਲ ਰਿਹਾ ਸੀ। ਇਸ ਲਈ ਸੂਬਾ ਸਰਕਾਰ ਵੱਲੋਂ 5000 ਤੋਂ ਵੱਧ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਧੁਨਿਕ ਕੰਪਿਊਟਰ ਸਥਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਸੂਬੇ ਦੇ 3700 ਦੇ ਕਰੀਬ ਸਕੂਲਾਂ ਵਿੱਚ ਇੰਟਰੈਕਟਿਵ ਪੈਨਲ ਲਗਾਏ ਜਾਣਗੇ। ਬੈਂਸ ਨੇ ਕਿਹਾ ਕਿ ਸੰਗਰੂਰ ਤੇ ਰੋਪੜ ਵਿੱਚ ਵੀਰਵਾਰ ਕੰਪਿਊਟਰ ਲੱਗਣੇ ਸ਼ੁਰੂ ਹੋ ਗਏ ਹਨ ਅਤੇ ਬਾਕੀ ਜ਼ਿਲ੍ਹਿਆਂ ਵਿੱਚ 20 ਮਾਰਚ ਤੱਕ ਕੰਪਿਊਟਰ ਲਗਾਏ ਜਾਣਗੇ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਪਹਿਲਕਦਮੀ ਨੂੰ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਇੱਕ ਪਰਿਵਰਤਨਸ਼ੀਲ ਮੀਲ ਪੱਥਰ ਕਰਾਰ ਦਿੱਤਾ। ਉਨ੍ਹਾ ਕਿਹਾ, 'ਇਹ ਇੱਕ ਇਤਿਹਾਸਕ ਪਹਿਲ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਵੀ ਏਨੇ ਵੱਡੇ ਪੱਧਰ 'ਤੇ ਡਿਜੀਟਲ ਬੁਨਿਆਦੀ ਢਾਂਚਾ ਨਹੀਂ ਪੇਸ਼ ਕੀਤਾ ਗਿਆ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅਸੀਂ ਪਹਿਲਾਂ ਕਲਾਸਰੂਮਾਂ ਨੂੰ ਮਜ਼ਬੂਤ ਕੀਤਾ ਅਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਇਆ। ਹੁਣ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਰ ਬੱਚੇ ਦੀ ਆਧੁਨਿਕ ਡਿਜੀਟਲ ਸਾਧਨਾਂ ਤੱਕ ਆਸਾਨ ਪਹੁੰਚ ਹੋਵੇ। ਸਾਡੇ ਵਿਦਿਆਰਥੀਆਂ ਨੂੰ ਸਿਰਫ਼ ਅੱਜ ਲਈ ਹੀ ਨਹੀਂ, ਸਗੋਂ ਭਵਿੱਖ ਲਈ ਵੀ ਤਿਆਰ ਹੋਣੇ ਚਾਹੀਦੇ ਹਨ।' ਬੈਂਸ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਪੁਰਾਣੇ ਹਾਰਡਵੇਅਰ ਅਤੇ ਕੰਪਿਊਟਰਾਂ ਨੂੰ ਬਦਲਿਆ ਜਾ ਰਿਹਾ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਈ ਸਕੂਲ ਅਤੇ ਮਿਡਲ ਸਕੂਲ ਨਵੀਨਤਮ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਹੋਣ।

ਬੈਂਸ ਨੇ ਕਿਹਾ—5,012 ਸਰਕਾਰੀ ਸਕੂਲਾਂ ਨੂੰ ਨਵੀਨਤਮ ਸਾਫਟਵੇਅਰ ਨਾਲ ਲੈਸ 38,649 ਨਵੇਂ ਕੰਪਿਊਟਰ ਪ੍ਰਦਾਨ ਕੀਤੇ ਜਾ ਰਹੇ ਹਨ। ਇਹ ਕੰਪਿਊਟਰ ਸਾਰੇ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦੇ ਨਾਲ-ਨਾਲ 50 ਫ਼ੀਸਦੀ ਮਿਡਲ ਸਕੂਲਾਂ ਨੂੰ ਦਿੱਤੇ ਜਾਣਗੇ, ਤਾਂ ਜੋ ਵਿਦਿਆਰਥੀਆਂ ਦੀ ਨਵੀਨਤਮ ਹਾਰਡਵੇਅਰ ਅਤੇ ਤਕਨਾਲੋਜੀ ਤੱਕ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾ ਦੱਸਿਆ ਕਿ 5000 ਸਰਕਾਰੀ ਸਕੂਲਾਂ ਵਿੱਚ ਸਮਰਪਤ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ ਤਾਂ ਜੋ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਰਕਾਰੀ ਸਕੂਲਾਂ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਕੰਪਿਊਟਰ ਲੈਬਾਂ ਯਕੀਨੀ ਬਣਾਈਆਂ ਜਾਣ। ਉਨ੍ਹਾ ਕਿਹਾ—ਇੰਟਰਐਕਟਿਵ ਲਰਨਿੰਗ ਨੂੰ ਉਤਸ਼ਾਹਤ ਕਰਨ ਲਈ ਅਸੀਂ 3694 ਸਕੂਲਾਂ ਵਿੱਚ 8268 ਇੰਟਰਐਕਟਿਵ ਫਲੈਟ ਪੈਨਲ ਸਥਾਪਤ ਕਰ ਰਹੇ ਹਾਂ। ਹਰੇਕ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ ਨੂੰ ਇਹ ਪੈਨਲ ਦਿੱਤੇ ਜਾਣਗੇ, ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਵੱਡੇ ਸਕੂਲਾਂ ਨੂੰ ਚਾਰ, ਪੰਜ ਜਾਂ ਅੱਠ ਯੂਨਿਟ ਦਿੱਤੇ ਜਾਣਗੇ। ਤਕਨਾਲੋਜੀ ਵਿੱਚ ਕੀਤੇ ਇਸ ਵੱਡੇ ਨਿਵੇਸ਼ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਡਿਜੀਟਲ ਸਾਖਰਤਾ ਅਤੇ ਸਮਾਰਟ ਲਰਨਿੰਗ ਹੁਣ ਸਿਰਫ ਨਿੱਜੀ ਸਕੂਲਾਂ ਤੱਕ ਹੀ ਸੀਮਿਤ ਨਹੀਂ ਹਨ ਬਲਕਿ ਇਹ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਹਰ ਵਿਦਿਆਰਥੀ ਦਾ ਬੁਨਿਆਦੀ ਅਧਿਕਾਰ ਹਨ।

ਇਸ ਕਦਮ ਨੂੰ ਰਵਾਇਤੀ ਚਾਕ ਬੋਰਡਾਂ ਤੋਂ ਤਕਨਾਲੋਜੀ ਅਧਾਰਤ ਸਮਾਰਟ ਕਲਾਸਰੂਮਾਂ ਵੱਲ ਇੱਕ ਫੈਸਲਾਕੁੰਨ ਤਬਦੀਲੀ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਕਦਮ ਤਹਿਤ ਪੁਰਾਣੇ ਕੰਪਿਊਟਰਾਂ ਨੂੰ ਬਦਲਿਆ ਜਾਵੇਗਾ। ਬਹੁਤ ਲੰਬੇ ਸਮੇਂ ਤੋਂ ਸਾਡੇ

• ਬਾਕੀ ਸਫਾ 10 'ਤੇ

## ਸੁਪਰੀਮ ਕੋਰਟ ਸਬਕ ਸਿਖਾਉਣ ਦੇ ਰੌਂਅ 'ਚ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅਦਾਲਤਾਂ ਵਿੱਚ ਭ੍ਰਿਸ਼ਟਾਚਾਰ ਨਾਲ ਸੰਬੰਧਤ ਇੱਕ ਪਾਠ ਨੂੰ ਲੈ ਕੇ 8ਵੀਂ ਜਮਾਤ ਦੀ ਸਿੱਖਿਆ, ਖੋਜ ਤੇ ਸਿਖਲਾਈ ਬਾਰੇ ਕੌਮੀ ਕੌਂਸਲ (ਐੱਨ ਸੀ ਈ ਆਰ ਟੀ) ਦੀ ਕਿਤਾਬ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਅਦਾਲਤ ਨੇ ਵੀਰਵਾਰ ਕਿਹਾ ਕਿ ਇਹ ਨਿਆਂਪਾਲਿਕਾ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਜਾਪਦੀ ਹੈ। ਉਸ ਨੇ ਸਾਰੀਆਂ ਭੌਤਿਕ (ਫਿਜ਼ੀਕਲ) ਅਤੇ ਡਿਜੀਟਲ ਕਾਪੀਆਂ ਨੂੰ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ। ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਸਖਤ ਟਿੱਪਣੀ ਕਰਦਿਆਂ ਕਿਹਾ, "ਉਨ੍ਹਾਂ ਨੇ ਗੋਲੀ ਚਲਾ ਦਿੱਤੀ ਹੈ ਅਤੇ ਨਿਆਂਪਾਲਿਕਾ ਲਹੂ-ਲੁਹਾਨ ਹੈ।" ਅਦਾਲਤ ਦੀ ਇਹ ਟਿੱਪਣੀ ਐੱਨ ਸੀ ਈ ਆਰ ਟੀ ਵੱਲੋਂ ਕਿਤਾਬ ਵਿੱਚ 'ਗਲਤ ਸਮੱਗਰੀ' ਲਈ ਮੁਆਫੀ ਮੰਗਣ ਅਤੇ ਇਸ ਨੂੰ ਦੁਬਾਰਾ ਲਿਖਣ ਦੇ ਭਰੋਸੇ ਤੋਂ ਇੱਕ ਦਿਨ ਬਾਅਦ ਆਈ ਹੈ।




ਅਦਾਲਤ ਨੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਅਤੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਪੁੱਛਿਆ ਹੈ ਕਿ ਜ਼ਿੰਮੇਵਾਰ ਲੋਕਾਂ ਖਿਲਾਫ ਅਦਾਲਤ ਦੀ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ।

ਚੀਫ ਜਸਟਿਸ ਨੇ ਕਿਹਾ ਕਿ ਇਹ ਸੰਸਥਾ ਦੀ ਮਰਿਆਦਾ ਨੂੰ ਘਟਾਉਣ ਦੀ ਇੱਕ ਗਿਣੀ-ਮਿੱਥੀ ਚਾਲ ਲੱਗਦੀ ਹੈ। ਉਨ੍ਹਾ ਕਿਹਾ, "ਸੰਸਥਾ ਦੇ ਮੁਖੀ ਹੋਣ ਦੇ ਨਾਤੇ ਮੇਰਾ ਫਰਜ਼ ਹੈ ਕਿ ਮੈਂ ਜ਼ਿੰਮੇਵਾਰ ਵਿਅਕਤੀਆਂ ਦਾ ਪਤਾ ਲਗਾਵਾਂ; ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।"। ਅਦਾਲਤ ਨੇ ਕਿਹਾ ਕਿ ਇਸ ਉਮਰ ਵਿੱਚ ਵਿਦਿਆਰਥੀਆਂ ਨੂੰ ਅਜਿਹੇ 'ਪੱਖਪਾਤੀ ਨਜ਼ਰੀਏ' ਨਾਲ ਜਾਣੂ ਕਰਵਾਉਣਾ ਗਲਤ ਹੈ, ਜਿਸ ਨਾਲ ਉਨ੍ਹਾਂ ਦੇ ਮਨ ਵਿੱਚ ਗਲਤ ਧਾਰਨਾਵਾਂ ਬਣ ਸਕਦੀਆਂ ਹਨ। ਇਹ ਲੋਕਾਂ ਦਾ ਨਿਆਂਪਾਲਿਕਾ ਤੋਂ ਭਰੋਸਾ ਖਤਮ ਕਰ ਸਕਦਾ ਹੈ। ਸੁਪਰੀਮ ਕੋਰਟ ਨੇ ਐੱਨ ਸੀ ਈ ਆਰ ਟੀ ਅਤੇ ਕੇਂਦਰ/ਸੂਬਿਆਂ ਦੇ ਸਿੱਖਿਆ ਵਿਭਾਗਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਯਕੀਨੀ ਬਣਾਉਣ ਕਿ ਇਸ ਕਿਤਾਬ ਦੀ ਕੋਈ ਵੀ ਕਾਪੀ (ਹਾਰਡ ਕਾਪੀ ਜਾਂ ਇੰਟਰਨੈੱਟ 'ਤੇ) ਜਨਤਕ ਤੌਰ 'ਤੇ ਉਪਲੱਬਧ ਨਾ ਰਹੇ।

ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸਿੱਖਿਆ ਮੰਤਰਾਲੇ ਵੱਲੋਂ ਬਿਨਾਂ ਸ਼ਰਤ ਮੁਆਫੀ ਮੰਗੀ, ਪਰ ਚੀਫ ਜਸਟਿਸ ਇਸ ਤੋਂ ਸੰਤੁਸ਼ਟ ਨਹੀਂ ਹੋਏ। ਉਨ੍ਹਾ ਕਿਹਾ ਕਿ ਐੱਨ ਸੀ ਈ ਆਰ ਟੀ ਦੀ ਚਿੱਠੀ ਵਿੱਚ ਅਸਲ ਮੁਆਫੀ ਦੀ ਬਜਾਏ ਅਧਿਆਏ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਕਾਰਵਾਈ ਜਾਇਜ਼ ਆਲੋਚਨਾ

• ਬਾਕੀ ਸਫਾ 10 'ਤੇ

## ਵਟਸਐਪ ਨੰਬਰ ਵਾਲਾ ਸਿਮ ਕਾਰਡ ਹੁਣ ਜ਼ਰੂਰੀ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਿਮ ਬਾਈਂਡਿੰਗ ਦੇ ਨਿਯਮਾਂ ਨੂੰ ਲਾਗੂ ਕਰਨ ਲਈ ਦਿੱਤੀ ਗਈ 28 ਫਰਵਰੀ ਦੀ ਆਖਰੀ ਤਰੀਕ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ। ਨਵੇਂ ਨਿਯਮਾਂ ਅਨੁਸਾਰ 1 ਮਾਰਚ ਤੋਂ ਤੁਹਾਡੇ ਮੋਬਾਇਲ ਵਿੱਚ ਉਹ ਸਿਮ ਕਾਰਡ ਹੋਣਾ ਲਾਜ਼ਮੀ ਹੋਵੇਗਾ, ਜਿਸ ਨੰਬਰ 'ਤੇ ਤੁਹਾਡਾ ਵਟਸਐਪ ਜਾਂ ਹੋਰ ਐਪ ਚੱਲ ਰਿਹਾ ਹੈ। ਜੇ ਫੋਨ ਵਿੱਚ ਸਿਮ ਕਾਰਡ ਨਹੀਂ ਹੋਵੇਗਾ ਤਾਂ ਵਟਸਐਪ, ਟੈਲੀਗ੍ਰਾਮ, ਸਿਗਨਲ, ਸਨੈਪਚੈਟ, ਸ਼ੇਅਰਚੈਟ ਅਤੇ ਜੀਓਚੈਟ ਵਰਗੇ ਮੈਸੇਜਿੰਗ ਐਪਸ ਕੰਮ ਕਰਨਾ ਬੰਦ ਕਰ ਦੇਣਗੇ। ਇਸ ਦਾ ਮਤਲਬ ਹੈ ਕਿ ਹੁਣ ਤੁਸੀਂ ਸਿਰਫ ਵਾਈ-ਫਾਈ ਦੀ ਵਰਤੋਂ ਕਰਕੇ ਬਿਨਾਂ ਸਿਮ ਵਾਲੇ ਫੋਨ 'ਤੇ ਇਹ ਐਪਸ ਨਹੀਂ ਚਲਾ ਸਕੋਗੇ।

ਨਵੇਂ ਨਿਯਮਾਂ ਦਾ ਅਸਰ ਕੰਪਿਊਟਰ ਜਾਂ ਲੈਪਟਾਪ 'ਤੇ ਵਟਸਐਪ ਵਰਤਣ ਵਾਲੇ ਲੋਕਾਂ 'ਤੇ ਵੀ ਪਵੇਗਾ। ਹੁਣ ਕੰਪਿਊਟਰ 'ਤੇ ਲਾਗਇਨ ਕੀਤਾ ਹੋਇਆ ਵਟਸਐਪ ਹਰ 6 ਘੰਟੇ

• ਬਾਕੀ ਸਫਾ 10 'ਤੇ

## ਹਵਾਈ ਟਿਕਟ 48 ਘੰਟਿਆਂ 'ਚ ਰੱਦ ਕਰਾਉਣ 'ਤੇ ਵਾਧੂ ਫੀਸ ਨਹੀਂ ਲੱਗੇਗੀ

**ਨਵੀਂ ਦਿੱਲੀ** : ਹਵਾਈ ਯਾਤਰੀਆਂ ਨੂੰ ਰਾਹਤ ਦਿੰਦਿਆਂ ਭਾਰਤੀ ਹਵਾਬਾਜ਼ੀ ਰੈਗੂਲੇਟਰੀ ਨੇ ਏਅਰਲਾਈਨਾਂ ਲਈ ਟਿਕਟ ਰਿਫੰਡ ਦੇ ਨਿਯਮਾਂ ਵਿੱਚ ਸੋਧ ਕੀਤੀ ਹੈ। ਹੁਣ ਕੁਝ ਸ਼ਰਤਾਂ ਅਧੀਨ ਯਾਤਰੀ ਟਿਕਟ ਬੁੱਕ ਕਰਨ ਦੇ 48 ਘੰਟਿਆਂ ਅੰਦਰ ਬਿਨਾਂ ਕੋਈ ਵਾਧੂ ਫੀਸ ਦਿੱਤੇ ਆਪਣੀ ਟਿਕਟ ਕੈਂਸਲ ਕਰ ਸਕਦੇ ਹਨ ਜਾਂ ਉਸ ਵਿੱਚ ਬਦਲਾਅ ਕਰ ਸਕਦੇ ਹਨ।

ਜੇ ਟਿਕਟ ਸਿੱਧੀ ਏਅਰਲਾਈਨ ਦੀ ਵੈੱਬਸਾਈਟ ਤੋਂ ਬੁੱਕ ਕੀਤੀ ਗਈ ਹੈ ਅਤੇ ਬੁਕਿੰਗ ਦੇ 24 ਘੰਟਿਆਂ ਦੇ ਅੰਦਰ ਯਾਤਰੀ ਆਪਣੇ ਨਾਂਅ ਦੀ ਗਲਤੀ ਸੁਧਾਰਨ ਲਈ ਕਹਿੰਦਾ ਹੈ, ਤਾਂ ਏਅਰਲਾਈਨ ਇਸ ਲਈ ਕੋਈ ਵਾਧੂ ਚਾਰਜ ਨਹੀਂ ਲਵੇਗੀ।

ਇਸ ਤੋਂ ਇਲਾਵਾ ਜੇ ਟਿਕਟ ਕਿਸੇ ਟਰੈਵਲ ਏਜੰਟ ਜਾਂ ਪੋਰਟਲ ਰਾਹੀਂ ਲਈ ਗਈ ਹੈ, ਤਾਂ ਵੀ ਰਿਫੰਡ ਦੀ ਜ਼ਿੰਮੇਵਾਰੀ ਏਅਰਲਾਈਨ ਦੀ ਹੋਵੇਗੀ। ਏਅਰਲਾਈਨਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਰਿਫੰਡ ਦੀ ਪ੍ਰਕਿਰਿਆ 14 ਕੰਮਕਾਜੀ ਦਿਨਾਂ ਦੇ ਅੰਦਰ ਪੂਰੀ ਹੋ ਜਾਵੇ। ਕਿਸੇ ਮੈਡੀਕਲ ਐਮਰਜੈਂਸੀ ਕਾਰਨ ਟਿਕਟ ਕੈਂਸਲ ਕਰਵਾਉਣ ਦੇ ਨਿਯਮਾਂ ਵਿੱਚ ਵੀ ਬਦਲਾਅ ਕੀਤੇ ਗਏ ਹਨ।

ਏਅਰਲਾਈਨਾਂ ਨੂੰ ਯਾਤਰੀਆਂ ਨੂੰ 48 ਘੰਟਿਆਂ ਲਈ 'ਲੁੱਕ-ਇਨ ਆਪਸ਼ਨ' ਦੇਣ ਲਈ ਕਿਹਾ ਗਿਆ ਹੈ। ਜੇ

• ਬਾਕੀ ਸਫਾ 10 'ਤੇ



## ਮੁਲਾਜ਼ਮਾਂ ਦੀ ਕਨਵੈਨਸ਼ਨ 'ਚ ਵੱਡਾ ਸੰਘਰਸ਼ ਉਲੀਕਣ ਦਾ ਸੱਦਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜਥੇਬੰਦੀ ਮੁਲਾਜ਼ਮ ਯੂਨਾਈਟਿਡ ਔਰਗੇਨਾਈਜੇਸ਼ਨ ਸਰਕਲ ਬਠਿੰਡਾ ਦੀ ਲੜੀ ਵਾਰ ਕਨਵੈਨਸ਼ਨ ਰੋਜ਼ ਗਾਰਡਨ ਬਠਿੰਡਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਪਾਵਰਕੌਮ ਦੀਆਂ ਡਵੀਜ਼ਨਾਂ ਦੇ ਮੁਲਾਜ਼ਮਾਂ ਤੋਂ ਇਲਾਵਾ ਸੂਬਾ ਪ੍ਰਧਾਨ ਬਲਕੌਰ ਸਿੰਘ ਮਾਨ, ਸੂਬਾ ਆਗੂ ਹਿਤੇਸ਼ ਕੁਮਾਰ ਜਨਰਲ ਸਕੱਤਰ, ਗੁਰਰਾਜ ਸਿੰਘ ਫਾਜ਼ਿਲਕਾ ਸੂਬਾ ਪ੍ਰੈੱਸ ਸਕੱਤਰ, ਹਰਜਿੰਦਰ ਸਿੰਘ ਰੂੜਕੇ ਸਹਾਇਕ ਸਕੱਤਰ,ਕੁਲਦੀਪ ਮਾਨਕ ਸੂਬਾ ਆਗੂ ਸੂਬਾ ਵਰਕਿੰਗ ਕਮੇਟੀ ਮੈਂਬਰ ਨਰਿੰਦਰ ਸੰਧੂ, ਸੂਬਾ ਬੁਲਾਰਾ ਹਰਦੀਪ ਸਿੰਘ ਮਾਨਸਾ ਅਤੇ ਸੂਬਾ ਵਰਕਿੰਗ ਕਮੇਟੀ ਮੈਂਬਰ ਜਸਪਾਲ ਸਿੰਘ ਧੀਮਾਨ ਸਮੇਤ ਹੋਰ ਮੁਲਾਜ਼ਮ ਪੁੱਜੇ ਜਿਨ੍ਹਾਂ ਨੂੰ ਸੂਬਾ ਕੈਸ਼ੀਅਰ ਜਗਜੀਤ ਸਿੰਘ ਢਿੱਲੋਂ ਬਠਿੰਡਾ ਵੱਲੋਂ ਜੀ ਆਇਆਂ ਕਿਹਾ ਗਿਆ। ਵੱਖ ਵੱਖ ਆਗੂਆਂ ਵੱਲੋਂ ਲਟਕਦੀਆ ਮੰਗਾਂ ਤੇ ਮਸਲਿਆਂ ਬਾਰੇ ਚਾਨਣਾ ਪਾਇਆ ਗਿਆ ਤੇ ਵੱਡਾ ਸੰਘਰਸ਼ ਉਲੀਕਨ ਦਾ ਸੱਦਾ ਦਿੱਤਾ।

## ਸਮਾਜ ਸੇਵੀ ਰਣਜੀਤ ਸਿੰਘ ਸ਼ੀਤਲ ਦੀ ਸ਼ਲਾਘਾ



**ਦਿੜ੍ਹਬਾ (ਜਸਵੀਰ ਲਾਡੀ)**-ਸਹਾਇਤਾ ਕੰਪਿਊਟਰ ਟਰੇਨਿੰਗ ਸੈਂਟਰ ਦਿੜ੍ਹਬਾ ਵਿਖੇ ਕੰਪਿਊਟਰ ਅਤੇ ਸਟੈਨੋਗਰਾਫੀ ਦੀ ਕੋਚਿੰਗ ਲੈ ਰਹੀਆਂ ਹੋਣਹਾਰ ਵਿਦਿਆਰਥਣਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸਮਾਜ ਸੇਵੀ ਇੰਦਰਜੀਤ ਸਿੰਘ ਸ਼ਰਮਾਂ ਨੇ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੇ ਰਣਜੀਤ ਸਿੰਘ ਸ਼ੀਤਲ ਵੱਲੋਂ ਸਹਾਇਤਾ ਸੰਸਥਾ ਇੰਡੀਆ ਯੂ ਐਸ ਏ ਰਾਹੀਂ ਜੋ ਕਾਰਜ ਕੀਤੇ ਜਾ ਰਹੇ ਹਨ, ਉਹ ਬਹੁਤ ਹੀ ਸ਼ਲਾਘਾਯੋਗ ਹਨ। ਉਹਨਾਂ ਦੱਸਿਆ ਕਿ ਰਣਜੀਤ ਸਿੰਘ ਸ਼ੀਤਲ ਦੀ ਮਿਹਨਤ ਸਦਕਾ ਮੇਰੀ ਬੇਟੀ ਇੱਥੋਂ ਕੰਪਿਊਟਰ ਦੀ ਟਰੇਨਿੰਗ ਲੈ ਕੇ ਆਸਟਰੇਲੀਆਂ ਵਿੱਚ ਚੰਗੇ ਕੰਮ 'ਤੇ ਨੌਕਰੀ ਕਰ ਰਹੀ ਹੈ।ਇਸ ਤੋਂ ਇਲਾਵਾ ਇਹਨਾਂ ਵੱਲੋਂ ਇਲਾਕੇ ਦੀਆਂ ਸੈਂਕੜੇ ਹੋਰ ਲੜਕੀਆਂ ਨੂੰ ਵੀ ਕੰਪਿਊਟਰ ਦੀ ਕੋਚਿੰਗ ਦੇ ਕੇ ਸਮੇਂ ਦੇ ਹਾਣ ਦਾ ਕੀਤਾ ਹੈ ਅਤੇ ਬਹੁਤ ਸਾਰੀਆਂ ਲੜਕੀਆਂ ਸਰਕਾਰੀ ਅਤੇ ਗੈਰ ਸਰਕਾਰੀ ਨੌਕਰੀ ਕਰ ਰਹੀਆਂ ਹਨ।ਇਸ ਮੌਕੇ ਕਾਮਰੇਡ ਜਸਵਿੰਦਰ ਸਿੰਘ ਖੇੜੀ ਨਗਾਈਆ ਨੇ ਕਿਹਾ ਕਿ ਰਣਜੀਤ ਸਿੰਘ ਸ਼ੀਤਲ ਸਮਾਜ ਸੇਵੀ ਕੰਮਾਂ ਕਰਕੇ ਇਲਾਕੇ ਵਿੱਚ ਕਿਸੇ ਵੀ ਜਾਣ ਪਛਾਣ ਦੇ ਮੁਥਾਜ ਨਹੀਂ ਹਨ।

## ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ ਦੀ ਐਲੂਮਨੀ ਮੀਟ ਸੰਬੰਧੀ ਪੋਸਟਰ ਜਾਰੀ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਸਿਰੀ ਚੰਦ ਜੀ ਸਰਕਾਰੀ ਕਾਲਜ ਸਰਦਰਗੜ੍ਹ ਦੇ ਸਾਬਕਾ ਵਿਦਿਆਰਥੀਆਂ ਵੱਲੋਂ 7 ਮਾਰਚ ਨੂੰ ਐਲੂਮਨੀ ਮੀਟ ਕਰਵਾਈ ਜਾ ਰਹੀ ਹੈ।ਕਾਲਜ ਦੇ ਕਾਰਜਕਾਰੀ ਪ੍ਰਿੰ. ਜਸਪ੍ਰੀਤ ਸਿੰਘ ਬਰਾੜ ਨੇ ਐਲੂਮਨੀ ਮੀਟ ਦਾ ਅਧਿਕਾਰਤ ਪੋਸਟਰ ਜਾਰੀ ਕੀਤਾ।ਇਸ ਮੌਕੇ ਪ੍ਰਿੰ. ਜਸਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਐਲੂਮਨੀ ਮੀਟ ਦਾ ਮੁੱਖ ਉਦੇਸ਼ ਪੁਰਾਣੇ ਵਿਦਿਆਰਥੀਆਂ ਨੂੰ ਇੱਕ ਮੰਚ 'ਤੇ ਇਕੱਠਾ ਕਰਨਾ ਹੈ ਤਾਂ ਜੋ ਉਹ ਆਪਣੇ ਤਜਰਬੇ ਮੌਜੂਦਾ ਵਿਦਿਆਰਥੀਆਂ ਨਾਲ ਸਾਂਝੇ ਕਰ ਸਕਣ ਅਤੇ ਕਾਲਜ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਣ। ਇਸ ਮੌਕੇ ਸਾਬਕਾ ਵਿਦਿਆਰਥੀ ਕੰਵਰਜੀਤ ਸਿੰਘ ਕੰਗ, ਐਡਵੋਕੇਟ ਕੁਲਦੀਪ ਜਿੰਦਲ, ਮਾਧੋ ਦਾਸ ਸਿੰਘ, ਯਾਦਵਿੰਦਰ ਔਲਖ ਗੁਰੂਸਰ, ਹਰਜਿੰਦਰ ਸਿੰਘ ਤੋਂ ਇਲਾਵਾ ਕਾਰਜਕਾਰੀ ਪ੍ਰਿੰ. ਜਸਪ੍ਰੀਤ ਸਿੰਘ ਬਰਾੜ, ਡਾ.ਅਮਨਦੀਪ ਕੌਰ ਗੁਰਨਾ, ਪ੍ਰੋ. ਰਣਵੀਰ ਕੌਰ, ਪ੍ਰੋ. ਗਗਨਦੀਪ ਸਿੰਘ, ਡਾ.ਰਮਨਦੀਪ ਕੌਰ, ਪ੍ਰੋ.ਸੁਮਨ ਬਾਲਾ, ਡਾ. ਵੀਰਪਾਲ ਕੌਰ, ਡਾ.ਕੁਲਵਿੰਦਰ ਕੌਰ ਗਿੱਲ, ਪ੍ਰੋ. ਮਨਜੋਤ ਮਾਨ, ਸੁਖਯਾਦਵਿੰਦਰ ਸਿੰਘ, ਦੀਪਾ ਅਤੇ ਹਰਮੀਤ ਸਿੰਘ ਆਦਿ ਹਾਜ਼ਰ ਸਨ।

## ਰੈਲੀ ਦੀਆਂ ਤਿਆਰੀਆਂ ਲਈ ਵਰਕਰਾਂ ਦੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸੱਪਲ)**-ਬਰਨਾਲਾ ਦੀ ਧਰਤੀ 'ਤੇ 28 ਫਰਵਰੀ 2026 ਨੂੰ ਹੋਣ ਜਾ ਰਹੀ ਇਤਿਹਾਸਕ 'ਮਨਰੇਗਾ ਬਚਾਓ ਸੰਗਰਾਮ' ਮਹਾਂ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਹਲਕਾ ਮਹਿਲ ਕਲਾਂ ਵਿਖੇ ਸੀਨੀਅਰ ਕਾਂਗਰਸੀ ਆਗੂ ਹਰਦਿਆਲ ਸਿੰਘ ਕੰਬੋਜ, ਹਲਕਾ ਬਰਨਾਲਾ ਦੇ ਵਿਧਾਇਕ ਕਾਲਾ ਢਿੱਲੋਂ ਅਤੇ ਹਲਕਾ ਕੋਆਰਡੀਨੇਟਰ ਰਾਜਿੰਦਰ ਦੀਪਾ ਵੱਲੋਂ ਬਲਾਕ ਪ੍ਰਧਾਨ ਪਰਮਜੀਤ ਸਿੰਘ ਸ਼ੰਮੀ ਤੇ ਜਸਮੇਲ ਸਿੰਘ ਬੜੀ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੌਰਾਨ ਰੈਲੀ ਦੇ ਪ੍ਰਬੰਧਾਂ ਅਤੇ ਲੋਕਾਂ ਦੀ ਸ਼ਮੂਲੀਅਤ ਨੂੰ ਲੈ ਕੇ ਰੂਪ-ਰੇਖਾ ਉਲੀਕੀ ਗਈ।ਦੀਪਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਹਲਕਾ ਮਹਿਲ ਕਲਾਂ ਦੇ ਪਿੰਡਾਂ ਤੋਂ ਵੱਧ ਤੋਂ ਵੱਧ ਗਿਣਤੀ ਵਿੱਚ ਲੋਕਾਂ ਨੂੰ ਲਿਜਾਣ ਲਈ ਪਾਰਟੀ ਵਰਕਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਈਆਂ ਗਈਆਂ ਹਨ।

## ਦੇਸ਼ ਭਗਤ 'ਵਰਸਿਟੀ ਵਿਖੇ ਮਾਡਲ ਪ੍ਰਦਰਸ਼ਨੀ ਲਗਾਈ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਨਰਸਿੰਗ ਨੇ ਪ੍ਰਿੰਸੀਪਲ ਡਾ. ਲਵਸੰਪੂਰਨਜੋਤ ਕੌਰ ਦੀ ਯੋਗ ਅਗਵਾਈ, ਪ੍ਰੋ. ਸੁਖਵਿੰਦਰ ਕੌਰ ਅਤੇ ਡਿਪਟੀ ਡਾਇਰੈਕਟਰ ਡਾ. ਪ੍ਰਭਜੋਤ ਸਿੰਘ ਦੇ ਮਾਰਗਦਰਸ਼ਨ ਹੇਠ ਸਰੀਰ ਵਿਗਿਆਨ 'ਤੇ ਇੱਕ ਮਾਡਲ ਪ੍ਰਦਰਸ਼ਨੀ ਲਗਾਈ ਜਿਸ ਵਿੱਚ ਬੀ ਐਸ ਸੀ. ਨਰਸਿੰਗ ਪਹਿਲੇ ਸਮੈਸਟਰ ਅਤੇ ਜੀ.ਐਨ.ਐਮ ਪਹਿਲੇ ਸਾਲ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ, ਨਵੀਨਤਾਕਾਰੀ ਅਤੇ ਜਾਣਕਾਰੀ ਭਰਪੂਰ ਕਾਰਜਸ਼ੀਲ ਮਾਡਲ ਪੇਸ਼ ਕੀਤੇ ਜੋ ਵੱਖ-ਵੱਖ ਸਰੀਰ ਵਿਗਿਆਨਕ ਬਣਤਰਾਂ ਅਤੇ ਸਰੀਰਕ ਪ੍ਰਕਿਰਿਆਵਾਂ ਦੀ ਆਪਣੀ ਸਮਝ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਦੇ ਸਨ।ਪ੍ਰਦਰਸ਼ਨੀ ਨੇ ਵਿਦਿਆਰਥੀਆਂ ਨੂੰ ਸਿਧਾਂਤਕ ਗਿਆਨ ਨੂੰ ਵਿਹਾਰਕ ਉਪਯੋਗ ਨਾਲ ਜੋੜਨ ਲਈ ਇੱਕ ਕੀਮਤੀ ਪਲੇਟਫਾਰਮ ਪ੍ਰਦਾਨ ਕੀਤਾ, ਜਿਸ ਨਾਲ ਉਨ੍ਹਾਂ ਦੇ ਅਕਾਦਮਿਕ ਸਿੱਖਣ ਦੇ ਅਨੁਭਵ ਵਿੱਚ ਵਾਧਾ ਹੋਇਆ। ਇਸ ਪ੍ਰਦਰਸ਼ਨੀ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ ਜ਼ੋਰਾ ਸਿੰਘ; ਡਾ. ਤਜਿੰਦਰ ਕੌਰ ਪ੍ਰੋ-ਚਾਂਸਲਰ ਅਤੇ ਡਾ. ਹਰਸ਼ ਸਦਾਵਰਤੀ ਵਾਈਸ ਚਾਂਸਲਰ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਵਿਗਿਆਨਕ ਪਹੁੰਚ ਦੀ ਸ਼ਲਾਘਾ ਕੀਤੀ।

## ਬੁੱਢਣਪੁਰ 'ਚ ਕਾਂਗਰਸ ਦਾ ਸਫ਼ਾਇਆ, ਸੈਂਕੜੇ ਪਰਵਾਰ 'ਆਪ' 'ਚ ਸ਼ਾਮਲ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਵਿੱਚ ਵਿਰੋਧੀ ਪਾਰਟੀਆਂ ਨੂੰ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਾ, ਜਦੋਂ ਪਿੰਡ ਬੁੱਢਣਪੁਰ ਦੇ ਮੌਜੂਦਾ ਸਰਪੰਚ ਅਤੇ ਪੂਰੀ ਪੰਚਾਇਤ ਨੇ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ।ਦੱਸਣਯੋਗ ਹੈ ਕਿ ਹਰਪ੍ਰੀਤ ਸਿੰਘ ਘੁੰਮਣ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਸਰਪੰਚ ਰਿਸ਼ੀ ਕਲੋਨੀ ਬਲਾਕ ਪ੍ਰਧਾਨ, ਸਤਪਾਲ ਸਿੰਘ ਨੂਰਖੇੜੀਆ ਦੀ ਸਾਂਝੀ ਅਗਵਾਈ 'ਚ ਸ਼ਾਮਲ ਹੋਏ ਸੈਂਕੜੇ ਪਰਵਾਰਾਂ ਨੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਾਰਜਸ਼ੈਲੀ 'ਤੇ ਮੋਹਰ ਲਾਉਂਦਿਆਂ ਆਪ ਨਾਲ ਖੜਨ ਦਾ ਫੈਸਲਾ ਕੀਤਾ। ਜਿਸ ਮੌਕੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਸ਼ਾਮਲ ਹੋਏ ਸਾਥੀਆਂ ਤੇ ਪਰਵਾਰਾਂ ਨੂੰ ਸਿਰੋਪਾਓ ਦੇ ਕੇ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ। ਹਡਾਣਾ ਨੇ ਕਿਹਾ ਕਿ ਇਹ ਇਕੱਠ ਸਾਬਤ ਕਰਦਾ ਹੈ ਕਿ ਲੋਕ ਹੁਣ ਸਿਰਫ਼ ਖੋਖਲੇ ਦਾਅਵਿਆਂ ਤੋਂ ਅੱਕ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੁੱਢਣਪੁਰ ਦੇ ਨਿਵਾਸੀਆਂ ਨੇ ਕਾਂਗਰਸ ਦੇ ਉਸ ਹੰਕਾਰ ਨੂੰ ਤੋੜਿਆ ਹੈ, ਜਿਸ ਨੇ ਦਹਾਕਿਆਂ ਤੱਕ ਪਿੰਡਾਂ ਨੂੰ ਵਿਕਾਸ ਤੋਂ ਵਾਂਝੇ ਰੱਖਿਆ।ਹੁਣ ਲੋਕਾਂ ਨੂੰ ਪਤਾ ਹੈ ਕਿ ਕਿਹੜੀ ਸਰਕਾਰ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਲਈ ਕੰਮ ਕਰ ਰਹੀ ਹੈ।ਹਡਾਣਾ ਨੇ ਅੱਗੇ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਹਲਕਾ ਸਨੌਰ ਦੇ ਪਿੰਡਾਂ ਦੀ ਨੁਹਾਰ ਬਦਲਣੀ ਸ਼ੁਰੂ ਹੋ ਗਈ ਹੈ।ਸੜਕਾਂ, ਸਿੱਖਿਆ ਤੇ ਸਿਹਤ ਸਹੂਲਤਾਂ ਵਿੱਚ ਹੋ ਰਿਹਾ ਸੁਧਾਰ ਹੀ ਅੱਜ ਲੋਕਾਂ ਨੂੰ ਸਾਡੇ ਨਾਲ ਜੋੜ ਰਿਹਾ ਹੈ।

# ਸਰਕਾਰ ਬਿਨਾਂ ਤਨਖਾਹ ਕੱਟੇ ਸਿੱਖਿਆ ਵਿਭਾਗ 'ਚ ਸੇਵਾਵਾਂ ਰੈਗੂਲਰ ਕਰੇ : ਪਾਇਲਟ, ਪੁਆਰੀ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਪਿਛਲੇ ਲਗਭਗ 20 ਸਾਲਾਂ ਤੋਂ ਸਰਵ ਸਿੱਖਿਆ ਅਭਿਆਨ, ਰਮਸਾ ਤੇ ਸਮੱਗਰਾ ਸਿੱਖਿਆ ਅਭਿਆਨ ਤਹਿਤ ਕੰਮ ਕਰਦੇ ਦਫਤਰੀ ਕਰਮਚਾਰੀ ਆਪਣੀਆਂ ਸੇਵਾਵਾਂ ਸਿੱਖਿਆ ਵਿਭਾਗ ਪੰਜਾਬ ਵਿੱਚ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਸਨ।ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦਫਤਰੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਇਹ ਵਾਅਦਾ ਲਗਭਗ ਸਵਾ 4 ਸਾਲ ਦਾ ਸਮਾਂ ਲੰਘ ਜਾਣ 'ਤੇ ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਵਾਂਗ ਹਰ ਕਰਮਚਾਰੀ ਦੀ ਲਗਭਗ 22000 ਰੁਪਏ ਮਹੀਨਾ ਤਨਖਾਹ ਦੀ ਕਟੌਤੀ ਕਰਕੇ ਪੂਰਾ ਕੀਤਾ ਜਾ ਰਿਹਾ ਹੈ।ਦਫਤਰੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਪਿਛਲੇ ਦਿਨੀਂ ਪੰਜਾਬ ਮੰਤਰੀ ਮੰਡਲ ਦੀ ਪ੍ਰਵਾਨਗੀ ਅਨੁਸਾਰ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ 23 ਸਤੰਬਰ 2025 ਨੂੰ ਜਾਰੀ ਕੀਤਾ ਗਿਆ ਹੈ।ਇਸ 'ਤੇ ਟਿੱਪਣੀ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਬਲਕਾਰ ਵਲਟੋਹਾ, ਪ੍ਰੇਮ ਚਾਵਲਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ, ਸਰਪ੍ਰਸਤ ਚਰਨ ਸਿੰਘ ਸਰਾਭਾ, ਵਿੱਤ ਸਕੱਤਰ ਨਵੀਨ ਸਚਦੇਵਾ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ, ਜ਼ਿਲ੍ਹਾ ਪ੍ਰਧਾਨ ਪ੍ਰਮਿੰਦਰਪਾਲ ਸਿੰਘ ਕਾਲੀਆ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਫੈਸਲਾ ਕਰਕੇ ਇੱਕ ਚੰਗਾ ਕਦਮ ਤਾਂ ਪੁੱਟਿਆ ਹੈ, ਪਰ ਨਾਲ ਹੀ ਇਸ ਗੱਲ ਦੀ ਸਖਤ ਆਲੋਚਨਾ ਕੀਤੀ ਕਿ ਇਹ ਦਫਤਰੀ ਮੁਲਾਜ਼ਮ ਪਿਛਲੇ ਲਗਭਗ 20 ਸਾਲਾਂ ਤੋਂ ਸੇਵਾਵਾਂ ਨਿਭਾਅ ਰਹੇ ਹਨ।ਇਨ੍ਹਾਂ ਮੁਲਾਜ਼ਮਾਂ ਦੀ ਤਨਖਾਹ ਕਟੌਤੀ ਕਰਨਾ ਤੇ ਇਨ੍ਹਾਂ ਨਾਨ-ਟੀਚਿੰਗ ਕਰਮਚਾਰੀਆਂ 'ਤੇ ਸੱਤਵਾਂ ਤਨਖਾਹ ਕਮਿਸ਼ਨ ਲਾਗੂ ਕਰਨਾ ਕਿਸੇ ਵੀ ਤਰ੍ਹਾਂ ਵਾਜਿਬ ਨਹੀਂ ਹੈ। ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਮੁਲਾਜ਼ਮਾਂ ਵਾਂਗ ਬਣਦੇ ਭੱਤੇ ਤੇ ਪੂਰੀ ਤਨਖਾਹ ਸਮੇਤ ਰੈਗੂਲਰ ਕੀਤਾ ਜਾਵੇ।ਇਸ ਸਮੇਂ ਜਗਮੇਲ ਸਿੰਘ ਪੱਖੋਵਾਲ, ਬਲਵੀਰ ਸਿੰਘ ਕੰਗ, ਸਤਵਿੰਦਰ ਪਾਲ ਸਿੰਘ ਦੋਰਾਹਾ, ਕੁਲਦੀਪ ਸਿੰਘ ਪੱਖੋਵਾਲ ਪ੍ਰਧਾਨ, ਪ੍ਰਿੰਸੀਪਲ ਜਗਦੀਸ਼ ਸਿੰਘ, ਕ੍ਰਿਸ਼ਨ ਲਾਲ ਸਮੇਤ ਆਗੂ ਹਾਜ਼ਰ ਸਨ।

## ਅਕਾਲੀ ਦਲ ਦੇ ਜੁਝਾਰੂ ਵਰਕਰ ਜਸਵਿੰਦਰ ਬਿੱਟੂ ਦਾ ਦਿਹਾਂਤ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰ ਜਸਵਿੰਦਰ ਸਿੰਘ ਬਿੱਟੂ, ਜੋਕਿ ਆਪਣੇ ਭਰਾਵਾਂ ਤੇ ਪਿਤਾ ਅਮਰ ਸਿੰਘ ਲਾਹੌਰੀਆ ਨੂੰ ਸਦਾ ਲਈ ਅਲਵਿਦਾ ਕਹਿ ਗਏ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਵੀ ਵੱਡਾ ਘਾਟਾ ਪਿਆ ਹੈ, ਕਿਉਂਕਿ ਉਹ ਪਾਰਟੀ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰਦੇ ਸਨ ਤੇ ਪਾਰਟੀ ਦੇ ਜ਼ਿਲ੍ਹਾ ਯੂਥ ਪ੍ਰਧਾਨ ਸਤਨਾਮ ਸਿੰਘ ਰੱਤੋਕੇ ਦੇ ਚਾਚਾ ਜੀ ਸਨ।ਉਨ੍ਹਾਂ ਦੀ ਮੌਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ, ਪੀ ਏ ਸੀ ਮੈਂਬਰ ਹਰਜੀਤ ਸਿੰਘ ਸਜੂਮਾ, ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਹਰਪਾਲ ਕੌਰ, ਪੀ ਏ ਸੀ ਮੈਂਬਰ ਬਹਾਦਰ ਸਿੰਘ ਭਸੌੜ, ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ ਲੌਂਗੋਵਾਲ, ਗੁਰਪ੍ਰੀਤ ਸਿੰਘ ਦੁੱਗਾਂ ਨੇ ਦੁੱਖ ਪ੍ਰਗਟ ਕਰਦੇ ਹੋਏ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਜਿੰਮ ਦਾ ਸਾਮਾਨ ਦਿੱਤਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਵੱਲੋਂ ਜਿਨ੍ਹਾਂ ਨੇ ਪਿੰਡ ਬੋਡੇ ਦੀ ਆਮ ਆਦਮੀ ਪਾਰਟੀ ਦੀ ਟੀਮ ਦੀ ਅਗਵਾਈ ਵਿੱਚ ਨੌਜਵਾਨਾਂ ਲਈ ਜਿੰਮ ਲਈ ਗ੍ਰਾਂਟ ਜਾਰੀ ਕੀਤੀ, ਜਿਸ ਦਾ ਸਮਾਨ ਅੱਜ ਨੌਜਵਾਨਾਂ ਨੂੰ ਦਿੱਤਾ। ਇਸ ਮੌਕੇ ਰਣਧੀਰ ਸਿੰਘ ਬਲਾਕ ਪ੍ਰਧਾਨ ਤੇ 'ਆਪ' ਆਗੂ ਹਰਿੰਦਰ ਸਿੰਘ ਖਾਲਸਾ, ਤਰਸੇਮ ਸਿੰਘ, ਲਖਵੀਰ ਸਿੰਘ, ਮੇਵਾ ਸਿੰਘ, ਹੈਪੀ ਮੈਂਬਰ, ਕੁਲਦੀਪ ਸਿੰਘ, ਜਗਦੇਵ ਸਿੰਘ, ਜਗਸੀਰ ਮੈਂਬਰ, ਪਿੰਦਰ ਬੋਡੇ, ਕਰਮਾ ਬੋਡੇ, ਚਰਨਜੀਤ ਸਿੰਘ, ਮਨਦੀਪ ਸਿੰਘ ਯੂਥ ਪ੍ਰਧਾਨ, ਗੁਰਪ੍ਰੀਤ ਸਿੰਘ ਸੁਸਾਇਟੀ ਮੈਂਬਰ, ਜਗਜੀਤ ਮੈਂਬਰ ਤੇ ਸਰਜੀ ਬੋਡੇ ਆਦਿ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਭੁਚਾਲ ਤੋਂ ਬਚਣ ਦੇ ਉਪਾਅ ਦੱਸੇ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੂੰ ਭੂਚਾਲ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ। ਭੂਚਾਲ ਇੱਕ ਐਸੀ ਕੁਦਰਤ ਦੀ ਆਫਤ ਹੈ, ਜਿਸ ਬਾਰੇ ਪਹਿਲਾਂ ਪਤਾ ਨਹੀਂ ਲੱਗਦਾ।ਖੋਜਾਂ ਤੋਂ ਬਾਅਦ ਭੂਚਾਲ ਆਉਣ ਦਾ ਕਾਰਨ ਇਹ ਮੰਨਿਆ ਗਿਆ ਹੈ ਕਿ ਜ਼ਮੀਨ ਦੀ ਤਹਿ ਜੋ ਹੇਠਾਂ ਹੈ, ਉਹ ਸਖਤ ਸਲੈਬਾਂ ਦੀ ਬਣੀ ਹੋਈ ਹੈ।ਇਨ੍ਹਾਂ ਹੇਠਲੀਆਂ ਸਲੈਬਾਂ ਨੂੰ ਟੈਕਨੋਟਿਕ ਪਲੇਟਾਂ ਵੀ ਕਹਿੰਦੇ ਹਨ।ਇਹ ਪਲੇਟਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ, ਜੋ ਉੱਪਰ ਥੱਲੇ ਹਰਕਤ ਕਰਦੀਆਂ ਰਹਿੰਦੀਆਂ ਹਨ।ਉਨ੍ਹਾਂ ਅੰਦਰ ਆਪਸੀ ਦਬਾਅ ਇੱਕ ਜਗ੍ਹਾ ਤੋਂ ਹਿੱਲ ਜਾਂ ਟੁੱਟ ਜਾਣ ਕਾਰਨ ਵੱਧ ਜਾਂਦਾ ਹੈ ਤੇ ਉਹ ਪਲੇਟਾਂ ਆਪਣੀ ਜਗ੍ਹਾ ਤੋਂ ਖਿਸਕ ਜਾਂਦੀਆਂ ਹਨ।ਇਨ੍ਹਾਂ ਪਲੇਟਾਂ ਦੀ ਜਗ੍ਹਾ 'ਚ ਬਦਲਾਅ ਆਉਣ ਕਾਰਨ ਆਪਸੀ ਟਕਰਾ ਵੀ ਹੁੰਦਾ ਹੈ ਜਾਂ ਆਪਸ ਵਿੱਚ ਖਹਿੰਦੀਆਂ ਹਨ, ਜਿਸ ਕਾਰਨ ਧਰਤੀ ਅੰਦਰ ਝਟਕੇ ਲੱਗਦੇ ਹਨ, ਜਿਸ ਨੂੰ ਭੂਚਾਲ ਕਹਿੰਦੇ ਹਨ, ਜਿਸ ਨਾਲ ਧਰਤੀ ਕੰਬਦੀ ਹੈ।ਅਧਿਆਪਕਾਵਾਂ ਨੇ ਬੱਚਿਆਂ ਨੂੰ ਦੱਸਿਆ ਕਿ ਜੇਕਰ ਸਾਡੇ ਉੱਪਰ ਕੋਈ ਵੀ ਆਫ਼ਤ ਆਉਂਦੀ ਹੈ ਤਾਂ ਉਨ੍ਹਾਂ ਨੂੰ ਕਿਵੇਂ ਰੋਕਿਆ ਜਾਵੇ। ਉਨ੍ਹਾਂ ਦੇ ਖਤਰਿਆਂ ਨੂੰ ਵਾਪਰਨ ਤੋਂ ਰੋਕਣ ਦੇ ਯਤਨ ਕਿਵੇਂ ਕਰਨੇ ਚਾਹੀਦੇ ਹਨ, ਉਨ੍ਹਾਂ ਬਾਰੇ ਬੱਚਿਆਂ ਨੂੰ ਦੱਸਿਆ। ਉਨ੍ਹਾਂ ਬੱਚਿਆਂ ਨੂੰ ਪ੍ਰੈਕਟੀਕਲ ਦੇ ਰਾਹੀਂ ਵੀ ਆਫ਼ਤਾਂ ਤੋਂ ਬਚਣ ਦੇ ਉਪਾਅ ਦੱਸੇ।

## ਲਾਇਨਜ਼ ਕਲੱਬਾਂ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅੱਪ ਪਹਿਲੀ ਨੂੰ

**ਕੋਟਕਪੂਰਾ (ਰਛਪਾਲ ਭੁੱਲਰ)**-ਸਵਰਗਵਾਸੀ ਮਾਤਾ ਸੁਰਿੰਦਰ ਕੌਰ ਦੀ ਨਿੱਘੀ ਯਾਦ ਵਿੱਚ ਕਰਤਾਰ ਸਿੰਘ ਬਰਾਇਆ (ਗਲਾਸਗੋ ਯੂ ਕੇ) ਦੇ ਸਹਿਯੋਗ ਨਾਲ ਲਾਇਨਜ਼ ਕਲੱਬ ਕੋਟਕਪੂਰਾ ਗਰੇਟਰ ਤੇ ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਵੱਲੋਂ ਅੱਖਾਂ ਦਾ ਮੁਫ਼ਤ ਜਾਂਚ ਤੇ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕੈਂਪ 1 ਮਾਰਚ ਨੂੰ ਜਿੰਦਲ ਅੱਖਾਂ ਦਾ ਹਸਪਤਾਲ ਫਰੀਦਕੋਟ ਰੋਡ ਕੋਟਕਪੂਰਾ ਵਿਖੇ ਲਗਾਇਆ ਜਾ ਰਿਹਾ ਹੈ। ਅੱਖਾਂ ਦੇ ਮਾਹਰ ਡਾਕਟਰ ਮਹੇਸ਼ ਜਿੰਦਲ ਵੱਲੋਂ ਅੱਖਾਂ ਦੀ ਜਾਂਚ ਤੇ ਅਪ੍ਰੇਸ਼ਨ ਕੀਤੇ ਜਾਣਗੇ।ਲੋੜਵੰਦ ਮਰੀਜ਼ਾਂ ਦੇ ਮੁਫ਼ਤ ਲੈਂਜ ਪਾਏ ਜਾਣਗੇ।ਲੋੜਵੰਦ ਵਿਅਕਤੀ ਆਪਣੇ ਅਧਾਰ ਕਾਰਡ ਦੀ ਕਾਪੀ ਲਿਆਉਣੀ ਜ਼ਰੂਰੀ ਹੋਵੇਗੀ।ਇਹ ਜਾਣਕਾਰੀ ਦਿੰਦੇ ਹੋਏ ਐੱਮਜੇਐੱਫ ਗੁਰਦੀਪ ਸਿੰਘ ਤੇ ਲਾਇਨ ਰਜਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਵੱਧ ਤੋਂ ਵੱਧ ਲੋੜਵੰਦ ਵਿਅਕਤੀ ਇਸ ਸ਼ੁੱਭ ਅਵਸਰ ਦਾ ਲਾਭ ਉਠਾਉਣ।

## ਮਾਡਰਨ ਗਰੁੱਪ ਆਫ ਕਾਲਜਿਜ਼ ਬੀਰ ਕਲਾਂ ਵਿਖੇ ਐਥਲੈਟਿਕ ਮੀਟ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ ਕਾਲਜਿਜ਼ ਬੀਰ ਕਲਾਂ (ਸੰਗਰੂਰ) ਵਿੱਚ 22ਵੀਂ ਸਾਲਾਨਾ ਐਥਲੈਟਿਕ ਮੀਟ ਦਾ ਆਯੋਜਨ ਬੜੇ ਉਤਸ਼ਾਹ, ਉਮੰਗ ਤੇ ਖੇਡ ਭਾਵਨਾ ਨਾਲ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਫਲੈਗ ਮਾਰਚ ਨਾਲ ਕੀਤੀ ਗਈ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਮਸ਼ਾਲ ਜਲਾ ਕੇ ਖੇਡ ਭਾਵਨਾ ਦਾ ਸੰਦੇਸ਼ ਦਿੱਤਾ ਗਿਆ।ਇਸ ਉਪਰੰਤ ਰਾਸ਼ਟਰੀ ਝੰਡਾ ਸਨਮਾਨ ਨਾਲ ਫਹਿਰਾਇਆ ਗਿਆ ਤੇ ਸਾਰੇ ਹਾਜ਼ਰ ਮੈਂਬਰਾ ਵੱਲੋਂ ਪੂਰੇ ਆਦਰ ਤੇ ਸਤਿਕਾਰ ਨਾਲ ਰਾਸ਼ਟਰੀ ਗਾਨ ਗਾਇਆ ਗਿਆ।ਪ੍ਰੋਗਰਾਮ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਵੱਲੋਂ ਕੀਤਾ ਗਿਆ,ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੌਕੇ ਕਰਵਾਏ ਵੱਖ ਵੱਖ ਖੇਡ ਮੁਕਾਬਲਿਆਂ ਦੌਰਾਨ ਲੰਬੀ ਛਾਲ (ਲੜਕੀਆਂ) 'ਚ ਸਰਬਜੀਤ ਕੌਰ ਨੇ ਪਹਿਲਾ, ਖੁਸ਼ਬੂ ਨੇ ਦੂਜਾ ਤੇ ਸਿਮਰ ਨੇ ਤੀਜਾ ਸਥਾਨ ਅਤੇ ਲੜਕਿਆਂ 'ਚ ਜਗਸੀਰ ਸਿੰਘ ਨੇ ਪਹਿਲਾ, ਬਿਕਰਮਜੀਤ ਨੇ ਦੂਜਾ ਤੇ ਹਰਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।200 ਮੀਟਰ ਦੌੜ (ਲੜਕੀਆਂ) 'ਚ ਸਰਬਜੀਤ ਕੌਰ ਨੇ ਪਹਿਲਾ, ਖੁਸ਼ਬੂ ਨੇ ਦੂਜਾ ਤੇ ਲਖਦੀਪ ਕੌਰ ਨੇ ਤੀਜਾ ਅਤੇ ਲੜਕਿਆਂ 'ਚ ਜਗਸੀਰ ਸਿੰਘ ਨੇ ਪਹਿਲਾ, ਹਰਸ਼ਦੀਪ ਸਿੰਘ ਨੇ ਦੂਜਾ ਤੇ ਜਸ਼ਨਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।ਗੋਲਾ ਸੁੱਟਣ ਮੁਕਾਬਲੇ 'ਚ ਲੜਕੀਆਂ 'ਚੋਂ ਸਿਮਰਨ ਕੌਰ ਨੇ ਪਹਿਲਾ, ਸਰਬਜੀਤ ਕੌਰ ਨੇ ਦੂਜਾ ਤੇ ਪਰਵਿੰਦਰ ਕੌਰ ਨੇ ਤੀਜਾ, ਜਦਕਿ ਲੜਕਿਆਂ 'ਚੋਂ ਦਲਜੀਤ ਨੇ ਪਹਿਲਾ, ਭਗਵਾਨ ਸਿੰਘ ਨੇ ਦੂਜਾ ਤੇ ਮਨਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। 100 ਮੀਟਰ ਦੌੜ 'ਚ ਲੜਕੀਆਂ ਚੋਂ ਸਰਬਜੀਤ ਕੌਰ ਨੇ ਪਹਿਲਾ, ਖੁਸ਼ਬੂ ਨੇ ਦੂਜਾ ਤੇ ਰਮਨਦੀਪ ਕੌਰ ਨੇ ਤੀਜਾ ਅਤੇ ਲੜਕਿਆਂ 'ਚੋਂ ਜਗਸੀਰ ਸਿੰਘ ਨੇ ਪਹਿਲਾ, ਜਸ਼ਨਦੀਪ ਸਿੰਘ ਨੇ ਦੂਜਾ ਤੇ ਹਰਸ਼ਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਵੀ ਕੇ ਰਾਏ, ਚੇਅਰਮੈਨ ਰਵਿੰਦਰ ਬਾਂਸਲ, ਅਸਿਸਟੈਂਟ ਪ੍ਰੋਫੈਸਰ ਮਹਿੰਦਰਪਾਲ ਬਾਤਿਸ਼, ਜਗਸੀਰ ਸਿੰਘ ਮਾਨ, ਜਸਵੰਤ ਸਿੰਘ ਗਰੇਵਾਲ, ਡੀ. ਪੀ. ਰਜਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ ਰਮਨਦੀਪ ਕੌਰ, ਅਮਨਜੀਤ ਸਿੰਘ ਗਰੇਵਾਲ ਤੇ ਹੋਰ ਸਟਾਫ ਮੈਂਬਰ ਮੌਜੂਦ ਰਹੇ।

## ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਨਾਹਲ ਖੋਟੇ 'ਚ ਕੀਤੀ ਮੀਟਿੰਗ



ਮੋਗਾ (ਇਕਬਾਲ ਸਿੰਘ ਖਹਿਰਾ) ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਜੋਰਾ ਸਿੰਘ ਨੇ ਦੱਸਿਆ ਕਿ ਪਿੰਡ ਨਾਹਲ ਖੋਟੇ ਦੇ ਤੇਜ ਸਿੰਘ ਨਾਹਲ ਖੋਟੇ ਦੀ ਅਗਵਾਈ ਦੇ ਵਿੱਚ ਮੀਟਿੰਗ ਕੀਤੀ ਗਈ।ਮਜ਼ਦੂਰਾਂ ਨੂੰ ਮਜ਼ਦੂਰਾਂ ਦੀਆਂ ਭਖਵੀਆਂ ਮੰਗਾਂ ਸਬੰਧੀ ਜਾਗਰੂਕ ਕੀਤਾ ਗਿਆ।ਨਰੇਗਾ ਸਕੀਮ ਜੋ ਭੰਗ ਕੀਤੀ ਹੈ, ਉਸ ਨੂੰ ਬਹਾਲ ਕੀਤਾ ਜਾਵੇ।ਲੇਬਰ ਕੋਡ ਰੱਦ ਕਰਕੇ ਲੇਬਰ ਕਾਨੂੰਨ ਬਹਾਲ ਕੀਤੇ ਜਾਣ।ਔਰਤਾਂ ਨੂੰ 1000 ਰੁਪਿਆ ਤੇ ਪਿਛਲੇ ਬਕਾਏ ਮਾਨ ਸਰਕਾਰ ਤੁਰੰਤ ਜਾਰੀ ਕਰੇ।ਬਿਜਲੀ ਸੋਧ ਰੱਦ ਕੀਤੀ ਜਾਵੇ।ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰੀ ਜਾਵੇ।ਸਰਕਾਰੀ ਡੀਪੂਆਂ ਤੇ ਮਜ਼ਦੂਰਾਂ ਨੂੰ ਰਾਸ਼ਨ ਦੇਣਾ ਜਾਰੀ ਰੱਖਿਆ ਜਾਵੇ।ਪੰਚਾਇਤੀ ਜਮੀਨਾਂ ਘੱਟ ਰੇਟ ਤੇ ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਨੂੰ ਦਿੱਤੀਆਂ ਜਾਣ।ਬੇਰੁਜ਼ਗਾਰਾਂ ਨੂੰ ਨੌਕਰੀਆਂ ਜਾਂ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਕਾਰਪੋਰੇਟਾਂ ਨੂੰ ਜ਼ਮੀਨਾਂ ਵੇਚਣੀਆਂ ਬੰਦ ਕੀਤੀਆਂ ਜਾਣ।ਅਮਰੀਕਾ ਦੇ ਨਾਲ ਕੀਤੇ ਵਪਾਰ ਸਮਝੌਤੇ ਰੱਦ ਕੀਤੇ ਜਾਣ।58 ਸਾਲ ਦੇ ਮਰਦ ਮਜ਼ਦੂਰ ਅਤੇ 55 ਸਾਲ ਦੀ ਔਰਤ ਨੂੰ ਪੈਨਸ਼ਨ ਦਿੱਤੀ ਜਾਵੇ।ਲੋੜਵੰਦ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ।ਕਾਰਪੋਰੇਟਰ ਤੇ ਭਾਈਵਾਲ ਭੌਏ ਸਰਦਾਰਾ ਦੀ ਜ਼ਮੀਨ ਤੇ ਸਾਧਨ ਜ਼ਬਤ ਕਰਕੇ, ਗ਼ਰੀਬ ਲੋਕਾਂ ਵਿੱਚ ਵੰਡੇ ਜਾਣ।

## ਯਾਦਗਾਰੀ ਹੋ ਨਿੱਬੜਿਆ ਸਕੂਲ ਦਾ ਸਾਲਾਨਾ ਖੇਡ ਦਿਵਸ



**ਦੋਰਾਹਾ (ਹਰਮਿੰਦਰ ਸੇਠ)**-ਸ਼ਹਿਰ ਦੋਰਾਹਾ ਦੀ ਨਾਮਵਰ ਵਿੱਦਿਅਕ ਸੰਸਥਾ ਯੂਰੋ ਕਿਡਸ ਤੇ ਡ੍ਰੀਮ ਬੈਰੀ ਕਾਨਵੈਂਟ ਸਕੂਲ ਵਿਖੇ ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ ਦੀ ਅਗਵਾਈ ਵਿੱਚ ਸਲਾਨਾ ਖੇਡ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜੋ ਕਿ ਯਾਦਗਾਰੀ ਹੋ ਨਿੱਬੜਿਆ।ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ ।ਪ੍ਰੋਗਰਾਮ ਵਿੱਚ ਮਿ. ਲਵ ਅਵਲੀਸ ਜੋ ਕਿ ਰਣਜੀ ਟਰਾਫੀ ਦੇ ਜੇਤੂ ਰਹੇ ਹਨ ਅਤੇ ਮਿ. ਬੈਨੈਟ ਦੋਸਾਂਝ ਜੋ ਕਿ ਰਾਈਜਿੰਗ ਸਟਾਰ 2017 ਦੇ ਜੇਤੂ ਰਹੇ ਹਨ, ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜਿਨ੍ਹਾਂ ਨੂੰ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਸਲਾਮੀ ਦਿੱਤੀ।ਛੋਟੇ ਬੱਚਿਆਂ ਦੀਆਂ ਵੱਖ-ਵੱਖ ਖੇਡਾਂ ਵਿੱਚ ਜਿਵੇਂ ਕਿ ਕਰਾਲਿੰਗ ਗੇਮ, ਬਾਲ ਕਲੈਕਟਿੰਗ, ਕੋਨ ਸੰਤੁਲਨ ਖੇਡ, ਪਿਕ ਐਂਡ ਡਰਾਪ, ਹਾਰਡਲ ਰੇਸ, ਹਾਕੀ ਗੇਮ, ਗਲਾਸ ਟਾਵਰ ਗੇਮ ਆਦਿ ਖੇਡਾਂ ਕਰਵਾਈਆਂ ਗਈਆਂ। ਖੇਡਾਂ ਦੇ ਨਾਲ ਨਾਲ ਬੱਚਿਆਂ ਦੁਆਰਾ ਸ਼ਬਦ ਗਾਇਨ ਕੀਤਾ ਗਿਆ।ਬੱਚਿਆਂ ਨੇ ਰੰਗਾ ਰੰਗ ਪ੍ਰੋਗਰਾਮ ਗਿੱਧਾ, ਭੰਗੜਾ ਪੇਸ਼ ਕੀਤਾ।ਵਿਦਆਰਥੀਆਂ ਵੱਲੋਂ ਜੂਡੋ ਤੇ ਕਰਾਟੇ ਦੇ ਦਾਅ ਪੇਚ ਵੀ ਦਿਖਾਏ ਗਏ।ਅੰਤ ਵਿੱਚ ਜੇਤੂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮੈਡਲ ਅਤੇ ਇਨਾਮ ਦਿੱਤੇ ਗਏ।ਇਸ ਮੌਕੇ ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਜਤਿੰਦਰ ਸ਼ਰਮਾ, ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ, ਡਾਇਰੈਕਟਰ ਨੀਰਜ ਸ਼ਰਮਾ, ਸੁਮਨ ਸ਼ਰਮਾ, ਸੋਨੀਆ ਸ਼ਰਮਾ, ਸੁਭਮ ਸ਼ਰਮਾ, ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਤੋਂ ਇਲਾਵਾ ਅਮਨਦੀਪ ਕੌਰ, ਜਸਵਿੰਦਰ ਕੌਰ, ਕੋਮਲ ਸ਼ਰਮਾ, ਨਵਪ੍ਰੀਤ ਕੌਰ, ਜਸਪ੍ਰੀਤ ਕੌਰ, ਨਵਦੀਪ ਕੌਰ, ਮੁਸਕਾਨ ਭਾਟੀਆ, ਰਾਜਵਿੰਦਰ ਕੌਰ ,ਬਲਜੀਤ ਕੌਰ, ਸਰਬਜੀਤ ਕੌਰ, ਮੰਨੂ, ਰੇਨੂ, ਜਸਪ੍ਰੀਤ ਕੌਰ, ਰਾਜੂ ਸਿੰਘ, ਗੁਰਵਿੰਦਰ ਸਿੰਘ, ਇੰਦਰਜੀਤ ਸਿੰਘ, ਗੋਰਾ, ਸ਼ਾਮੂ ਆਦਿ ਹਾਜ਼ਰ ਸਨ।

## ਅੱਠਵੀਂ ਸ਼੍ਰੇਣੀ ਦੇ ਕੰਪਿਊਟਰ ਸਾਇੰਸ ਪੇਪਰ 'ਚ ਪੰਜਾਬੀ ਤੇ ਅੰਗਰੇਜ਼ੀ ਮਾਧਿਅਮ ਦੇ ਪ੍ਰਸ਼ਨ ਵੱਖ ਹੋਣ ਕਾਰਨ ਪ੍ਰੀਖਿਆਰਥੀ ਹੋਏ ਪ੍ਰੇਸ਼ਾਨ

### ਅਧਿਆਪਕ ਯੂਨੀਅਨ ਵੱਲੋਂ ਗਰੇਸ ਅੰਕ ਦੇਣ ਦੀ ਮੰਗ

ਮਾਨਸਾ (ਆਤਮਾ ਸਿੰਘ ਪਮਾਰ)-ਕੰਪਿਊਟਰ ਅਧਿਆਪਕ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਸੱਤ ਪ੍ਰਤਾਪ ਸਿੰਘ ਭੀਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਸ਼੍ਰੇਣੀ ਦੀ ਚੱਲ ਰਹੀ ਪ੍ਰੀਖਿਆ ਦੌਰਾਨ ਬੋਰਡ ਦੀ ਅਣਗਹਿਲੀ ਕਾਰਨ ਕੰਪਿਊਟਰ ਸਾਇੰਸ ਵਿਸ਼ੇ ਦੇ ਪ੍ਰਸ਼ਨ ਪੱਤਰ ਦੇ ਪੰਜਾਬੀ ਮਾਧਿਅਮ ਤੇ ਅੰਗਰੇਜ਼ੀ ਮਾਧਿਅਮ 'ਚ ਅਲੱਗ-ਅਲੱਗ ਪ੍ਰਸ਼ਨ ਹੋਣ ਕਾਰਨ ਲੱਖਾਂ ਪ੍ਰੀਖਿਆਰਥੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਜਾ ਰਹੀ ਅੱਠਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਦੇ ਕੰਪਿਊਟਰ ਸਾਇੰਸ ਵਿਸ਼ੇ ਦੇ ਪੇਪਰ 'ਚ ਪੰਜਾਬੀ ਤੇ ਅੰਗਰੇਜ਼ੀ ਮਾਧਿਅਮ ਦੇ ਪ੍ਰਸ਼ਨ ਨੰਬਰ 3 ਵਿੱਚ ਪੂਰੇ ਨਾਮ ਆਪਸ ਵਿੱਚ ਮੇਲ ਨਹੀਂ ਖਾਂਦੇ ਸਨ ਤੇ ਇਸੇ ਤਰ੍ਹਾਂ ਪ੍ਰਸ਼ਨ ਨੰਬਰ 6 'ਚ ਵੀ ਦੋਵਾਂ ਮਾਧਿਅਮਾਂ ਵਿਚਲਾ ਅੰਤਰ ਪਾਇਆ ਗਿਆ, ਜਿਸ ਕਾਰਨ ਪੰਜਾਬੀ ਮਾਧਿਅਮ ਤੇ ਅੰਗਰੇਜ਼ੀ ਮਾਧਿਅਮ ਵਾਲੇ ਲੱਖਾਂ ਹੀ ਪ੍ਰੀਖਿਆਰਥੀਆਂ ਵਿੱਚ ਬੇਚੈਨੀ ਪਾਈ ਗਈ।ਇਸ ਮੌਕੇ ਗੱਲ ਕਰਦਿਆਂ ਨਿਤੇਸ਼ ਕੁਮਾਰ, ਰਣਜੀਤ ਕੁਮਾਰ, ਮੈਡਮ ਮਮਤਾ ਰਾਣੀ ਭਾਦੜਾ, ਗੁਰਸ਼ਰਨ ਕੌਰ ਤੇ ਅਨੁਪਮ ਭਾਟੀਆ ਨੇ ਮੰਗ ਕੀਤੀ ਕਿ ਬੋਰਡ ਦੀ ਉਕਤ ਲਾਪ੍ਰਵਾਹੀ ਕਾਰਨ ਵਿਦਿਆਰਥੀਆਂ ਨੂੰ ਪੰਜ ਨੰਬਰ ਗਰੇਸ ਅੰਕਾਂ ਵਜੋਂ ਦਿੱਤੇ ਜਾਣ ਤਾਂ ਜੋ ਵਿਦਿਆਰਥੀਆਂ ਨਾਲ ਇਨਸਾਫ਼ ਹੋ ਸਕੇ।

## ਕੁਸ਼ਤੀ ਮੁਕਾਬਲਿਆਂ ਦਾ ਪੋਸਟਰ ਜਾਰੀ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਨੌਜਵਾਨਾਂ ਵੱਲੋਂ ਨਸ਼ਿਆਂ ਤੋਂ ਦੂਰ ਕਰਨ ਲਈ ਕੁਸ਼ਤੀ ਕਰਾਈ ਜਾ ਰਹੀ ਹੈ, ਜਿਸ ਵਿੱਚ ਪੂਰੇ ਪੰਜਾਬ ਵਿੱਚੋਂ ਨੌਜਵਾਨ ਭਾਗ ਲੈ ਰਹੇ ਹਨ। ਜਤਿੰਦਰ ਸਿੰਘ ਬਰਾੜ ਭਲਵਾਨ ਨੇ ਦੱਸਿਆ ਇਹ ਕੁਸ਼ਤੀ ਪੰਜਾਬ ਮਾਲਵੇ 'ਚ ਪਹਿਲੀ ਵਾਰ ਹੋ ਰਿਹਾ ਹੈ। ਇਹ ਮੁਕਤਸਰ ਸਾਹਿਬ 'ਚ 7 ਮਾਰਚ ਮਲੋਟ ਰੋਡ ਬਾਈਪਾਸ ਨੂੰ ਸ਼ੁਰੂ ਹੋਣਗੇ।

## ਬਾਬਾ ਮੋਨੀ ਜੀ ਕਾਲਜ 'ਚ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ਼ ਕਾਲਜਿਜ਼ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਸੁਖਦੀਪ ਕੌਰ ਵੱਲੋਂ ਭਾਸ਼ਣ ਦੇ ਨਾਲ ਕੀਤੀ ਗਈ। ਵਿਦਿਆਰਥੀਆਂ ਵੱਲੋਂ ਭਾਸ਼ਾਵਾਂ ਦੀ ਅਹਿਮੀਅਤ ਬਾਰੇ ਭਾਸ਼ਣ, ਕਵਿਤਾ ਪਾਠ ਤੇ ਵਿਚਾਰ ਪ੍ਰਗਟ ਕੀਤੇ ਗਏ। ਵਿਦਿਆਰਥੀਆਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਦੇ ਮਹੱਤਵ ਨੂੰ ਰੌਸ਼ਨ ਕਰਦੇ ਹੋਏ ਕਿਹਾ ਕਿ ਮਾਤ ਭਾਸ਼ਾ ਸਾਡੀ ਸੰਸਕ੍ਰਿਤੀ, ਪ੍ਰੰਪਰਾਵਾਂ ਤੇ ਪਛਾਣ ਦੀ ਨਿਸ਼ਾਨੀ ਹੈ। ਕਾਲਜ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਕਵਿਤਾ ਤੇ ਭਾਸ਼ਣ ਮੁਕਾਬਲਿਆਂ ਵਿੱਚਭਾਗ ਲਿਆ। ਪ੍ਰਿੰਸੀਪਲ ਡਾ. ਰਜਨੀ ਚੌਧਰੀ ਨੇ ਵਿਦਿਆਰਥੀਆਂ ਨੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਮਾਤ ਭਾਸ਼ਾ ਨਾਲ ਪਿਆਰ ਕਰਨਾ ਚਾਹੀਦਾ ਹੈ।

## ਸਕਿਊਰਟੀ ਵਿਸ਼ੇ ਤਹਿਤ ਅਧਿਆਪਕਾਂ ਦੀ ਟ੍ਰੇਨਿੰਗ

**ਲੌਂਗੋਵਾਲ (ਪ੍ਰਦੀਪ ਸੱਪਲ)**-ਜ਼ਿਲ੍ਹਾ ਸਿੱਖਿਆ ਅਫਸਰ (ਸੈ.) ਤਰਵਿੰਦਰ ਕੌਰ ਤੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ (ਸੈ) ਮਨਜੀਤ ਕੌਰ ਸੰਗਰੂਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਬਲਾਕ ਨੋਡਲ ਅਫਸਰ ਮਨਦੀਪ ਕੌਰ ਦੀ ਰਹਿਨੁਮਾਈ ਹੇਠ ਸੇਫਟੀ ਤੇ ਸਕਿਊਰਟੀ ਵਿਸ਼ੇ ਤਹਿਤ ਇੱਕ ਰੋਜ਼ਾ ਟਰੇਨਿੰਗ ਸ.ਸ.ਭ.ਸ.ਸ.ਸ.ਸ. (ਕੰ) ਲੌਂਗੋਵਾਲ ਵਿਖੇ ਕਰਵਾਈ ਗਈ।ਪ੍ਰਿੰਸੀਪਲ ਮੈਡਮ ਕਰਮਜੀਤ ਕੌਰ ਵੱਲੋਂ ਬੀ.ਐਨ.ਓ. ਮੈਡਮ, ਰਿਸੋਰਸਪਰਸਨ ਤੇ ਵੱਖ-ਵੱਖ ਸਕੂਲਾਂ ਵਿੱਚੋਂ ਆਏ ਅਧਿਆਪਕਾਂ ਨੂੰ ਜੀ ਆਇਆਂ ਕਿਹਾ।ਸੈਮੀਨਾਰ ਦੌਰਾਨ ਰਿਸੋਰਸਪਰਸਨ ਗੁਰਦੀਪ ਸਿੰਘ ਨੇ ਜੁਵਨਾਈਲ ਜਸਟਿਸ ਐਕਟ-2015 ਬਾਰੇ, ਕੁਲਦੀਪ ਸਿੰਘ ਨੇ ਪੋਕਸੋ ਸੰਬੰਧੀ, ਮੈਡਮ ਰਿੰਕੂ ਨੇ ਸਾਈਬਰ ਸਕਿਊਰਟੀ ਬਾਰੇ, ਕਮਲਜੀਤ ਸਿੰਘ ਨੇ ਸੜਕ ਸੁਰੱਖਿਆ ਬਾਰੇ ਤੇ ਰਾਜ ਸਿੰਘ ਨੇ ਆਰ.ਟੀ.ਈ. ਐਕਟ ਸੰਬੰਧੀ ਜਾਣਕਾਰੀ ਦਿੱਤੀ।ਸਕੂਲ ਵੱਲੋਂ ਰਿਫਰੈਸ਼ਮੈਂਟ ਤੇ ਸਟੇਸ਼ਨਰੀ ਦਿੱਤੀ ਗਈ।ਸਕੂਲ ਵੱਲੋਂ ਕੀਤੇ ਗਏ ਪ੍ਰਬੰਧ ਦੀ ਸ਼ਲਾਘਾ ਕੀਤੀ ਗਈ। ਸੈਮੀਨਾਰ ਦੌਰਾਨ ਪ੍ਰਬੰਧਕਾਂ ਦੀ ਡਿਊਟੀ ਗੁਰਜੰਟ ਸਿੰਘ, ਯਸ਼ਮੀਤ ਸਿੰਘ ਤੇ ਮੈਡਮ ਮਨਵਿੰਦਰ ਕੌਰ ਨੇ ਬਾਖੂਬੀ ਨਿਭਾਈ।

## ਝਾੜ ਸਾਹਿਬ ਕਾਲਜ ਵਿਖੇ ਫੈਸ਼ਨ ਡਿਜ਼ਾਈਨਿੰਗ ਵਿਸ਼ੇ 'ਤੇ ਸੈਮੀਨਾਰ



**ਸਮਰਾਲਾ (ਸੁਰਜੀਤ ਸਿੰਘ)**-ਲੜਕੀਆਂ ਦੀ ਸਿੱਖਿਆ ਲਈ ਪੇਂਡੂ ਇਲਾਕੇ ਦੀ ਇੱਕੋ ਇੱਕ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਤੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ ਤੇ ਪ੍ਰੋ. ਸੁਖਨਪ੍ਰੀਤ ਕੌਰ ਦੀ ਦੇਖ-ਰੇਖ ਹੇਠ ਸੀ.ਡੀ.ਸੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਸਪਾਂਸਰ ਫੈਸ਼ਨ ਡਿਜ਼ਾਇਨਿੰਗ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਪਹਿਲੇ ਸੈਸ਼ਨ ਦੌਰਾਨ ਮੁੱਖ ਮਹਿਮਾਨ ਸੁਖਪ੍ਰੀਤ ਕੌਰ ਢਿੱਲੋਂ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਆਗਾਜ਼ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਕਰਕੇ ਕੀਤਾ ਗਿਆ ਤੇ ਸ਼ਮ੍ਹਾਂ ਰੋਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ।ਪ੍ਰਿੰਸੀਪਲ ਡਾ. ਰਜਿੰਦਰ ਕੌਰ ਵੱਲੋਂ ਕਾਲਜ ਪਹੁੰਚੇ ਮੁੱਖ ਮਹਿਮਾਨ ਤੇ ਹੋਰ ਮਾਣਯੋਗ ਸ਼ਖ਼ਸੀਅਤਾਂ ਦਾ ਰਸਮੀ ਸਵਾਗਤ ਕੀਤਾ ਗਿਆ।ਉਪਰੰਤ ਵਿਭਾਗ ਮੁਖੀ ਪ੍ਰੋ. ਹਰਪ੍ਰੀਤ ਕੌਰ ਵੱਲੋਂ ਸੈਮੀਨਾਰ ਦੇ ਵਿਸ਼ੇ ਸੰਬੰਧੀ ਚਾਨਣਾ ਪਾਇਆ ਗਿਆ।

ਇਸ ਮੌਕੇ ਮੁੱਖ ਮਹਿਮਾਨ ਸੁਖਪ੍ਰੀਤ ਕੌਰ ਢਿੱਲੋਂ ਨੇ ਪ੍ਰੋਗਰਾਮ ਦੀ ਵਧਾਈ ਦਿੰਦਿਆਂ ਕਿਹਾ ਕਿ ਨਵੀਂ ਪੀੜ੍ਹੀ ਲਈ ਅਜਿਹੇ ਸੈਮੀਨਾਰ ਬਹੁਤ ਲਾਭਕਾਰੀ ਸਾਬਿਤ ਹੁੰਦੇ ਹਨ।ਸੈਸ਼ਨ ਦਾ ਕੁੰਜੀਵਤ ਭਾਸ਼ਣ ਡਾ. ਗੁਰਮੀਤ ਕੌਰ ਪ੍ਰੋਫੈਸਰ ਜਿਓਲੋਜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦਿੱਤਾ ਗਿਆ।ਸੈਮੀਨਾਰ ਦੇ ਪਹਿਲੇ ਅਕਾਦਮਿਕ ਸੈਸ਼ਨ ਦਾ ਪ੍ਰਧਾਨਗੀ ਭਾਸ਼ਣ ਡਾ. ਅਨੂ ਐੱਚ ਗੁਪਤਾ ਐਸੋਸੀਏਟ ਪ੍ਰੋਫੈਸਰ ਫੈਸ਼ਨ ਟੈਕਨੋਲੋਜੀ ਐਂਡ ਵੋਕੇਸ਼ਨਲ ਡਿਵੈਲਪਮੈਂਟ ਪੰਜਾਬ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ।ਇਸ ਸੈਸ਼ਨ ਦੀ ਰਿਸੋਰਸ ਪਰਸਨ ਦੀ ਭੂਮਿਕਾ ਡਾ. ਰੱਤੀ ਅਰੋੜਾ, ਐੱਸ. ਪ੍ਰੋ. ਹੋਮ ਸਾਇੰਸ ਡੀ.ਏ.ਵੀ. ਕਾਲਜ ਫਾਰ ਵੂਮੈਨ ਚੰਡੀਗੜ੍ਹ ਵੱਲੋਂ ਨਿਭਾਈ ਗਈ। ਦੂਜੇ ਟੈਕਨੀਕਲ ਸੈਸ਼ਨ ਵਿੱਚ ਚੇਅਰਪਰਸਨ ਦੀ ਭੂਮਿਕਾ ਡਾ. ਸਮਿਤਾ ਸਿੰਘ ਐੱਸ. ਪ੍ਰੋ. ਫੈਸ਼ਨ ਡਿਜ਼ਾਇਨਿੰਗ, ਗੋਸਵਾਮੀ ਗਣੇਸ਼ ਦੱਤਾ ਸਨਾਤਨ ਧਰਮ ਕਾਲਜ, ਚੰਡੀਗੜ੍ਹ ਵੱਲੋਂ ਨਿਭਾਈ ਗਈ।ਦੂਜੇ ਸੈਸ਼ਨ ਦੀ ਰਿਸੋਰਸ ਪਰਸਨ ਹਰਿੰਦਰ ਕੌਰ ਐਸ. ਪ੍ਰੋ. ਫੈਸ਼ਨ ਡਿਜ਼ਾਇਨਿੰਗ ਏ. ਐੱਸ. ਕਾਲਜ ਫਾਰ ਵੂਮੈਨ ਖੰਨਾ ਸਨ।ਉਨ੍ਹਾਂ ਪੰਜਾਬ ਤੇ ਹੋਰ ਰਾਜਾਂ ਦੇ ਫੈਸ਼ਨ ਬਾਰੇ ਚਰਚਾ ਕੀਤੀ।ਇਸ ਮੌਕੇ ਖੋਜਾਰਥੀਆਂ ਤੇ ਪ੍ਰੋਫੈਸਰ ਸਾਹਿਬਾਨ ਵੱਲੋਂ ਪੇਪਰ ਪੜ੍ਹੇ ਗਏ।ਅੰਤ ਵਿੱਚ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਮੰਚ ਸੰਚਾਲਨ ਦੀ ਭੂਮਿਕਾ ਡਾ. ਮਹੀਪਿੰਦਰ ਕੌਰ, ਸੁਖਨਪ੍ਰੀਤ ਕੌਰ ਤੇ ਡਾ. ਮਨਦੀਪ ਕੌਰ ਨੇ ਬਾਖੂਬੀ ਨਿਭਾਈ।

## ਰਸੂਲਪੁਰ ਵਿਖੇ ਮਾਣੂੰਕੇ ਵੱਲੋਂ ਨਹਿਰੀ ਖਾਲ ਦਾ ਉਦਘਾਟਨ



**ਜਗਰਾਉਂ/ਹਠੂਰ (ਸੰਜੀਵ ਅਰੋੜਾ/ਲਵਲੀ ਕੁਮਾਰ)**-ਜਲ ਸ੍ਰੋਤ ਵਿਭਾਗ ਪੰਜਾਬ ਤੇ ਸੂਬਾ ਸਰਕਾਰ ਵੱਲੋਂ ਸੂਬੇ ਦੇ ਕੱਸੀਆਂ ਦੇ ਖਾਲ ਪੱਕੇ ਕਰਕੇ ਨਹਿਰੀ ਪਾਣੀ ਦਿੱਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਪਿੰਡ ਰਸੂਲਪੁਰ (ਮੱਲ੍ਹਾ) ਵਿਖੇ 5 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਪੱਕੇ ਕੀਤੇ ਕੱਸੀ ਦੇ ਖਾਲ ਦਾ ਉਦਘਾਟਨ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਹੈ ਕਿ ਖੇਤਾਂ ਨੂੰ ਵੱਧ ਤੋਂ ਵੱਧ ਨਹਿਰੀ ਪਾਣੀ ਦਿੱਤਾ ਜਾਵੇ ਤੇ ਸੂਬੇ ਦੀਆਂ ਕੱਚੀਆਂ ਕੱਸੀਆਂ ਤੇ ਸੂਇਆਂ ਨੂੰ ਪੱਕਾ ਕਰਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ, ਜਿਸ ਨਾਲ ਖੇਤਾਂ ਨੂੰ ਪਾਣੀ ਵੱਧ ਮਿਲੇਗਾ। ਉਨ੍ਹਾਂ ਦੱਸਿਆ ਕਿ ਪਿੰਡ ਰਸੂਲਪੁਰ ਦੇ ਕਿਸਾਨਾਂ ਦੀ ਪਿੱਛਲੇ 30 ਸਾਲਾਂ ਤੋਂ ਮੰਗ ਸੀ ਕਿ ਇਸ ਖਾਲ ਨੂੰ ਪੱਕਾ ਕੀਤਾ ਜਾਵੇ, ਇਸ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਅੱਜ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ ਅਤੇ ਹੁਣ ਇਸ ਪੱਕੇ ਖਾਲ ਤੋਂ 30-35 ਪ੍ਰਤੀਸ਼ਤ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਇਸ ਖਾਲ ਦੀ ਕੁੱਲ ਲੰਬਾਈ 21.12 ਕਿਲੋਮੀਟਰ ਬਣਦੀ ਹੈ। ਇਸ ਮੌਕੇ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੂੰ ਬਲਾਕ ਸੰਮਤੀ ਮੈਂਬਰ ਦਲਜੀਤ ਸਿੰਘ ਮੰਦਰ, ਗੁਰਜੰਟ ਸਿੰਘ ਖਾਲਸਾ ਤੇ ਗ੍ਰਾਮ ਪੰਚਾਇਤ ਰਸੂਲਪੁਰ ਨੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾ ਨਾਲ ਮਾਰਕਿਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ ਡੱਲਾ, ਡਾਕਟਰ ਗੁਰਪ੍ਰੀਤ ਸਿੰਘ ਭੰਮੀਪੁਰਾ, ਸਰਪੰਚ ਗੁਰਬਖਸ਼ ਸਿੰਘ ਖੋਖਰ, ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਸਰਪੰਚ ਪਾਲੀ ਡੱਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਹਿਰੀਨ ਕੌਰ ਖਾਲਸਾ, ਬਲਾਕ ਸੰਮਤੀ ਮੈਂਬਰ ਦਲਜੀਤ ਸਿੰਘ ਮੰਦਰ, ਭਾਈ ਗੁਰਜੰਟ ਸਿੰਘ ਖਾਲਸਾ, ਪ੍ਰਧਾਨ ਜਰਨੈਲ ਸਿੰਘ ਬਰਾੜ, ਪ੍ਰਧਾਨ ਸੁਰਿੰਦਰ ਸਿੰਘ ਲੱਖਾ, ਪ੍ਰਧਾਨ ਗੁਰਦੀਪ ਸਿੰਘ ਭੁੱਲਰ ਚਕਰ, ਪ੍ਰਧਾਨ ਕੁਲਦੀਪ ਸਿੰਘ ਗੋਗਾ ਮੱਲ੍ਹਾ, ਨੰਬਰਦਾਰ ਜਗਜੀਤ ਸਿੰਘ ਮੱਲ੍ਹਾ, ਪ੍ਰਧਾਨ ਕੁਲਤਾਰਨ ਸਿੰਘ ਆਦਿ ਹਾਜ਼ਰ ਸਨ।

# ਕਿਸਾਨਾਂ ਦੇ ਰੋਹ ਨੂੰ ਵੇਖਦਿਆਂ 17 ਮਾਰਚ ਦੀ ਮੀਟਿੰਗ ਦਾ ਸੌਂਪਿਆ ਪੱਤਰ



**ਮੱਖੂ (ਰਛਪਾਲ ਸਿੰਘ ਸੰਧੂ)**

ਕਿਸਾਨ ਮਜ਼ਦੂਰ ਮੋਰਚੇ ਦੇ ਐਲਾਨ ਤਹਿਤ ਬੀਤੇ ਦਿਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਾਣਾ ਮੰਡੀ ਮਖੂ ਵਿਖੇ ਕੀਤੀ ਗਈ ਰੈਲੀ ਦੌਰਾਨ ਸਰਹੰਦ ਫੀਡਰ ਨਹਿਰ ਦੀ ਮੁਰੰਮਤ ਦੇ ਨਵੀਨੀਕਰਨ ਲਈ ਪਿੰਡ ਤਲਵੰਡੀ ਨਿਪਾਲਾਂ ਵਿਖੇ ਆਉਣ 'ਤੇ ਵਿਰੋਧ ਕਰਨ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਪਿੰਡ ਤਲਵੰਡੀ ਨਿਪਾਲਾਂ ਦੇ ਗੁਰਦੁਆਰਾ ਸਾਹਿਬ ਵਿਖੇ ਜ਼ਿਲ੍ਹੇ ਦੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਵੱਲੋਂ ਵੱਡਾ ਇਕੱਠ ਕੀਤਾ ਗਿਆ।ਇਸ ਮੌਕੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਕਿਸਾਨਾਂ ਨਾਲ ਮੀਟਿੰਗ ਨਾਲ ਨਾ ਕਰਨਾ ਥੁੱਕ ਕੇ ਚੱਟਣ ਦੇ ਬਰਾਬਰ ਹੈ ਤੇ ਸ਼ੰਭੂ, ਖਨੌਰੀ ਮੋਰਚਿਆਂ ਦੇ ਕੀਤੇ ਉਜਾੜੇ ਤੇ ਸਾਮਾਨ ਦੀ ਭੰਨਤੋੜ ਸਮੇਤ ਬਿਜਲੀ ਸੋਧ ਬਿੱਲ, ਬੀਜ ਐਕਟ 2025 ਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੀਤੇ ਅਮਰੀਕਾ ਸਾਮਰਾਜ ਨਾਲ ਕੀਤੇ ਸਮਝੌਤਿਆਂ ਬਾਰੇ ਕੁਝ ਵੀ ਨਾ ਬੋਲਣਾ ਤੇ ਬੰਦੀ ਸਿੰਘਾਂ, ਬੁੱਧੀਜੀਵੀਆਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਸਖ਼ਤ ਕਾਨੂੰਨ ਨਾ ਬਣਾਉਣਾ ਤੇ ਸਮਾਣਾ ਵਿਖੇ ਕੀਤੇ ਅੱਤਿਆਚਾਰ ਤੇ ਵਾਅਦਾ ਖਿਲਾਫੀ ਦੀ ਸਖ਼ਤ ਨਿੰਦਿਆ ਕਰਦੇ ਹਾਂ।

ਇਸ ਮੌਕੇ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਜੋ ਸਵਾਲ ਕਰਨ ਜਾ ਰਹੇ ਸਨ, ਉਨ੍ਹਾਂ ਦੀ ਬਾ-ਦਲੀਲ ਗੱਲ ਮੰਨ ਕੇ 17 ਮਾਰਚ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਕਰਨ ਦੀ ਚਿੱਠੀ ਦਿੱਤੀ, ਜੋ ਪੁਲਸ ਅਧਿਕਾਰੀ ਬਲਜਿੰਦਰ ਸਿੰਘ ਸਰਾਂ, ਜਸਪਾਲ ਸਿੰਘ ਢਿੱਲੋਂ ਦੁਆਰਾ ਵਿਸ਼ਵਾਸ ਦਿਵਾਉਂਦਿਆਂ ਕਿਸਾਨ ਆਗੂਆਂ ਨੂੰ ਸੌਂਪੀ ਗਈ। ਇਸ ਮੌਕੇ ਵੀਰ ਸਿੰਘ ਨਿਜਾਮਦੀਨ ਵਾਲਾ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਅਮਨਦੀਪ ਸਿੰਘ ਕੱਚਰਭੰਨ, ਹਰਫੂਲ ਸਿੰਘ ਦੂਲੇਵਾਲਾ, ਲਖਵਿੰਦਰ ਸਿੰਘ ਵਸਤੀ ਨਾਮਦੇਵ, ਮੱਸਾ ਸਿੰਘ ਆਸਿਫ਼ ਵਾਲਾ, ਮੱਖਣ ਸਿੰਘ ਵਾੜਾ, ਇੰਦਰਜੀਤ ਸਿੰਘ ਲਾਡੀ, ਹਰਚਰਨ ਸਿੰਘ, ਬਲਕਾਰ ਸਿੰਘ, ਟਹਿਲ ਸਿੰਘ, ਸੁਖਦੀਪ ਸਿੰਘ, ਗੁਰਮੀਤ ਸਿੰਘ ਠੇਕੇਦਾਰ, ਸਵਰਨ ਸਿੰਘ ਸਰਫਲੀ, ਸੰਤੋਖ ਸਿੰਘ, ਨਿਰਮਲ ਸਿੰਘ ਮਹਿਮੂਦ ਵਾਲਾ, ਜੋਗਾ ਸਿੰਘ ਵੱਟੂ ਭੱਟੀ, ਗੁਰਦਿਆਲ ਸਿੰਘ, ਸੁਖਚੈਨ ਸਿੰਘ ਕਿੱਲੀ ਬੋਦਲਾਂ, ਸੁਖਚੈਨ ਸਿੰਘ ਲੱਲੇ, ਬਲਦੇਵ ਸਿੰਘ ਚੱਕੀਆਂ, ਗੁਰਮੀਤ ਸਿੰਘ ਵਸਤੀ ਨਾਮਦੇਵ ਆਦਿ ਆਗੂ ਹਾਜ਼ਰ ਸਨ।



**ਬਾਬਾ ਜੀਤ ਸਿੰਘ ਸੇਵਾਦਾਰ ਗੁਰਦੁਆਰਾ ਮੱਲ੍ਹੋ ਸ਼ਹੀਦ ਵਾਲਿਆਂ ਜੀ ਦੀ ਪ੍ਰੇਰਣਾ ਸਦਕਾ ਤੇ ਪਿੰਡ ਵਾਸੀਆਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਭਾਗੀਕੇ ਨੂੰ 15 ਛੱਤ ਵਾਲੇ ਪੱਖੇ ਦਾਨ ਕੀਤੇ ਗਏ। ਸਕੂਲ ਦੇ ਸਮੂਹ ਸਟਾਫ਼ ਵੱਲੋਂ ਬਾਬਾ ਜੀ ਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ।**
(ਤਸਵੀਰ ਤੇ ਵੇਰਵਾ : ਲਵਲੀ ਮਾਛੀਕੇ, ਨਿਹਾਲ ਸਿੰਘ ਵਾਲਾ)

# ਕੁਲ ਹਿੰਦ ਕਿਸਾਨ ਸਭਾ ਵੱਲੋਂ ਜੱਥਾ ਜ਼ਮੀਨ ਬਚਾਓ ਮੋਰਚੇ 'ਚ ਸ਼ਾਮਿਲ ਹੋਵੇਗਾ

**ਚੋਹਲਾ ਸਾਹਿਬ (ਰਮਨ ਚੱਢਾ)**- ਕਿਸਾਨ ਸੰਯੁਗਤ ਮੋਰਚੇ ਵੱਲੋਂ ਸ਼ੇਰੋ ਖੰਡ ਮਿਲ ਅੱਗੇ ਜੋ ਜਮੀਨ ਬਚਾਓ ਮੋਰਚਾ ਚੱਲ ਰਿਹਾ ਹੈ , ਉਸ ਮੋਰਚੇ ਦੀ ਹਮਾਇਤ ਵਾਸਤੇ ਕੁਲ ਹਿੰਦ ਕਿਸਾਨ ਸਭਾ ਵੱਲੋਂ ਜਥਾ ਸ਼ਾਮਿਲ ਹੋਵੇਗਾ ਜਿਸ ਸਬੰਧੀ ਦਦੇਹਰ ਸਾਹਿਬ ਅਤੇ ਚੋਹਲਾ ਸਾਹਿਬ ਤੋਂ ਕੁਲ ਹਿੰਦ ਕਿਸਾਨ ਸਭਾ ਦੀ ਮੀਟਿੰਗ ਚੋਹਲਾ ਸਾਹਿਬ ਵਿਖੇ ਹੋਈ ਜਿਸ ਦੀ ਜਾਣਕਾਰੀ ਦੇਦਿਆਂ ਕੁਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ ਅਤੇ ਪਰਮਜੀਤ ਸਿੰਘ ਚੋਹਲਾ ਸਾਹਿਬ ਨੇ ਦੱਸਿਆ ਕਿ ਭਗਵੰਤ ਮਾਨ ਦੀ ਸਰਕਾਰ ਇਨਕਲਾਬ ਦਾ ਨਾਅਰਾ ਲਾ ਕੇ ਸਤਾ ਵਿੱਚ ਆਈ ਸੀ ਪਰ ਇਨਕਲਾਬ ਦਾ ਨਾਅਰਾ ਇਹਨਾਂ ਦਾ ਬਿਲਕੁਲ ਖੋਖਲਾ ਸਿੱਧ ਹੋਇਆ ਹੈ। ਇਨਕਲਾਬ ਦੇ ਨਾਅਰੇ ਦਾ ਮਤਲਬ ਸੀ ਕੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ ਕੁੱਲੀ ਜੁੱਲੀ ਅਤੇ ਹਰ ਇੱਕ ਨੂੰ ਰੁਜਗਾਰ ਮਿਲੇ ਪਰ ਇਹ ਸਰਕਾਰ ਲੋਕਾਂ ਦਾ ਰੁਜਗਾਰ ਖੋ ਰਹੀ ਹੈ ਤੇ ਸਰਕਾਰੀ ਅਦਾਰੇ ਪ੍ਰਾਈਵੇਟ ਕੰਪਨੀਆਂ ਨੂੰ ਵੇਚੇ ਜਾ ਰਹੇ ਹਨ। ਜਿਸ ਦੀ ਤਾਜ਼ਾ ਮਿਸਾਲ ਖੰਡ ਮੇਲ ਸ਼ੇਰੋ ਤੋਂ ਮਿਲਦੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਲਾਇਆ ਮੋਰਚਾ ਚੌਥੇ ਦਿਨ ਵਿੱਚ ਸ਼ਾਮਿਲ ਹੋ ਗਿਆ ਹੈ ਪਰ ਅਜੇ ਤੱਕ ਕਿਸੇ ਸਰਕਾਰੀ ਅਧਿਕਾਰੀ ਨੇ ਸਾਰ ਨਹੀਂ ਲਈ ਇਸ ਦੀ ਹਮਾਇਤ ਵਾਸਤੇ ਕੁਲ ਹਿੰਦ ਕਿਸਾਨ ਸਭਾ ਵੱਲੋਂ ਬਲਾਕ ਨਸ਼ਹਿਰਾ ਅਤੇ ਚੋਹਲਾ ਸਾਹਿਬ ਵਿੱਚੋਂ ਜਥਾ ਮੋਰਚੇ ਵਿੱਚ ਸ਼ਾਮਿਲ ਹੋਵੇਗਾ। ਇਸ ਦੀ ਤਿਆਰੀ ਵਾਸਤੇ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਮੀਟਿੰਗ ਵਿੱਚ ਰਜਿੰਦਰ ਸਿੰਘ, ਗੁਰਪਾਲ ਸਿੰਘ ਫੌਜੀ , ਜੋਗਾ ਸਿੰਘ, ਮੰਗਲ ਸਿੰਘ, ਸੁਖਦੇਵ ਸਿੰਘ, ਆਦਿ ਸਾਥੀ ਹਾਜ਼ਰ ਸਨ।



# ਅਮਰੀਕ ਸਿੰਘ ਲੁਹਾਰਕਾ ਪ੍ਰਧਾਨ ਤੇ ਕੁਲਦੀਪ ਕੁਮਾਰ ਸਕੱਤਰ ਚੁਣੇ

**ਅੰਮਿਤਸਰ** - ਬਿਜਲੀ ਕਾਮਿਆਂ ਦੀ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ : 41 ਅੰਮ੍ਰਿਤਸਰ ਦਿਹਾਤੀ ਸਰਕਲ ਨੇ ਨਵੀਂ ਕਮੇਟੀ ਦੀ ਚੋਣ ਕਰਨ ਲਈ ਅਰਵਿੰਦਰਪਾਲ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਛੇਹਰਟਾ ਵਿਖੇ ਡੈਲੀਗੇਟ ਇਜਲਾਸ ਕੀਤਾ। ਇਸ ਇਜਲਾਸ ਵਿੱਚ ਸਰਕਲ ਅਧੀਨ ਪੈਂਦੀਆਂ ਵੱਖ - ਵੱਖ ਡਵੀਜ਼ਨਾਂ ਤੋਂ ਚੁਣੇ ਹੋਏ ਡੈਲੀਗੇਟਾਂ ਨੇ ਹਿੱਸਾ ਲਿਆ। ਜਥੇਬੰਦਕ ਕਾਨਫਰੰਸ ਦਾ ਉਦਘਾਟਨੀ ਭਾਸ਼ਣ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾ ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ ਨੇ ਕਰਦਿਆਂ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਦਾ ਲੀਡਰਸ਼ਿਪ ਨੂੰ ਸੱਦਾ ਦਿੱਤਾ। ਇਸ ਜਥੇਬੰਦਕ ਕਾਨਫਰੰਸ ਨੂੰ ਸਫਲਤਾ ਪੂਰਵਕ ਨੇਪਰੇ ਚਾੜਣ ਲਈ ਨਿਗਰਾਨ ਦੇ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਮੀਤ ਪ੍ਰਧਾਨ ਬਲਵਿੰਦਰ ਸਿੰਘ ਉਦੀਪੁਰ , ਮਨਜੀਤ ਸਿੰਘ ਬਾਸਰਕੇ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਨੂੰ ਲਾਗੂ ਨਾ ਕਰਨ ਦੀ ਮੁਲਾਜ਼ਮ ਵਿਰੋਧੀ ਨੀਤੀ ਦੀ ਤਿੱਖੀ ਨੁਕਤਾਚੀਨੀ ਕੀਤੀ। ਅਰਵਿੰਦਰਪਾਲ ਸਿੰਘ ਸੰਘਾ ਵੱਲੋਂ ਪੁਰਾਣੀ ਸਰਕਲ ਕਮੇਟੀ ਭੰਗ ਕਰਨ ਉਪਰੰਤ ਸੂਬਾ ਪ੍ਰਧਾਨ ਗੰਡੀਵਿੰਡ ਨੇ ਗਿਆਰਾਂ ਮੈਂਬਰੀ ਨਵੀਂ ਕਮੇਟੀ ਦਾ ਪੈਨਲ ਹਾਜ਼ਰੀਨ ਸਾਹਮਣੇ ਪੇਸ਼ ਕੀਤਾ। ਜਿਸ ਵਿੱਚ ਪ੍ਰਧਾਨ ਅਮਰੀਕ ਸਿੰਘ ਲੁਹਾਰਕਾ , ਸੀਨੀ :ਮੀਤ ਪ੍ਰਧਾਨ ਅਰਵਿੰਦਰਪਾਲ ਸਿੰਘ ਸੰਘਾ, ਮੀਤ ਪ੍ਰਧਾਨ ਜਗਰੂਪ ਸਿੰਘ, ਪਰਮਪਾਲ ਸਿੰਘ, ਮਲੂਕ ਸਿੰਘ , ਸਕੱਤਰ ਕੁਲਦੀਪ ਕੁਮਾਰ, ਮੀਤ ਸਕੱਤਰ ਮਨਦੀਪ ਸਿੰਘ, ਖਜਾਨਚੀ ਜਤਿੰਦਰਪਾਲ ਸਿੰਘ, ਜਥੇਬੰਦਕ ਸਕੱਤਰ ਰਾਜਿੰਦਰ ਕੁਮਾਰ, ਰਾਕੇਸ਼ ਕੁਮਾਰ, ਆਡੀਟਰ ਇਕਬਾਲ ਸਿੰਘ ਦੇ ਨਾਮ ਬਤੌਰ ਅਹੁੱਦੇਦਾਰਾਂ ਦੇ ਰੂਪ ਵਿੱਚ ਹਾਜ਼ਰੀਨ ਨੇ ਨਾਅਰਿਆਂ ਦੀ ਗੂੰਜ ਵਿੱਚ ਪ੍ਰਵਾਨ ਕੀਤੇ। ਅਖੀਰ 'ਤੇ ਪ੍ਰਧਾਨ ਅਮਰੀਕ ਸਿੰਘ ਲੁਹਾਰਕਾ ਨੇ ਨਵੀਂ ਚੁਣੀ ਕਮੇਟੀ ਦੀ ਤਰਫੋਂ ਜਥੇਬੰਦੀ ਦੇ ਕੰਮ ਨੂੰ ਪੂਰੀ ਤਨਦੇਹੀ ਨਾਲ ਕਰਨ ਦਾ ਹਾਜ਼ਰੀਨ ਨੂੰ ਭਰੋਸਾ ਦਿੱਤਾ। ਉਪਰੰਤ ਚੁਣੇ ਗਏ ਅਹੁੱਦੇਦਾਰਾਂ ਦਾ ਸੀਨੀਅਰ ਲੀਡਰਸ਼ਿਪ ਨੇ ਹਾਰ ਪਾ ਕੇ ਸਨਮਾਨ ਕੀਤਾ।



# ਸੋਨੀਆ ਮਾਨ ਵੱਲੋਂ ਹਲਕਾ ਰਾਜਾਸਾਂਸੀ ਦੀਆਂ ਸੜਕਾਂ ਦੇ ਕੰਮ ਦੀ ਸ਼ੁਰੂਆਤ



**ਅੰਮ੍ਰਿਤਸਰ, ਰਾਜਾਸਾਂਸੀ (ਜਗਦੀਸ਼ ਕਮਲੇਸ਼)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪੰਜਾਬ 'ਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਨੂੰ ਹੋਰ ਤੇਜ਼ ਕਰਨ ਲਈ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਇੰਚਾਰਜ ਅਤੇ ਯੁੱਧ ਨਸ਼ਿਆਂ ਵਿਰੁੱਧ ਮਾਝਾ ਜੋਨ ਦੇ ਇੰਚਾਰਜ ਮੈਡਮ ਸੋਨੀਆ ਮਾਨ ਵੱਲੋਂ ਰਾਜਾਸਾਂਸੀ ਹਲਕੇ ਦੀਆਂ ਸੜਕਾਂ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਅੰਮ੍ਰਿਤਸਰ-ਫਤਿਹਗੜ੍ਹ ਵਾਇਆ ਬੂਆ ਨੰਗਲੀ, ਲੋਹਾਰਕਾ ਕਲਾਂ, ਰਾਜਾਸਾਂਸੀ ਤੋਂ ਅਦਲੀਵਾਲਾ ਰੋਡ ਅਤੇ ਅਦਲੀਵਾਲਾ ਤੋਂ ਮੁਗਲਾਨੀ ਕੋਟ ਰਾਣੇਵਾਲੀ-ਡੇਰਾ ਸੁੱਚਾ ਸਿੰਘ ਲਗਭਗ 16 ਕਿਲੋਮੀਟਰ ਸੜਕਾਂ 7 ਕਰੋੜ 71 ਲੱਖ ਦੀ ਲਾਗਤ ਨਾਲ ਤਿਆਰ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਕੰਮ ਦਾ ਉਦਘਾਟਨ ਕਰਦੇ ਹੋਏ ਹਲਕਾ ਇੰਚਾਰਜ ਸੋਨੀਆ ਮਾਨ ਨੇ ਅਕਾਲੀ ਕਾਂਗਰਸੀ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਰਾਜਾਸਾਂਸੀ ਹਲਕੇ ਵਿੱਚ ਸਿਆਸਤ ਕਰ ਰਹੇ ਲੀਡਰਾਂ ਨੇ ਆਪਣੇ ਘਰ ਭਰਨ ਤੋਂ ਇਲਾਵਾ ਹਲਕੇ ਵਿੱਚ ਕੋਈ ਵਿਕਾਸ ਨਹੀਂ ਕੀਤਾ ਅਤੇ ਵੋਟਾਂ ਦੇ ਨਾਂ 'ਤੇ ਲੋਕਾਂ ਨਾਲ ਸਿਰਫ ਸਿਆਸਤ ਕੀਤੀ। ਇਸ ਮੌਕੇ ਆਪ ਆਗੂ ਰੇਸ਼ਮ ਸਿੰਘ ਵੜੈਚ, ਸਰਪੰਚ ਸੁਖਚੈਨ ਸਿੰਘ ਅਦਲੀਵਾਲਾ, ਕਵਲਪ੍ਰੀਤ ਸਿੰਘ ਸ਼ਾਹ ਬਲਾਕ ਸੰਮਤੀ ਮੈਂਬਰ, ਬਲਾਕ ਪ੍ਰਧਾਨ ਦਲਵਿੰਦਰ ਸਿੰਘ,ਸਰਪੰਚ ਗੁਰਬਿੰਦਰ ਸਿੰਘ ਮੁਗਲਾਨੀ ਕੋਟ, ਸਾਬਕਾ ਸਰਪੰਚ ਅਮਰਜੀਤ ਮੁਗਲਾਨੀ ਕੋਟ,ਰਣਜੀਤ ਸਿੰਘ ਥਾਣੇਦਾਰ,ਸਤਨਾਮ ਸਿੰਘ ਵੜੈਚ, ਪਰਮਜੀਤ ਸਿੰਘ ਥਾਣੇਦਾਰ, ਇੰਸਪੈਕਟਰ ਬਲਰਾਜ ਸਿੰਘ,ਨੰਬਰਦਾਰ ਭੁਪਿੰਦਰ ਸਿੰਘ,ਸਰਪੰਚ ਮਨਦੀਪ ਕੌਰ ਬੂਆ ਨੰਗਲੀ,'ਆਪ' ਆਗੂ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਡਾ. ਕਰਨਵੀਰ ਸਿੰਘ ਨੇ ਐੱਸ ਡੀ ਐੱਮ ਤਰਨ ਤਾਰਨ ਵਜੋਂ ਅਹੁਦਾ ਸੰਭਾਲਿਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- 2025 ਬੈਚ ਦੇ ਪੀ. ਸੀ. ਐਸ ਅਫ਼ਸਰ ਡਾ. ਕਰਨਵੀਰ ਸਿੰਘ ਨੇ ਵੀਰਵਾਰ ਨੂੰ ਐਸ.ਡੀ.ਐਮ ਤਰਨ ਤਾਰਨ ਵਜੋਂ ਚਾਰਜ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਤਰਨ ਤਾਰਨ ਵਿਖੇ ਹੀ ਮੁੱਖ ਮੰਤਰੀ ਫੀਲਡ ਅਫ਼ਸਰ ਵਜੋਂ ਆਪਣੀਆਂ ਬਿਹਤਰੀਨ ਸੇਵਾਵਾਂ ਦੇ ਰਹੇ ਹਨ। ਆਪਣੇ ਨਵੇਂ ਅਹੁਦੇ ਦਾ ਚਾਰਜ ਸੰਭਾਲਦਿਆਂ ਡਾ. ਕਰਨਵੀਰ ਸਿੰਘ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਯੋਜਨਾਵਾਂ ਨੂੰ ਹੋਰ ਬਿਹਤਰ ਢੰਗ ਨਾਲ ਲਾਗੂ ਕਰਨ ਨੂੰ ਤਰਜੀਹ ਦੇਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਲੋਕਾਂ ਨੂੰ ਸਾਫ-ਸੁਥਰਾ, ਪ੍ਰਭਾਵਸ਼ਾਲੀ, ਕੁਸ਼ਲ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਦਾਨ ਕਰਨ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮਾਂ ਅਤੇ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਹੋਵੇਗਾ।



# ਹੋਲੇ ਮਹੱਲੇ ਦੇ ਦਰਸ਼ਨਾਂ ਲਈ ਮਜੀਠਾ ਤੋਂ ਪੈਦਲ ਯਾਤਰਾ ਰਵਾਨਾ



**ਮਜੀਠਾ (ਸੋਇਮ ਆਨੰਦ)** - ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਜਿਸ ਦੇ ਦਰਸ਼ਨਾਂ ਲਈ ਬਲਾਕ ਮਜੀਠਾ ਦੇ ਪਿੰਡ ਨੰਗਲ ਪੰਨੂਆਂ ਤੋਂ ਬਾਬਾ ਬਿਧੀ ਚੰਦ ਜੀ ਦੀ ਨਿਹੰਗ ਸਿੰਘ ਜਥੇਬੰਦੀ ਦੇ ਮਹਾਂਕਾਲ ਜਥੇਦਾਰ ਜਸਵਿੰਦਰ ਸਿੰਘ ਮੱਲੀ ਦੀ ਅਗਵਾਈ ਹੇਠ ਪਿੰਡ ਨੰਗਲ ਪੰਨੂਆਂ ਤੋਂ ਪੰਦਰਵੀਂ ਪੈਦਲ ਯਾਤਰਾ ਰਵਾਨਾ ਕੀਤੀ ਗਈ। ਇਸ ਮੌਕੇ ਬਾਬਾ ਬਿਧੀ ਚੰਦ ਦੇ ਜਥੇ ਵੱਲੋਂ ਨੰਗਲ ਪੰਨੂਆਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਪੰਦਰਵੀਂ ਪੈਦਲ ਯਾਤਰਾ ਦਾ ਅਰੰਭ ਕੀਤਾ ਗਿਆ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਮੱਲੀ ਤੇ ਜਥੇਦਾਰ ਪ੍ਰਗਟ ਸਿੰਘ ਪੰਨੂੰ ਨੇ ਦੱਸਿਆ ਕਿ ਸੰਗਤਾਂ ਵੱਲੋਂ ਸਾਰੇ ਰਸਤੇ ਸ਼ਬਦ ਗਾਇਨ ਤੇ ਸ਼ਬਦ ਕੀਰਤਨ ਕਰਦੇ ਹੋਏ ਵੱਖ ਵੱਖ ਪੜਾਵਾਂ ਰਾਹੀਂ ਰਸਤੇ ਵਿਚ ਪੈਂਦੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਦਿਦਾਰੇ ਕਰਦਿਆਂ 3 ਮਾਰਚ ਨੂੰ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਿਰਕਤ ਕੀਤੀ ਜਾਵੇਗੀ। ਇਸ ਮੌਕੇ ਪਿੰਡ ਹਰੀਆਂ ਵਿਖੇ ਨਰਿੰਦਰ ਸਿੰਘ ਵੱਲੋਂ ਆਈਆਂ ਸੰਗਤਾਂ ਦਾ ਸੁਆਗਤ ਕੀਤਾ ਗਿਆ ਅਤੇ ਦੁੱਧ ਦੇ ਲੰਗਰ ਛਕਾਏ ਗਏ ।ਇਸ ਮੌਕੇ ਮਹਾਂਕਾਲ ਬਾਬਾ ਸੁੱਖਾ ਸਿੰਘ ਬੁੱਢਾ ਦਲ ਸਾਮਨਗਰ, ਜਥੇਦਾਰ ਪ੍ਰਗਟ ਸਿੰਘ, ਮੋਹਨ ਸਿੰਘ ਮਜੀਠਾ, ਹਰਮਨ ਸਿੰਘ ਬੰਟੀ, ਮਜੀਠਾ ਤੋਂ ਜਥੇਦਾਰ ਜ਼ੋਰਾਵਰ ਸਿੰਘ, ਸਿਮਰਨਜੋਤ ਸਿੰਘ, ਬਾਊ ਸਿੰਘ, ਸੁਖਵੰਤ ਸਿੰਘ ਮਜੀਠਾ, ਨਰਿੰਦਰ ਸਿੰਘ ਹਰੀਆਂ, ਗਰਮੇਜ ਸਿੰਘ, ਕੁਲਦੀਪ ਸਿੰਘ, ਕਰਨਬੀਰ ਸਿੰਘ, ਸ਼ਮਸ਼ੇਰ ਸਿੰਘ ਹਰੀਆਂ, ਤਿਲਕ ਰਾਜ , ਰਣਜੋਧ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਮਨੀ, ਮਨਦੀਪ ਸਿੰਘ, ਮਹਿਤਾਬ ਸਿੰਘ, ਜਰਮਨ ਸਿੰਘ, ਬੱਬੂ ਸਿੰਘ, ਸੁਖਮਨਪ੍ਰੀਤ ਸਿੰਘ ਗੋਲੂ, ਹਰਜਿੰਦਰ ਸਿੰਘ, ਸੋਨੂ ਸਿੰਘ, ਸੁਪਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੀਬੀਆਂ ਤੇ ਨਿਹੰਗ ਸਿੰਘ ਸ਼ਰਧਾਲੂ ਹਾਜ਼ਰ ਸਨ।

# ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਲੋਕ ਵਿਰੋਧੀ ਫੈਸਲਿਆਂ ਦੀ ਨਿਖੇਧੀ

**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲੀ)**- ਭਾਰਤੀ ਕਮਿਊਨਿਸਟ ਪਾਰਟੀ ਬਲਾਕ ਕਮੇਟੀ ਖਡੂਰ ਸਾਹਿਬ ਦੀ ਮੀਟਿੰਗ ਕਾਮਰੇਡ ਜਗੀਰ ਸਿੰਘ ਭਰੋਵਾਲ ਦੀ ਪ੍ਰਧਾਨਗੀ ਹੇਠ ਭਗਵੰਤ ਸਿੰਘ ਵੈਂਈ ਪੂੰਈ ਦੇ ਗ੍ਰਹਿ ਵਿਖੇ ਹੋਈ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪੁੰਹਚੇ ਜਿਲ੍ਹਾ ਸਕੱਤਰ ਦਵਿੰਦਰ ਕਮਾਰ ਸੋਹਲ ਤੇ ਜਿਲ੍ਹਾ ਸਹਾਇਕ ਸਕੱਤਰ ਗਰਦਿਆਲ ਸਿੰਘ ਖਡੂਰ ਸਾਹਿਬ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਤੇ ਕੇਂਦਰ ਦੀ ਸਰਕਾਰ ਨੇ ਲੋਕਾਂ ਦਾ ਜਿਉਣਾ ਦੁਭਰ ਕਰ ਦਿੱਤਾ ਹੈ । ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਨਤਕ ਜਾਇਦਾਦਾਂ ਕੌਡੀਆਂ ਦੇ ਭਾਅ ਵੇਚ ਰਹੀ ਹੈ । ਤਰਨ ਤਾਰਨ ਵਿਖੇ ਸੇਰੋ ਖੰਡ ਮਿਲ ਦੀ ਜਮੀਨ ਲੱਗਪਗ 100/ ਏਕੜ ਵੇਚੀ ਜਾ ਰਹੀ ਹੈ। ਇਸ ਖਿਲਾਫ ਸਯੁੰਕਤ ਕਿਸਾਨ ਮੋਰਚੇ ਵੱਲੋਂ ਲੱਗੇ ਪੱਕੇ ਮੋਰਚੇ 'ਚ ਸਾਥੀਆਂ ਨੂੰ ਜਾਣ ਦੀ ਅਪੀਲ ਕੀਤੀ । ਭਾਰਤੀ ਕਮਿਊਨਿਸਟ ਪਾਰਟੀ ਬਲਾਕ ਕਮੇਟੀ ਖਡੂਰ ਸਾਹਿਬ ਦੇ ਸਕੱਤਰ ਕਾਮਰੇਡ ਬਲਜੀਤ ਸਿੰਘ ਫਤਿਆਬਾਦ ਨੇ ਦੱਸਿਆ ਕਿ ਮਹਾਨ ਦੇਸ਼ ਭਗਤ ਗਦਰੀ ਬਾਬਾ ਸ਼ੇਰ ਸਿੰਘ ਵੇਂਈ ਪੂੰਈ ਦੀ ਸਲਾਨਾ ਬਰਸੀ 10 ਮਾਰਚ ਨੂੰ ਉਹਨਾਂ ਦੇ ਜੱਦੀ ਪਿੰਡ ਵਿਖੇ ਮਨਾਈ ਜਾ ਰਹੀ ਹੈ । ਬਰਸੀ ਮੌਕੇ ਹੋਣ ਵਾਲੀ ਕਾਨਫਰੰਸ ਨੂੰ ਸੀ ਪੀ ਆਈ ਦੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ , ਪੰਜਾਬ ਇਸਤਰੀ ਸਭਾ ਸੂਬਾ ਪ੍ਰਧਾਨ ਰਜਿੰਦਰਪਾਲ ਕੌਰ ਤੇ ਕੁੱਲ ਹਿੰਦ ਕਿਸਾਨ ਸਭਾ ਸੂਬਾ ਪ੍ਰੈਸ ਸਕੱਤਰ ਬਲਕਾਰ ਸਿੰਘ ਵਲਟੋਹਾ, ਸੀ ਪੀ ਆਈ ਦੇ ਜਿਲ੍ਹਾ ਸਕੱਤਰ ਦਵਿੰਦਰ ਸੋਹਲ, ਜਿਲ੍ਹਾ ਸਹਾਇਕ ਸਕੱਤਰ ਗਰਦਿਆਲ ਸਿੰਘ ਖਡੂਰ ਸਾਹਿਬ ਸੰਬੋਧਨ ਕਰਨ ਲਈ ਪੁੰਹਚ ਰਹੇ ਹਨ । ਮੀਟਿੰਗ ਵਿਚ ਉਹਨਾਂ ਤੋਂ ਇਲਾਵਾ ਭਗਵੰਤ ਸਿੰਘ ਵੈਂਈ ਪੂੰਈ , ਘੁਕ ਸਿੰਘ ਵੈਂਈ ਪੂੰਈ , ਜਗਤਾਰ ਸਿੰਘ ਖਡੂਰ ਸਾਹਿਬ , ਮੇਜਰ ਸਿੰਘ ਦਾਰਾਪੁਰ , ਸੁਖਵਿੰਦਰ ਸਿੰਘ , ਜਤਿੰਦਰ ਕਮਾਰ ਮੁਗਲਾਣੀ, ਜਸਵੰਤ ਸਿੰਘ ਖਡੂਰ ਸਾਹਿਬ , ਗੁਰਚਰਨ ਸਿੰਘ ਕੰਡਾ, ਸੰਤੋਖ ਕੌਰ ਵੈਂਈ ਪੂੰਈ ਤੇ ਕਲਵਿੰਦਰਕੌਰ ਵੈਂਈ ਪੂੰਈ ਹਾਜਰ ਸਨ।



# ਦੋ ਦਿਨਾ ਖੇਡ ਸਮਾਰੋਹ ਯਾਦਾਂ ਬਿਖੇਰਦਾ ਸਮਾਪਤ

**ਗੁਰਦਾਸਪੁਰ (ਜਨਕ ਮਹਾਜਨ)**- ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਦੋ ਦਿਨਾਂ ਤੱਕ ਚੱਲਿਆ 55ਵਾਂ ਸਲਾਨਾ ਖੇਡ ਸਮਾਰੋਹ ਯਾਦਾਂ ਬਿਖੇਰਦਾ ਸਮਾਪਤ ਹੋ ਗਿਆ। ਸਮਾਰੋਹ ਦੇ ਦੂਜੇ ਦਿਨ ਦੇ ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਡਾ. ਅਮਨਦੀਪ ਸਿੰਘ ਡਾਇਰੈਕਟਰ ਯੂਥ ਵੈਲਫੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸ਼ਿਰਕਤ ਕੀਤੀ।ਆਖਰੀ ਦਿਨ ਵਿਦਿਆਰਥੀਆਂ ਵਲੋਂ 1000 ਮੀਟਰ ਦੌੜ, 400 ਮੀਟਰ ਦੌੜ (ਲੜਕੇ-ਲੜਕੀਆਂ), ਲੜਕਿਆਂ ਦੀ ਡਿਸਕਸ ਥਰੋ ਆਦਿ ਮੁਕਾਬਲਿਆਂ ਵਿਚ ਬੇਹੱਦ ਉਤਸ਼ਾਹ ਨਾਲ ਭਾਗ ਲਿਆ ਗਿਆ। ਇਸ ਤੋਂ ਇਲਾਵਾ ਦਫਤਰੀ ਸਟਾਫ ਅਤੇ ਦਰਜਾ ਚਾਰ ਕਰਮਚਾਰੀਆਂ ਲਈ 400 ਮੀਟਰ ਦੌੜ ਕਰਵਾਈ ਗਈ। ਮੁੱਖ ਮਹਿਮਾਨ ਪ੍ਰੋ. ਡਾ. ਅਮਨਦੀਪ ਸਿੰਘ ਨੇ ਆਪਣੇ ਵਿਸਥਾਰਤ ਅਤੇ ਪ੍ਰੇਰਕ ਸੰਬੋਧਨ ਵਿੱਚ ਖੇਡਾਂ ਦੀ ਮਹੱਤਤਾ ਉੱਤੇ ਚਾਨਣ ਪਾਇਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ "ਸਵੱਛ ਮਨ ਵਿੱਚ ਹੀ ਸਵੱਛ ਸਰੀਰ ਵੱਸਦਾ ਹੈ।" ਇਸ ਖੇਡ ਮੇਲੇ ਦੌਰਾਨ ਬੀ.ਏ. ਚੌਥਾ ਸਮੈਸਟਰ ਦੀ ਵਿਦਿਆਰਥਣ ਸੁਪੰਦੀਪ ਕੌਰ ਨੂੰ ਲੜਕੀਆਂ ਵਿਚੋਂ "ਬੈਸਟ ਅਥਲੀਟ" ਘੋਸ਼ਿਤ ਕੀਤਾ ਗਿਆ, ਜਦ ਕਿ ਬੀ.ਕਾਮ ਚੌਥਾ ਸਮੈਸਟਰ ਦੇ ਵਿਦਿਆਰਥੀ ਰਿਸ਼ੀ ਕੁਮਾਰ ਨੂੰ ਲੜਕਿਆਂ ਵਿੱਚੋਂ "ਬੈਸਟ ਅਥਲੀਟ" ਦਾ ਖਿਤਾਬ ਪ੍ਰਦਾਨ ਕੀਤਾ ਗਿਆ। ਸਮਾਰੋਹ ਦੇ ਅੰਤ ਵਿਚ ਪ੍ਰੋਫੈਸਰ ਰਾਜ ਕੌਰ ਅਤੇ ਪ੍ਰੋਫੈਸਰ ਬਲਜੀਤ ਸਿੰਘ ਨੇ ਖੇਡ ਸਮਾਰੋਹ ਦੀ ਸਫਲਤਾ ਲਈ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਗਿਆ



**ਗੁਰਦਾਸਪੁਰ (ਜਨਕ ਮਹਾਜਨ)**- ਟਰੈਫਿਕ ਪੁਲਿਸ ਗੁਰਦਾਸਪੁਰ ਵਲੋਂ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਸੈਮੀਨਾਰ ਕੈਂਬਰਿਜ਼ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵਿਖੇ ਲਗਾਇਆ ਗਿਆ ਜਿਸ ਵਿਚ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਸ਼ਾਮਿਲ ਕਰਕੇ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਤੇ ਐਕਸੀਡੈਂਟ ਤੋਂ ਬਚਣ ਲਈ ਹਮੇਸ਼ਾ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਤ ਕੀਤਾ ਗਿਆ। ਟਰੈਫਿਕ ਇੰਚਾਰਜ ਸਤਨਾਮ ਸਿੰਘ ਏ.ਐਸ.ਆਈ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਹੈਲਮਟ ਸੀਟ ਬੈਲਟ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਡਰਾਈਵਿੰਗ ਲਾਇਸੰਸ ਦੀ ਅਹਿਮੀਅਤ ਬਾਰੇ ਦੱਸਿਆ ਗਿਆ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਕਰਨ ਉੱਪਰ ਹੋਣ ਵਾਲੀ ਕਾਨੂੰਨੀ ਕਾਰਵਾਈ ਸਬੰਧੀ ਵਿਸਥਾਰ-ਪੂਰਵਕ ਦੱਸਿਆ ਗਿਆ ਅਤੇ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਅਪੀਲ ਕੀਤੀ ਗਈ।ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ ਗਿਆ। ਸੈਮੀਨਾਰ ਵਿਚ ਅਮਨਦੀਪ ਸਿੰਘ ਪ੍ਰਿੰਸੀਪਲ ਸਾਹਿਬ ਤੇ ਸਮੂਹ ਸਟਾਫ ਨੇ ਹਿੱਸਾ ਲਿਆ।

# ਸਰਬੱਤ ਦਾ ਭਲਾ ਟਰੱਸਟ ਵੱਲੋਂ 214 ਧੀਆਂ ਦੇ ਵਿਆਹ, ਘਰ ਬਣਾਉਣ ਦਾ ਕੰਮ ਸ਼ੁਰੂ : ਡਾ. ਉਬਰਾਏ

**ਅੰਮ੍ਰਿਤਸਰ/ਅਜਨਾਲਾ (ਜਗਦੀਸ਼ ਕਮਲੇਸ਼)**- ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਤੇ ਖੁੱਲ੍ਹ ਦਿਲੀ ਕਾਰਨ ਪੂਰੀ ਦੁਨੀਆਂ ਅੰਦਰ 'ਰੱਬ ਦੇ ਫਰਿਸ਼ਤੇ' ਵੱਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਟਰੱਸਟ ਦੇ ਬਾਨੀ ਡਾ.ਐਸ.ਪੀ.ਸਿੰਘ ਉਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਸ਼ੁਰੂ ਕੀਤੀ ਗਈ 'ਹੜ ਪ੍ਰਭਾਵਿਤ ਵਿਆਹ ਯੋਜਨਾ' ਤਹਿਤ ਵੀਰਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਨਾਲ ਸੰਬੰਧਿਤ ਵੱਖ-ਵੱਖ ਪਰਿਵਾਰਾਂ ਦੀਆਂ 16 ਧੀਆਂ ਸਮੇਤ ਗੁਰਦਾਸਪੁਰ ਜ਼ਿਲ੍ਹੇ ਦੀ 1 ਧੀ ਦੇ ਵਿਆਹ ਲਈ ਸਹਾਇਤਾ ਦੇ ਰੂਪ 'ਚ ਇੱਕ-ਇੱਕ ਲੱਖ ਰੁਪਏ ਦੇ ਚੈੱਕ ਸ਼ਗਨ ਵਜੋਂ ਦਿੱਤੇ ਗਏ। ਇਸ ਸੇਵਾ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਉਚੇਚੇ ਤੌਰ 'ਤੇ ਪਹੁੰਚੇ ਡਾ ਉਬਰਾਏ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਕਰਨ ਦੇ ਫ਼ੈਸਲੇ ਤਹਿਤ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੀਆਂ 16, ਤਰਨਤਾਰਨ ਦੀਆਂ 25, ਫ਼ਿਰੋਜ਼ਪੁਰ ਦੀਆਂ 31, ਫਾਜ਼ਿਲਕਾ ਦੀਆਂ 28, ਮੋਗਾ ਦੀਆਂ 4 ਜਦ ਕਿ ਕਪੂਰਥਲਾ, ਜਲੰਧਰ ਤੇ ਗੁਰਦਾਸਪੁਰ ਦੀਆਂ 1-1 ਧੀਆਂ ਭਾਵ ਕੁਲ 107 ਪਰਿਵਾਰਾਂ ਨੂੰ ਵਿਆਹਾਂ ਵਾਸਤੇ ਇੱਕ-ਇੱਕ ਲੱਖ ਰੁਪਏ ਦੇਣ ਉਪਰੰਤ ਹੁਣ ਤੱਕ ਟਰੱਸਟ ਵੱਲੋਂ ਕੁਲ 214 ਧੀਆਂ ਦੇ ਵਿਆਹ ਕਰਵਾਏ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਘਰਾਂ ਨੂੰ ਬਣਾਉਣ ਦਾ ਕਾਰਜ ਵੀ ਆਰੰਭ ਹੋ ਗਿਆ ਹੈ, ਜਿਸ ਤਹਿਤ 15 ਪੀੜਤ ਪਰਿਵਾਰਾਂ ਨੂੰ ਲੋੜੀਂਦੀ ਰਾਸ਼ੀ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਗਈ ਹੈ। ਡਾ.ਉਬਰਾਏ ਨੇ ਵਿਆਹ ਕਾਰਜਾਂ ਦੀ ਵੱਡੀ ਸੇਵਾ ਨੂੰ ਨੇਪਰੇ ਚਾੜ੍ਹਨ ਲਈ ਸਿਆਟਲ (ਯੂ.ਐਸ.ਏ.) ਦੀ ਸਮੂਹ ਸਾਧ ਸੰਗਤ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਿਆਂ ਦੱਸਿਆ ਕਿ ਟਰੱਸਟ ਦੀ ਸਿਆਟਲ ਇਕਾਈ ਦੇ ਅਹੁਦੇਦਾਰ ਵੀ ਉਚੇਚੇ ਤੌਰ 'ਤੇ ਅਮਰੀਕਾ ਤੋਂ ਆ ਕੇ ਅੱਜ ਦੇ ਵਿਆਹ ਸਮਾਗਮਾਂ ਦਾ ਹਿੱਸਾ ਬਣੇ ਹਨ। ਸਮਾਗਮ ਦੇ ਅਖ਼ੀਰ 'ਚ ਕਸਬਾ ਚਮਿਆਰੀ ਦੇ ਮੋਹਤਬਰਾਂ ਵੱਲੋਂ ਡਾ.ਉਬਰਾਏ ਸਮੇਤ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਦੌਰਾਨ ਧੀਆਂ ਦੇ ਮਾਪਿਆਂ ਨੇ ਡਾ.ਉਬਰਾਏ ਸਮੇਤ ਟਰੱਸਟ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਉਨ੍ਹਾਂ ਦੀ ਬਦੌਲਤ ਅੱਜ ਉਹ ਆਪਣੀਆਂ ਧੀਆਂ ਦੇ ਵਿਆਹਾਂ ਦੇ ਖ਼ਰਚ ਤੋਂ ਭਾਰ ਮੁਕਤ ਹੋ ਗਏ ਹਨ।ਇਸ ਮੌਕੇ ਟਰੱਸਟੀ ਡਾ. ਸਤਨਾਮ ਸਿੰਘ ਨਿੱਝਰ,ਟਰੱਸਟ ਦੀ ਸਿਆਟਲ ਇਕਾਈ ਦੇ ਪ੍ਰਧਾਨ ਦਇਆਬੀਰ ਸਿੰਘ ਪਿੰਟੂ ਬਾਠ, ਗੁਰਦੀਪ ਸਿੰਘ ਸਿੱਧੂ, ਹਰਦੀਪ ਸਿੰਘ ਸਿੱਧ, ਗੁਰਮੀਤ ਸਿੰਘ ਨਿੱਜਰ, ਹਰਦੇਵ ਸਿੰਘ (ਯੂ. ਐਸ. ਏ.), ਸੈਕਟਰੀ ਰੈੱਡ ਕ੍ਰਾਸ ਸੈਮਸਨ ਮਸੀਹ, ਅਸਿਸਟੈਂਟ ਕਮਿਸ਼ਨਰ ਦਵਿੰਦਰ ਸਿੰਘ, ਮਾਸਟਰ ਅਮਰੀਕ ਸਿੰਘ ਸੰਧੂ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸੁਖਦੀਪ ਸਿੱਧੂ, ਸ਼ਿਸ਼ਪਾਲ ਸਿੰਘ ਲਾਡੀ, ਮਨਪ੍ਰੀਤ ਸੰਧੂ ਚਮਿਆਰੀ, ਰਵਿੰਦਰ ਸਿੰਘ ਮਠਾਰੂ, ਨਵਜੀਤ ਸਿੰਘ ਘਈ, ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ, ਫਤਿਹ ਛੀਨਾ ਤੋਂ ਇਲਾਵਾ, ਸਰਪੰਚ ਜੁਗਰਾਜਪਾਲ ਕੌਰ, ਸਾਬਕਾ ਸਰਪੰਚ ਜਰਨੈਲ ਸਿੰਘ ਵੜੈਚ, ਲੇਖਕ ਸਤਨਾਮ ਜੱਸੜ, ਗੁਰਚਰਨਜੀਤ ਸਿੰਘ ਅਵਾਨ, ਬਲਜਿੰਦਰ ਸਿੰਘ ਅਵਾਨ, ਪ੍ਰਭ ਸੋਹਲ, ਗੁਰਵਿੰਦਰ ਕਾਹਲੋਂ, ਬਾਬਾ ਰੇਸ਼ਮ ਸਿੰਘ, ਬਲਦੇਵ ਸਿੰਘ ਸੋਹੀ, ਜਸਬੀਰ ਸਿੰਘ ਢਿੱਲੋਂ, ਸਰਬਮਾਨ ਜੌਹਲ, ਦਲਬੀਰ ਸਿੰਘ ਧਾਲੀਵਾਲ ਕਲੇਰ, ਦਿਲਬਾਗ ਸਿੰਘ ਸੰਧੂ,ਹਰਦੇਵ ਸਿੰਘ ਸੰਧੂ, ਹੈਪੀ ਸੰਧੂ, ਵਿਰਸਾ ਸਿੰਘ ਸੋਹਲ,ਜਰਨੈਲ ਸਿੰਘ, ਅੰਗਰੇਜ਼ ਸਿੰਘ, ਫੌਜੀ ਸਰਬਜੀਤ ਸਿੰਘ, ਜੋਗਿੰਦਰ ਸਿੰਘ, ਰਵੀ ਬੱਲ, ਬਲਵਿੰਦਰ ਸਿੰਘ ਹਰੜ, ਕੁੱਕੂ ਕਾਹਲੋਂ, ਗੁਰਨੂਰ ਕਾਹਲੋਂ, ਮਨਜੋਤ ਕਨੇਡਾ, ਦਲਜੀਤ ਸਿੰਘ ਸਮੇਤ ਇਲਾਕੇ ਦੇ ਮੋਹਤਬਰ ਵਿਅਕਤੀ ਮੌਜੂਦ ਸਨ।



# ਸਵੇਰੇ-ਸ਼ਾਮੀ ਬਿਜਲੀ ਦੇ ਕੱਟਾਂ ਕਾਰਨ ਲੋਕ ਦੁਖੀ

**ਗੁਰਦਾਸਪੁਰ (ਜਨਕ ਮਹਾਜਨ)** ਗੁਰਦਾਸਪੁਰ ਸ਼ਹਿਰ ਅਤੇ ਦਿਹਾਤੀ ਖੇਤਰ ਦੇ ਪਿੰਡਾਂ ਅੰਦਰ ਬਿਜਲੀ ਦੀ ਸਪਲਾਈ ਸਵੇਰੇ ਸ਼ਾਮੀ ਬੰਦ ਰਹਿਣ ਕਰਕੇ ਜਨਤਾ ਕਾਫੀ ਪ੍ਰੇਸ਼ਾਨ ਹੈ। ਸਵੇਰੇ ਅਤੇ ਸ਼ਾਮੀ ਬਿਜਲੀ ਦੀ ਅਹਿਮ ਲੋੜ ਹੁੰਦੀ ਹੈ ਕਿਉਂਕਿ ਬੱਚੇ ਪੜ੍ਹਾਈ ਅਤੇ ਲੋਕਾਂ ਦੇ ਘਰੇਲੂ ਕੰਮ ਕਾਰ ਜਿਆਦਾਤਰ ਹੁੰਦੇ ਹਨ ਜਿਸ ਨਾਲ ਲੋਕ ਕਾਫੀ ਮੁਸ਼ਕਿਲ ਵਿੱਚੋਂ ਲੰਘ ਰਹੇ ਹਨ। ਇਸ ਨਾਲ ਦਿਹਾਤੀ ਖੇਤਰ ਦੇ ਛੋਟੇ ਉਦਯੋਗ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੇ ਹਨ। ਜਦੋਂ ਇਸ ਮਾਮਲੇ ਸਬੰਧੀ ਬਿਜਲੀ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਕੱਟ ਪਿੱਛੋਂ ਮਹਿਕਮੇ ਵੱਲੋਂ ਲਗਾਏ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਭਾਵੇਂ ਬਿਜਲੀ ਬੋਰਡ ਵਲੋਂ ਬਿਜਲੀ ਬੰਦ ਦੀ ਮੁਨਿਆਦੀ ਕਰਵਾਈ ਜਾਂਦੀ ਹੈ ਪਰ ਮਹਿਕਮਾ ਉਸ 'ਤੇ ਪੂਰਾ ਨਹੀਂ ਉਤਰਦਾ ।

# ਹਲਕਾ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ 'ਚ ਲੋਕ ਮਿਲਣੀਆਂ ਦਾ ਦੌਰ ਜਾਰੀ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਹਲਕਾ ਖਡੂਰ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਲਗਾਤਾਰ ਆਮ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਅਤੇ ਹਲਕੇ ਦੇ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋ ਕੇ ਲੋਕਾਂ ਦੇ ਦੁੱਖ ਸੁੱਖ ਵਡਾਉਣਾ ਹੀ ਮੇਰਾ ਪਹਿਲਾ ਧਰਮ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਮੁਹੰਮਦ ਖਾਂ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਲਗਾਤਾਰ ਹਲਕਾ ਖਡੂਰ ਸਾਹਿਬ ਵਿੱਚ ਲੋਕ ਮਿਲਣੀਆਂ ਕਰਕੇ ਪਤਾ ਲੱਗਾ ਹੈ ਕਿ ਲੋਕ ਕਿਵੇਂ ਪਿਆਰ ਅਤੇ ਸਤਿਕਾਰ ਦੇ ਰਹੇ ਹਨ। ਹਰ ਰੋਜ਼ ਪਿੰਡਾਂ ਵਿੱਚੋਂ ਮਿਲ ਰਿਹਾ ਪਿਆਰ ਸਾਨੂੰ ਦਿਨ ਰਾਤ ਲੋਕਾਂ ਲਈ ਚੰਗੇ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ।ਇਸ ਮੌਕੇ ਸੂਬੇਦਾਰ ਗੁਰਮੇਲ ਸਿੰਘ, ਮੈਂਬਰ ਸਾਹਬ ਸਿੰਘ, ਕੇਵਲ ਸਿੰਘ, ਹਰਪ੍ਰੀਤ ਸਿੰਘ, ਗੁਰਲਾਲ ਸਿੰਘ, ਰਣਦੀਪ ਸਿੰਘ, ਗੁਰਸੇਵਕ ਸਿੰਘ, ਅਮਰੀਕ ਸਿੰਘ ਆਦਿ ਸਾਥੀ ਹਾਜ਼ਰ ਸਨ।



# 'ਸੈਂਟਰ ਫਾਰ ਯੂਥ ਡਿਵੈੱਲਪਮੈਂਟ ਐਂਡ ਐਕਟੀਵਟੀਜ਼' ਹੜ੍ਹ ਪੀੜਤਾਂ ਲਈ ਉਮੀਦ ਦੀ ਨਵੀਂ ਕਿਰਨ

**ਧਾਰੀਵਾਲ (ਗੁਰਦਾਸਪੁਰ) (ਮਨਦੀਪ ਵਿੱਕੀ)**- ਪੂਨੇ ਸ਼ਹਿਰ ਤੋਂ ਲੈ ਕੇ ਪੰਜਾਬ ਦੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਤੱਕ "ਸੈਂਟਰ ਫਾਰ ਯੂਥ ਡਿਵੈਲਪਮੈਂਟ ਐਂਡ ਐਕਟਿਵਟੀਜ" (ਸੀ.ਵਾਈ.ਡੀ.ਏ.) ਹੜ੍ਹ ਪੀੜਤਾਂ ਦੀ ਮੱਦਦ ਕਰਕੇ ਮਿਸਾਲੀ ਉਦਾਹਰਣ ਕਾਇਮ ਕਰ ਰਿਹਾ ਹੈ। ਯੂਥ ਏਅਡ ਫਾਉਂਡੇਸ਼ਨ ਤੇ ਉਡਾਨ ਐਨ ਜੀ ਓ ਦੇ ਸਹਿਯੋਗ ਨਾਲ, ਸੀ.ਵਾਈ.ਡੀ.ਏ. ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਰਾਮਦਾਸ ਵਿੱਚ ਸਫਲਤਾਪੂਰਵਕ ਉਦਯਮਿਤਾ ਵਿਕਾਸ ਪ੍ਰੋਗਰਾਮ (ਈ.ਡੀ.ਪੀ.) ਆਯੋਜਿਤ ਕੀਤਾ। ਇਸ ਪਹਿਲ ਦਾ ਮੁੱਖ ਉਦੇਸ਼ ਪੰਜਾਬ ਵਿੱਚ ਆਈ ਭਿਆਨਕ ਹੜ੍ਹ ਦੌਰਾਨ ਪ੍ਰਭਾਵਿਤ ਹੋਏ ਰੋਜ਼ਗਾਰਾਂ ਨੂੰ ਮੁੜ ਖੜ੍ਹਾ ਕਰਨਾ ਹੈ। ਸੀ.ਵਾਈ.ਡੀ.ਏ. ਨੇ ਪੀੜਤ ਪਰਿਵਾਰਾਂ ਲਈ ਅੱਗੇ ਆ ਕੇ ਸਹਿਯੋਗ ਦਾ ਹੱਥ ਵਧਾਇਆ। ਤੁਰੰਤ ਰਾਹਤ ਮੁਹੱਈਆ ਕਰਵਾਉਣ ਤੋਂ ਲੈ ਕੇ ਪੁਨਰਵਾਸ ਕਾਰਜਾਂ ਦੀ ਅਗਵਾਈ ਕਰਨ ਤੱਕ, ਸੀ.ਵਾਈ.ਡੀ.ਏ. ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਇਸ ਦੀਆਂ ਮਹੱਤਵਪੂਰਣ ਪਹਿਲਾਂ ਵਿੱਚੋਂ ਇੱਕ ਸੂਰਜੀ ਊਰਜਾ ਆਧਾਰਿਤ ਆਰ.ਓ. ਜਲਮੀਨਾਰ ਪ੍ਰਣਾਲੀਆਂ ਦੀ ਸਥਾਪਨਾ ਹੈ, ਜਿਸ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸੁਰੱਖਿਅਤ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਲੰਬੇ ਸਮੇਂ ਲਈ ਟਿਕਾਊ ਸਹੂਲਤ ਯਕੀਨੀ ਬਣਾਈ ਜਾ ਰਹੀ ਹੈ। ਪਰ ਕੇਵਲ ਢਾਂਚਾਗਤ ਸੁਵਿਧਾਵਾਂ ਦਾ ਮੁੜ ਨਿਰਮਾਣ ਹੀ ਕਾਫ਼ੀ ਨਹੀਂ। ਇਸ ਪ੍ਰੋਗਰਾਮ ਵਿੱਚ ਉਦਯਮਿਤਾ ਦੀ ਜਾਣ-ਪਛਾਣ, ਕਾਰੋਬਾਰੀ ਦਸਤਾਵੇਜ਼ ਤਿਆਰ ਕਰਨ ਦੀ ਪ੍ਰਕਿਰਿਆ, ਵਿੱਤੀ ਅਤੇ ਡਿਜ਼ਿਟਲ ਸਾਖਰਤਾ, ਕਾਰੋਬਾਰੀ ਯੋਜਨਾ ਬਣਾਉਣ ਅਤੇ ਬਚਤ ਤੇ ਵਿਕਾਸ ਲਈ ਵਿਹਾਰਕ ਰਣਨੀਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਹ ਸੂਖਮ ਪੱਧਰ ਦੇ ਉਦਯਮੀਆਂ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਯੋਜਨਾਬੱਧ ਢੰਗ ਨਾਲ ਮੁੜ ਸ਼ੁਰੂਆਤ ਕਰਨ ਅਤੇ ਆਪਣਾ ਰੋਜ਼ਗਾਰ ਮਜ਼ਬੂਤ ਬਣਾਉਣ।



# ਨੂਰ ਹਸਪਤਾਲ ਕਾਦੀਆਂ 'ਚ ਮੁਫ਼ਤ ਫ਼ਾਇਬਰੋ ਸਕੈਨ ਕੈਂਪ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਜਮਾਤ ਅਹਮਦੀਆ ਕਾਦਿਆਨ ਦੀਆਂ ਭਲਾਈ ਸੇਵਾਵਾਂ ਤਹਿਤ ਨੂਰ ਹਸਪਤਾਲ ਕਾਦਿਆਨ ਵਿੱਚ ਵੀਰਵਾਰ ਨੂੰ ਜਿਗਰ ਦੀ ਜਾਂਚ ਨਾਲ ਸੰਬੰਧਿਤ ਇੱਕ ਮੁਫ਼ਤ ਫ਼ਾਇਬਰੋ ਸਕੈਨ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਮੁਫ਼ਤ ਡਾਕਟਰੀ ਸਹੂਲਤ ਦਾ ਲਾਭ ਲਿਆ।ਇਸ ਕੈਂਪ ਦਾ ਮਕਸਦ ਜਿਗਰ ਦੀਆਂ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਕਰਨੀ ਅਤੇ ਲੋਕਾਂ ਵਿੱਚ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨੀ ਸੀ। ਕੈਂਪ ਦੌਰਾਨ ਮਾਹਿਰਾਂ ਦੀ ਦੇਖ-ਰੇਖ ਹੇਠ ਨਵੀਂ ਫ਼ਾਇਬਰੋ ਸਕੈਨ ਤਕਨਾਲੋਜੀ ਰਾਹੀਂ ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਸ ਨਾਲ ਜਿਗਰ ਦੀ ਹਾਲਤ ਦੀ ਪੜਤਾਲ ਕਰਨ ਵਿੱਚ ਮਦਦ ਮਿਲਦੀ ਹੈ।ਜਮਾਤ ਅਹਮਦੀਆ ਹਮੇਸ਼ਾਂ ਤੋਂ ਲੋਕ ਸੇਵਾ ਦੇ ਕੰਮਾਂ ਵਿੱਚ ਅੱਗੇ ਰਹੀ ਹੈ ਅਤੇ ਬਿਨਾਂ ਕਿਸੇ ਧਰਮ ਜਾਂ ਕੌਮ ਦੇ ਭੇਦਭਾਵ ਦੇ ਮਨੁੱਖਤਾ ਦੀ ਸੇਵਾ ਨੂੰ ਆਪਣਾ ਮੁੱਖ ਉਦੇਸ਼ ਮੰਨਦੀ ਹੈ।

# ਜਨਗਣਨਾ ਸੰਬੰਧੀ ਦੋ ਦਿਨਾ ਸਿਖਲਾਈ ਸ਼ੁਰੂ

**ਗੁਰਦਾਸਪੁਰ (ਜਨਕ ਮਹਾਜਨ)**- ਜਨਗਣਨਾ 2027 ਦੇ ਸਬੰਧ ਵਿਚ ਜਿਲ੍ਹੇ ਦੇ ਸਮੂਹ ਚਾਰਜ ਅਫਸਰ ਅਤੇ ਜਨਗਣਨਾ ਸਟਾਫ ਨੂੰ ਦੋ ਦਿਨਾ ਸਿਖਲਾਈ ਦੇਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਕਮ-ਪ੍ਰਿੰਸੀਪਲ ਜਨਗਣਨਾ ਅਫਸਰ ਗੁਰਦਾਸਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਮੂਹ ਚਾਰਜ ਅਫਸਰ ਤੇ ਜਨਗਣਨਾ ਸਟਾਫ ਨੂੰ ਜਨਗਣਨਾ 2027 ਦੇ ਵੱਖ-ਵੱਖ ਪਹਿਲੂਆਂ ਸਬੰਧੀ ਗੰਭੀਰਤਾ ਨਾਲ ਸਿਖਲਾਈ ਲੈਣ ਲਈ ਕਿਹਾ। ਇਸ ਮੌਕੇ ਜਨਗਣਨਾ ਵਿਭਾਗ ਚੰਡੀਗੜ੍ਹ ਤੋਂ ਵਿਨੋਦ ਯਾਦਵ ਸਹਾਇਕ ਡਾਇਰੈਕਟਰ, ਰਾਜੇਸ਼ ਬਾਲੋਤਰਾ ਏ.ਆਰ.ਓ, ਅੰਕੁਰ ਸ਼ਰਮਾ ਇੰਨਵੈਸਟੀਗੇਟਰ ਗਰੇਡ-1 ਅਤੇ ਰਾਜੇਸ਼ ਸ਼ਰਮਾ ਉਪ ਅਰਥ ਤੇ ਅੰਕੜਾ ਸਲਾਹਕਾਰ -ਕਮ-ਐਡੀਸ਼ਨਲ ਜਨਗਣਨਾ ਅਫਸਰ ਗੁਰਦਾਸਪੁਰ ਹਾਜ਼ਰ ਸਨ। ਵਿਨੋਦ ਯਾਦਵ ਸਹਾਇਕ ਡਾਇਰੈਕਟਰ ਅਤੇ ਅੰਕੁਰ ਸ਼ਰਮਾ ਇੰਨਵੈਸਟੀਗੇਟਰ ਵਲੋਂ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਸਿਖਲਾਈ ਦੌਰਾਨ ਜਨਗਣਨਾ ਸੰਬੰਧੀ ਵੱਖ-ਵੱਖ ਪਹਿਲੂਆਂ ਜਿਵੇਂ ਜਨਗਣਨਾ ਸਬੰਧੀ ਕਾਨੂੰਨੀ ਪਹਿਲੂ, ਫੰਡ ਮੈਨੇਜਮੈਂਟ, ਮੈਨ ਪਾਵਰ ਅਤੇ ਪਬਲੀਸਿਟੀ ਗਤੀਵਿਧੀਆਂ, ਐਚ.ਐਲ.ਓ ਸਡਿਊਲ, ਸੀ.ਐਮ.ਐਮ.ਐਸ ਮਾਡਿਊਲ ਆਦਿ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜਨਗਣਨਾ ਦੋ ਪੜਾਵਾਂ ਵਿੱਚ ਕੀਤੀ ਜਾਵੇ ਗਈ। ਪਹਿਲਾ ਪੜਾਅ ਅਪ੍ਰੈਲ 2026 ਤੋਂ ਸਤੰਬਰ 2026 ਤੱਕ ਹੋਵੇਗਾ, ਜਿਸ ਵਿਚ ਘਰਾਂ ਦੀ ਸੂਚੀ ਅਤੇ ਰਿਹਾਇਸ਼ ਦੀ ਜਨਗਣਨਾ ਹੋਵੇਗੀ। ਦੂਸਰਾ ਪੜਾਅ ਫਰਵਰੀ 2027 ਨੂੰ ਹੋਵੇਗਾ, ਜਿਸ ਵਿਚ ਆਬਾਦੀ ਦੀ ਗਣਨਾ ਕੀਤੀ ਜਾਵੇਗੀ।



# ਗੁਰਦਾਸਪੁਰ ਵਿਖੇ ਅਗਨੀਵੀਰ ਭਰਤੀ ਰੈਲੀ 5 ਤੋਂ 20 ਮਾਰਚ ਤੱਕ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਭਾਰਤੀ ਫੌਜ ਭਰਤੀ ਦਫ਼ਤਰ, ਅੰਮ੍ਰਿਤਸਰ, ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ 05 ਤੋਂ 20 ਮਾਰਚ 2026 ਤੱਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਅਗਨੀਵੀਰ ਭਰਤੀ ਰੈਲੀ ਦਾ ਕਰਵਾ ਰਿਹਾ ਹੈ।ਇਸ ਭਰਤੀ ਰੈਲੀ ਵਿੱਚ, ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀਂ) ਦੀ ਭਰਤੀ ਕੀਤੀ ਜਾਵੇਗੀ। ਇਸ ਭਰਤੀ ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਕਰਨਲ ਜੇਮਜ਼ ਜੈਕਬ, ਡਾਇਰੈਕਟਰ ਭਰਤੀ ਦਫ਼ਤਰ ਨੇ ਦੱਸਿਆ ਕਿ ਇਸ ਭਰਤੀ ਰੈਲੀ ਵਿੱਚ, ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ, ਮੈਡੀਕਲ ਤੰਦਰੁਸਤੀ ਦੇ ਨਾਲ-ਨਾਲ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਇਸ ਮੌਕੇ ਸੂਬੇਦਾਰ ਮੇਜਰ ਸੰਜੇ ਅਤੇ ਸੂਬੇਦਾਰ ਪ੍ਰਵੀਨ ਵੀ ਮੌਜੂਦ ਸਨ।

# ਅਖੀਰਲੇ ਦਮ ਤੱਕ ਸੱਚ ਤੇ ਇਨਸਾਫ਼ ਦੀ ਲੜਾਈ ਲੜਦਾ ਰਹਾਂਗਾ : ਮਜੀਠੀਆ

## ਸ਼ਹਿਰ ਵਾਸੀਆਂ ਵੱਲੋਂ ਭਰਵਾਂ ਸਵਾਗਤ

**ਮਜੀਠਾ (ਸੋਇਮ ਆਨੰਦ)** ਸ਼੍ਰੋਮਣੀ ਅਕਾਲੀ ਦਲ ਵੱਲੋ ਮਿਸ਼ਨ 2027 ਤਹਿਤ ਪਾਰਟੀ ਦੀਆਂ ਗਤੀਵਿਧੀਆਂ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਪਾਰਟੀ ਦੇ ਜਨਰਲ ਸਕੱਤਰ, ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਆਪਣੇ ਪੁਸ਼ਤੈਨੀ ਹਲਕਾ ਮਜੀਠਾ ਦੇ ਸ਼ਹਿਰ ਮਜੀਠਾ ਵਿਚ ਪਹੁੰਚੇ। ਇਹ ਉਨ੍ਹਾਂ ਦੀ 7 ਮਹੀਨੇ ਬਾਅਦ ਹੋਈ ਰਿਹਾਈ ਉਪਰੰਤ ਮਜੀਠਾ ਵਿਚ ਪਹਿਲੀ ਆਮਦ ਸੀ, ਜਿਥੇ ਸ਼ਹਿਰ ਵਾਸੀਆਂ, ਅਕਾਲੀ ਵਰਕਰਾਂ ਤੇ ਸਰਗਰਮ ਆਗੂਆਂ ਨੇ ਭਰਵਾਂ ਸਵਾਗਤ ਕੀਤਾ। ਵਰਕਰਾਂ ਵੱਲੋਂ ਆਤਿਸ਼ਬਾਜੀ ਚਲਾ ਕੇ, ਫੁੱਲਾਂ ਦੀ ਵਰਖਾ ਕਰਕੇ ਅਤੇ ਭੰਗੜੇ ਪਾ ਕੇ ਮਜੀਠੀਆ ਦਾ ਨਿੱਘਾ ਸਵਾਗਤ ਕੀਤਾ। ਸਵਾਗਤ ਸਮਾਰੋਹ ਦੌਰਾਨ ਮਜੀਠੀਆ ਨੂੰ ਖੁੱਲੀ ਜੀਪ ਵਿਚ ਚੜ੍ਹਾਇਆ ਗਿਆ ਪਰ ਮਜੀਠੀਆ ਨੇ ਪੈਦਲ ਹੀ ਸ਼ਹਿਰ ਦੇ ਬਜ਼ਾਰਾਂ ਵਿਚ ਸ਼ਹਿਰ ਵਾਸੀਆਂ ਨੂੰ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਦਾ ਧੰਨਵਾਦ ਕਰਨ ਨੂੰ ਤਰਜੀਹ ਦਿੱਤੀ। ਵਰਕਰਾਂ ਦੇ ਭਰਵੇ ਇਕੱਠ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਝੂਠੇ ਕੇਸ ਵਿਚ 7 ਮਹੀਨੇ ਜੇਲ੍ਹ ਵਿਚ ਅੰਦਰ ਬੰਦ ਰੱਖਿਆ ਅਤੇ ਲੋਕਾਂ ਵਿਚ ਪ੍ਰਚਾਰ ਕੀਤਾ ਕਿ ਹੁਣ ਮਜੀਠੀਆ 2027 ਤਕ ਜੇਲ੍ਹ ਵਿਚੋਂ ਬਾਹਰ ਨਹੀਂ ਆਵੇਗਾ ਪਰ ਹਲਕੇ ਦੇ ਲੋਕਾਂ ਦੀਆਂ ਅਰਦਾਸਾਂ ਬੇਨਤੀਆਂ ਅਤੇ ਪਿਆਰ ਸਦਕਾ ਅੱਜ ਉਹ ਫਿਰ ਹਲਕੇ ਦੇ ਲੋਕਾਂ ਵਿਚ ਹਨ। ਉਨ੍ਹਾਂ ਨੇ ਪੰਜਾਬ ਦੀ ਵਿਗੜ ਰਹੀ ਅਮਨ ਤੇ ਕਾਨੂੰਨ ਦੀ ਸਥਿਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਜਿੰਨਾ ਚਿਰ ਪੰਜਾਬ ਵਿਚ ਐਕਟਿੰਗ ਡੀ.ਜੀ.ਪੀ. ਰਹੇਗਾ ਉਨ੍ਹਾਂ ਚਿਰ ਸੂਬੇ ਵਿਚ ਅਮਨ ਕਾਨੂੰਨ ਬਹਾਲ ਨਹੀਂ ਹੋ ਸਕਦਾ। ਉਨ੍ਹਾਂ ਨੇ ਪੰਜਾਬ ਵਿਚ ਪੱਕਾ ਡੀ.ਜੀ.ਪੀ. ਲਗਾਉਣ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਉਹ ਆਖਰੀ ਦਮ ਤੱਕ ਹੱਕ ਤੇ ਸੱਚ ਦੀ ਲੜਾਈ ਲੜਦੇ ਰਹਿਣਗੇ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਦਾ ਸਵਾਗਤ ਕਰਨ ਵਾਲਿਆਂ ਵਿਚ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਵੀ ਆਪਣੇ ਸਾਥੀਆਂ ਸਮੇਤ ਮੌਜੂਦ ਰਹੇ। ਜਿਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਦੇ ਕੋਈ ਸਮਾ ਸੀ ਜਦ ਉਨ੍ਹਾਂ ਦੋਹਾਂ ਵਿਚ ਕਾਫੀ ਮਤਭੇਦ ਸਨ ਪਰ ਉਨ੍ਹਾਂ ਨੇ ਕਦੀ ਵੀ ਇੱਕ ਦੂਸਰੇ ਦੇ ਪਰਿਵਾਰਾਂ ਦੇ ਖਿਲਾਫ ਕੋਈ ਬਿਆਨਬਾਜੀ ਨਹੀਂ ਕੀਤੀ ਪਰ ਅੱਜ ਆਮ ਆਦਮੀ ਪਾਰਟੀ ਵੱਲੋਂ ਸਾਰੀਆਂ ਹੱਦਾਂ ਪਾਰ ਕਰਕੇ ਵਿਰੋਧੀਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਹੜੀ ਕਿ ਚਿੰਤਾ ਵਾਲੀ ਗੱਲ ਹੈ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਦਾ ਸਵਾਗਤ ਕਰਨ ਵਾਲਿਆਂ ਵਿਚ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ, ਜਥੇਦਾਰ ਸੰਤੋਖ ਸਿੰਘ ਸਮਰਾ, ਪ੍ਰਧਾਨ ਸਲਵੰਤ ਸਿੰਘ ਸੇਠ, ਸਾਬਕਾ ਪ੍ਰਧਾਨ ਤੇ ਕੌਂਸਲਰ ਤਰੁਨ ਕੁਮਾਰ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ,ਸਾਬਕਾ ਵਾਈਸ ਚੇਅਰਮੈਨ ਦੁਰਗਾ ਦਾਸ, ਅਜੈ ਚੋਪੜਾ, ਮਨਪ੍ਰੀਤ ਸਿੰਘ ਉਪਲ, ਸਿਆਸੀ ਸਕੱਤਰ ਮਜੀਠੀਆ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਲਖਬੀਰ ਸਿੰਘ ਗਿੱਲ, ਜੱਥੇਦਾਰ ਸਰਬਜੀਤ ਸਿੰਘ ਸੁਪਾਰੀਵਿੰਡ, ਸਾਬਕਾ ਚੇਅਰਮੈਨ ਅਮਨਦੀਪ ਗਿੱਲ ਸੁਪਾਰੀਵਿੰਡ, ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਗਿੱਲ, ਸਾਬਕਾ ਮੀਤ ਪ੍ਰਧਾਨ ਦਿਲਬਾਗ ਸਿੰਘ ਗਿੱਲ, ਸੁਰਿੰਦਰਪਾਲ ਸਿੰਘ ਗੋਕਲ, ਚਰਨਜੀਤ ਸਿੰਘ ਗੋਲਾ, ਜਥੇਦਾਰ ਹਰਪਾਲ ਸਿੰਘ, ਉਕਾਰ ਸਿੰਘ, ਸਾਰਜ ਗਿੱਲ, ਲਾਟੀ ਨੰਬਰਦਾਰ, ਹਰਪਾਲ ਸਿੰਘ ਗਿੱਲ, ਬਿੱਲਾ ਸ਼ਾਹ ਆੜ੍ਹਤੀਆ, ਸੰਤ ਪ੍ਰਕਾਸ਼ ਸਿੰਘ, ਰਾਜਵਿੰਦਰ ਸਿੰਘ ਰਾਜਾ ਲਦੇਹ, ਜਤਿੰਦਰਪਾਲ ਸਿੰਘ ਸਾਬਾ ਹਮਜਾ, ਹਰਕੀਰਤ ਸਿੰਘ ਸ਼ਹੀਦ, ਸਰਬਜੀਤ ਸਿੰਘ ਚੰਦੀ, ਮੁਖਵੰਤ ਸਿੰਘ ਆਬਾਦੀ ਵਰਪਾਲ, ਰਸ਼ਪਾਲ ਸਿੰਘ ਗਿੱਲ, ਪਵਿਤਪਾਲ ਸਿੰਘ, ਹਰਜੋਤ ਸਿੰਘ ਸੋਖੀ, ਮੋਕਸ਼ ਅਬਰੋਲ, ਦਿਲਪ੍ਰੀਤ ਸਿੰਘ ਜਲਾਲਪੁਰਾ, ਰਾਜਨ ਆੜ੍ਹਤੀਆਂ, ਐਡਵੋਕੇਟ ਪ੍ਰਸ਼ਾਂਤ ਸ਼ਰਮਾਂ, ਦੀਪਕ ਆੜ੍ਹਤੀਆ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਹਾਜਰ ਸਨ।



# ਪਾਵਰਕਾਮ ਸਬ-ਡਵੀਜ਼ਨ ਦਫਤਰ ਧਾਰੀਵਾਲ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਧਾਰੀਵਾਲ (ਮਨਦੀਪ ਵਿੱਕੀ)**- ਪਾਵਰਕੌਮ ਸਬ ਡਿਵੀਜ਼ਨ ਧਾਰੀਵਾਲ ਦੇ ਐਸ.ਡੀ.ਓ.ਇੰਜੀ ਸਤਨਾਮ ਸਿੰਘ ਦੀ ਅਗਵਾਈ ਹੇਠ ਸਮੁੱਚੇ ਸਟਾਫ ਦੇ ਸਹਿਯੋਗ ਨਾਲ ਦਫਤਰ ਵਿਖੇ ਸਲਾਨਾ ਸਮਾਗਮ ਕਰਵਾਇਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕੀਰਤਨੀ ਜੱਥੇ ਨੇ ਇਲਾਹੀ ਬਾਣੀ ਦੇ ਕੀਰਤਨ ਦੁਆਰਾਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮੁੱਚੇ ਮੁਲਾਜ਼ਮਾਂ ਦੀ ਖੁਸ਼ਹਾਲੀ ਅਤੇ ਵਿਭਾਗ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਐਸ.ਡੀ.ਓ. ਇੰਜੀ ਸਤਨਾਮ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵਾਹਿਗੁਰੂ ਦੀ ਕਿਰਪਾ ਸਦਕਾ ਨੌਕਰੀਆਂ ਮਿਲੀਆਂ ਹਨ ਅਤੇ ਸਾਰੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ,ਮੇਹਨਤ ਅਤੇ ਇਮਾਨਦਾਰੀ ਨਾਲ ਕਰਨੀ ਚਾਹੀਦੀ ਹੈ। ਇਸ ਮੌਕੇ ਐਸ.ਡੀ.ਓ.ਇੰਜੀ ਸਤਨਾਮ ਸਿੰਘ ਵੱਲੋਂ ਪਾਠੀ ਸਿੰਘ, ਕੀਰਤਨੀ ਜੱਥੇ ਅਤੇ ਪ੍ਰਮੁੱਖ ਸਖਸ਼ੀਅਤਾਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਐਸ.ਡੀ.ਓ.ਮਹਿੰਦਰ ਪਾਲ ਕਲਾਨੌਰ, ਐਸ.ਡੀ.ਓ. ਦਵਿੰਦਰ ਸਿੰਘ ਨੌਸ਼ਹਿਰਾ ਮੱਝਾ ਸਿੰਘ, ਐਸ.ਡੀ. ਓ ਨਰਿਪਜੀਤ ਸਿੰਘ ਡੇਹਰੀਵਾਲ ਦੋਰਗਾ, ਏ.ਏ.ਓ. ਮਨੀਸ਼ ਮਹਾਜਨ, ਡਿਵੀਜ਼ਨ ਸੁਪਰਡੈਂਟ ਬਲਵਿੰਦਰ ਕੌਰ, ਡਿਵੀਜ਼ਨ ਅਕਾਉਂਟੈਂਟ ਸੁਪਰਡੈਂਟ ਸੰਦੀਪ ਕੌਰ, ਆਰ.ਏ.ਵੇਦ ਵਿਆਸ, ਜਸਵਿੰਦਰ ਸਿੰਘ ਗਿੱਲ, ਗੁਰਜੀਤ ਸਿੰਘ ਲੇਹਲ, ਮਨੋਜ ਸ਼ਰਮਾ ਪ੍ਰਧਾਨ, ਮਦਨ ਲਾਲ, ਜੇ.ਈ.ਦਿਲਬਾਗ ਸਿੰਘ, ਦਿਆਲ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ ਵੜੈਚ, ਹਰਵਿੰਦਰ ਸਿੰਘ ਕਲੇਰ, ਜਸਵਿੰਦਰ ਸਿੰਘ ਐਚ.ਡੀ. ਐਮ, ਮਨਜੀਤ ਸਿੰਘ ਕਲੇਰ, ਪ੍ਰਧਾਨ ਗੁਰਦੀਪ ਸਿੰਘ ਸਮੇਤ ਬਿਜਲੀ ਮੁਲਾਜ਼ਮ ਹਾਜ਼ਰ ਸਨ। ਇਸ ਦੌਰਾਨ ਕੌਫੀ, ਪਕੌੜੇ ਅਤੇ ਅਤੁੱਟ ਲੰਗਰ ਵਰਤਾਇਆ।



ਨਵਾਂ ਜ਼ਮਾਨਾ
ਸ਼ੁੱਕਰਵਾਰ, 27 ਫਰਵਰੀ 2026

# ਡਰਨ ਦੀ ਨਹੀਂ, ਲੜਨ ਦੀ ਲੋੜ

ਇਸ ਸਮੇਂ ਸਾਡੇ ਦੇਸ਼ ਅੰਦਰ ਲੋਕਤੰਤਰ ਦਾ ਕਚੂੰਬਰ ਕੱਢਿਆ ਜਾ ਰਿਹਾ ਹੈ। ਲੋਕਤੰਤਰ ਦੇ ਚਾਰੇ ਥੰਮ੍ਹ ਡਗਮਗਾ ਰਹੇ ਹਨ। ਨਿਆਂ ਪਾਲਿਕਾ ਦੀ ਭਰੋਸੇਯੋਗਤਾ ਵੀ ਕਮਜ਼ੋਰ ਪੈ ਚੁੱਕੀ ਹੈ। ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਕਿਸੇ ਨੂੰ ਯਕੀਨ ਨਹੀਂ ਰਿਹਾ। ਹਾਕਮ ਧਿਰ ਵਿਰੋਧੀਆਂ ਨੂੰ ਦਹਿਸ਼ਤਜ਼ਦਾ ਕਰਨ ਲਈ ਹਰ ਢੰਗ ਅਪਣਾ ਰਹੀ ਹੈ।

ਦੇਸ਼ ਦਾ ਭਲਾ ਚਾਹੁਣ ਵਾਲੇ ਲੋਕ ਜੇਲ੍ਹਾਂ ਵਿੱਚ ਧੱਕੇ ਜਾ ਰਹੇ ਹਨ। ਜੇ ਐੱਨ ਯੂ ਅੰਦਰੋਂ ਉਠਦੀਆਂ ਅਸਹਿਮਤੀਆਂ ਦੀਆਂ ਅਵਾਜ਼ਾਂ ਹੁਣ ਸੁਣਾਈ ਨਹੀਂ ਦੇ ਰਹੀਆਂ। ਉਥੋਂ ਦੇ ਜਾਗਰੂਕ ਮੁਸਲਿਮ ਵਿਦਿਆਰਥੀ ਬਿਨਾਂ ਕਾਰਨ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਹਨ। ਇਹੋ ਨਹੀਂ ਅਰਬਨ ਨਕਸਲ ਦੇ ਨਾਂਅ 'ਤੇ ਗਰੀਬਾਂ ਤੇ ਆਦਿਵਾਸੀਆਂ 'ਤੇ ਹੁੰਦੇ ਜ਼ੁਲਮਾਂ ਪ੍ਰਤੀ ਹਾਅ ਦਾ ਨਾਅਰਾ ਮਾਰਨ ਵਾਲੇ ਪ੍ਰੋਫੈਸਰਾਂ, ਵਕੀਲਾਂ ਤੇ ਸਮਾਜਿਕ ਕਾਰਕੁਨਾਂ ਨੂੰ ਲਗਾਤਾਰ ਸਰਕਾਰੀ ਅਤਾਬ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਦੁਨੀਆ ਭਰ ਦੇ ਪ੍ਰਤੀਨਿਧਾਂ ਦੀ ਹਾਜ਼ਰੀ ਵਾਲੀ ਏ ਆਈ ਇੰਪੈਕਟ-2026 ਸਮਿਟ ਵਿੱਚ ਯੂਥ ਕਾਂਗਰਸੀਆਂ ਦੇ ਵਿਰੋਧ ਨੂੰ ਰਾਸ਼ਟਰ ਵਿਰੋਧੀ ਕਹਿ ਕੇ ਉਨ੍ਹਾਂ ਨਾਲ ਅੱਤਵਾਦੀਆਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਇਸ ਨੂੰ ਮਰਿਆਦਾ ਭੰਗ ਕਰਨ ਵਾਲਾ ਕਹਿ ਕੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਮੁਜ਼ਾਹਰਾਕਾਰੀਆਂ ਵਿਰੁੱਧ ਸਖ਼ਤੀ ਦਾ ਇਸ਼ਾਰਾ ਕਰ ਦਿੱਤਾ ਹੈ। ਸਿੱਟੇ ਵਜੋਂ ਉਨ੍ਹਾਂ 'ਤੇ ਅਜਿਹੀਆਂ ਧਾਰਾਵਾਂ ਮੜ੍ਹੀਆਂ ਜਾ ਰਹੀਆਂ ਹਨ ਤਾਂ ਜੋ ਉਹ ਸਾਲਾਂਬੱਧੀ ਜੇਲ੍ਹਾਂ ਵਿੱਚ ਸੜਦੇ ਰਹਿਣ। ਕਾਂਗਰਸੀਆਂ ਵਿਰੁੱਧ ਇਹ ਕਾਰਵਾਈ ਦੂਜਿਆਂ ਲਈ ਵੀ ਚੇਤਾਵਨੀ ਹੈ ਕਿ ਉਹ ਸਰਕਾਰ ਵਿਰੁੱਧ ਬੋਲਣ ਤੱਕ ਦੀ ਜੁਰਅਤ ਸੋਚ-ਸਮਝ ਕੇ ਕਰਨ। ਦੁਨੀਆ ਭਰ ਵਿੱਚ ਵਾਤਾਵਰਣ ਪ੍ਰੇਮੀ ਵਜੋਂ ਜਾਣੇ ਜਾਂਦੇ ਸੋਨਮ ਵਾਂਗਚੁਕ ਨੂੰ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਦਿੱਲੀ ਦੇ ਗਾਜ਼ੀਆਬਾਦ ਵਿੱਚ 100 ਸਾਲ ਪੁਰਾਣੀ ਮਜ਼ਾਰ ਨੂੰ ਤੋੜਨ ਵਾਲੇ ਲੋਕਾਂ ਨੂੰ 24 ਘੰਟੇ ਵਿੱਚ ਜ਼ਮਾਨਤ ਮਿਲ ਜਾਂਦੀ ਹੈ, ਪਰ ਵਾਂਗਚੁੱਕ ਤੇ ਉਮਰ ਖਾਲਿਦ ਵਰਗਿਆਂ ਲਈ ਕਾਨੂੰਨ ਦੀ ਪ੍ਰੀਭਾਸ਼ਾ ਬਦਲ ਜਾਂਦੀ ਹੈ। ਸੰਸਦ ਵਿੱਚ ਸਪੀਕਰ ਬੰਦ ਕਰਕੇ ਵਿਰੋਧੀਆਂ ਦੀ ਅਵਾਜ਼ ਦਬਾਅ ਦਿੱਤੀ ਜਾਂਦੀ ਹੈ।

ਦੇਸ਼ ਦਾ ਸਨਮਾਨ ਅਮਰੀਕਾ ਦੇ ਨਿਰਲੱਜ ਤੇ ਦੁਸ਼ਟ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਗਹਿਣੇ ਰੱਖ ਦਿੱਤਾ ਗਿਆ ਹੈ। ਦੁਨੀਆ ਦੀ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਅੱਜ ਦੁਨੀਆਂ ਦੇ ਬੇਸ਼ਰਮ ਵਿਅਕਤੀ ਦੇ ਇਸ਼ਾਰਿਆਂ 'ਤੇ ਨੱਚ ਰਿਹਾ ਹੈ। ਅਮਰੀਕਾ ਦੇ ਇਸ ਦੁਸ਼ਟ ਰਾਸ਼ਟਰਪਤੀ ਨੂੰ ਖੁਸ਼ ਕਰਨ ਲਈ ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਦੇ ਕਾਤਲ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਜੱਫੀਆਂ ਪਾਈਆਂ ਜਾ ਰਹੀਆਂ ਹਨ।

ਡੋਨਾਲਡ ਟਰੰਪ ਦੇ ਕਹਿਣ 'ਤੇ ਸਿੰਧੂਰ ਅਪ੍ਰੇਸ਼ਨ ਦੌਰਾਨ ਸਫ਼ਲਤਾ ਹਾਸਲ ਕਰ ਰਹੀ ਫੌਜ ਨੂੰ ਰੋਕ ਦਿੱਤਾ ਗਿਆ। ਉਸ ਦੇ ਕਹਿਣ 'ਤੇ ਰੂਸ ਤੋਂ ਮਿਲਦਾ ਸਸਤਾ ਤੇਲ ਲੈਣਾ ਬੰਦ ਕਰ ਦਿੱਤਾ ਗਿਆ ਹੈ। ਅਮਰੀਕਾ ਨਾਲ ਕੀਤੇ ਗਏ ਵਪਾਰ ਸਮਝੌਤੇ ਰਾਹੀਂ 70 ਫ਼ੀਸਦੀ ਕਿਸਾਨਾਂ ਦੀ ਬਰਬਾਦੀ ਉੱਪਰ ਜਸ਼ਨ ਮਨਾਏ ਜਾ ਰਹੇ ਹਨ।

ਸੰਤੋਸ਼ ਵਾਲੀ ਗੱਲ ਇਹ ਹੈ ਕਿ ਇਸ ਸਮੇਂ ਸਰਕਾਰ ਵਿਰੁੱਧ ਖਿਲਾਫ਼ਤ ਦੀਆਂ ਧਾਰਾਵਾਂ ਲਗਾਤਾਰ ਵਹਿ ਰਹੀਆਂ ਹਨ।

ਪੰਜਾਬ ਦੇ ਕਿਸਾਨਾਂ ਦੀ ਅਗਵਾਈ ਵਿੱਚ ਦਿੱਲੀ ਦੀ ਸਰਹੱਦ 'ਤੇ ਲੜੇ ਗਏ ਲੰਮੇ ਘੋਲ ਤੇ ਰਾਹੁਲ ਗਾਂਧੀ ਵੱਲੋਂ ਕੀਤੀਆਂ ਗਈਆਂ ਲੰਮੀਆਂ ਪਦ ਯਾਤਰਾਵਾਂ ਨੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਸੀ ਕਿ ਡਰ ਨੂੰ ਪਾਸੇ ਰੱਖ ਕੇ ਹੀ ਏਕਾਅਧਿਕਾਰਵਾਦੀ ਤਾਕਤਾਂ ਨੂੰ ਹਰਾਇਆ ਜਾ ਸਕਦਾ ਹੈ।

ਅੱਜ ਮਹਿੰਗਾਈ ਸਿਖਰ 'ਤੇ ਹੈ। ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਬੁਲਡੋਜ਼ਰ ਸੱਭਿਆਚਾਰ ਰਾਹੀਂ ਲੋਕਾਂ ਦੇ ਰੈਣ ਬਸੇਰੇ ਢਹਿ-ਢੇਰੀ ਕੀਤੇ ਜਾ ਰਹੇ ਹਨ। ਬੇਰੁਜ਼ਗਾਰੀ ਦਾ ਦੈਂਤ ਜਵਾਨੀ ਨੂੰ ਨਿਗਲ ਰਿਹਾ ਹੈ। ਬੱਚਿਆਂ ਦੇ ਅਗਵਾ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਔਰਤਾਂ ਨਾਲ ਬਲਾਤਕਾਰ ਆਮ ਵਰਤਾਰਾ ਬਣ ਚੁੱਕਾ ਹੈ। ਅਜਿਹੇ ਚੁਣੌਤੀਪੂਰਨ ਸਮੇਂ ਵਿੱਚ ਹਰ ਜਾਗਰੂਕ ਵਿਅਕਤੀ ਨੂੰ ਨਿਡਰ ਹੋ ਕੇ ਆਪਣੀ ਅਵਾਜ਼ ਬੁਲੰਦ ਕਰਦੀ ਚਾਹੀਦੀ ਹੈ।

ਸਾਨੂੰ ਸਾਡੇ ਗੁਆਂਢੀ ਦੇਸ਼ਾਂ ਤੋਂ ਵੀ ਸਬਕ ਲੈਣਾ ਚਾਹੀਦਾ ਹੈ। ਪਹਿਲਾਂ ਸ੍ਰੀਲੰਕਾ ਵਿੱਚ ਲੋਕਾਂ ਨੇ ਇੱਕਮੁੱਠ ਹੋ ਕੇ ਉਥੋਂ ਦੇ ਭ੍ਰਿਸ਼ਟ ਤੇ ਏਕਾਅਧਿਕਾਰਵਾਦੀ ਹਾਕਮਾਂ ਨੂੰ ਦੇਸ਼ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਉਸ ਉਪਰੰਤ ਉਥੇ ਇੱਕ ਲੋਕ-ਪੱਖੀ ਸਰਕਾਰ ਨੂੰ ਹੋਂਦ ਵਿੱਚ ਲਿਆ ਕੇ ਇਤਿਹਾਸ ਦਾ ਨਵਾਂ ਅਧਿਆਇ ਲਿਖਿਆ ਸੀ। ਹੁਣੇ-ਹੁਣੇ ਬੰਗਲਾਦੇਸ਼ ਵਿੱਚ ਵੀ ਲੋਕਾਂ ਨੇ ਦੱਖਣਪੰਥੀ ਪਾਰਟੀਆਂ ਨੂੰ ਕਰਾਰੀ ਹਾਰ ਦੇ ਕੇ ਇੱਕ ਲੋਕਤੰਤਰੀ ਸਰਕਾਰ ਬਣਾਈ ਹੈ। ਅਗਲੇ ਦਿਨੀਂ ਨੇਪਾਲ ਵਿੱਚ ਵੀ ਚੋਣਾਂ ਹੋ ਰਹੀਆਂ ਹਨ। ਆਸ ਹੈ ਉਥੋਂ ਦੇ ਲੋਕ ਵੀ ਆਪਣੇ ਰੌਸ਼ਨ ਭਵਿੱਖ ਲਈ ਸਹੀ ਚੋਣ ਕਰਨਗੇ।

-ਚੰਦ ਫਤਿਹਪੁਰੀ

# ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ

**ਸੁਵਰਨ ਸਿੰਘ ਵਿਰਕ**

ਬੱਬਰ ਅਕਾਲੀ ਲਹਿਰ (1921-44 ਈ.) ਭਾਰਤੀ ਸੁਤੰਤਰਤਾ ਸੰਗਰਾਮ ਦੇ ਪੰਜਾਬ ਅਧਿਆਇ ਦੀ ਇੱਕ ਪ੍ਰਮੁੱਖ ਲਹਿਰ ਸੀ, ਜਿਸ ਦਾ ਦੁਆਬੇ ਅਤੇ ਮਾਲਵੇ ਦੇ ਸੀਮਤ ਖਿੱਤੇ ਵਿੱਚ ਕੁਝ ਅਧਾਰ ਸੀ, ਪਰ ਇਸ ਦੀ ਧਮਕ ਨਾਲ ਬਰਤਾਨਵੀ ਤਾਜ ਕੰਬ ਉੱਠਿਆ ਸੀ। ਇਹ ਇਕ ਹਥਿਆਰਬੰਦ ਲਹਿਰ ਸੀ, ਜਿਸ ਦਾ ਨਿਸ਼ਾਨਾ ਸਾਮਰਾਜੀ ਸਰਕਾਰ ਦੇ ਪਿੰਡਾਂ ਵਿੱਚ ਆਧਾਰ, ਚੌਂਕੀਦਾਰ, ਲੰਬੜਦਾਰ, ਜ਼ੈਲਦਾਰ ਅਤੇ ਸਫੈਦਪੋਸ਼ ਜੋ ਸਰਕਾਰ ਦੇ ਝੋਲੀ ਚੁੱਕ ਸਨ ਅਤੇ ਦੇਸ਼ ਭਗਤਾਂ ਦੇ ਵਿਰੁੱਧ ਸਰਕਾਰੀ ਮਸ਼ੀਨਰੀ ਦੇ ਹੱਕ ਵਿੱਚ ਭੁਗਤਦੇ ਸਨ, ਉਨ੍ਹਾਂ ਨੂੰ ਪਹਿਲਾਂ ਸਮਝਾ-ਬੁਝਾ ਕੇ ਇਸ ਕੰਮ ਤੋਂ ਹਟਾਉਣਾ ਅਤੇ ਜੇ ਨਾ ਹਟਣ ਤਾਂ ਫਿਰ ਉਨ੍ਹਾਂ ਦਾ ਸਫਾਇਆ ਕਰਨਾ।

ਪਹਿਲੀ ਸੰਸਾਰ ਜੰਗ ਵਿੱਚ ਹਜ਼ਾਰਾ ਫੌਜੀ ਪੰਜਾਬੀਆਂ ਦੀਆਂ ਮੌਤਾਂ, ਅੰਗ ਭੰਗ ਹੋਣੇ ਅਤੇ ਜੰਗ ਮੁੱਕਣ 'ਤੇ ਵੱਡੀ ਗਿਣਤੀ ਦੀ ਫੌਜ ਵਿੱਚੋਂ ਛਾਂਟੀ। ਇਨ੍ਹਾਂ ਸਾਰੇ ਕਾਰਨਾਂ ਵਿੱਚੋਂ ਇੱਕ ਪ੍ਰਮੁੱਖ ਕਾਰਨ ਬਣ ਗਿਆ 20 ਫ਼ਰਵਰੀ 1921 ਨੂੰ ਵਾਪਰਿਆ ਨਨਕਾਣਾ ਸਾਹਿਬ ਦਾ ਸਾਕਾ, ਜਿਸ ਵਿੱਚ ਘੱਟੋ-ਘੱਟ 140 ਸਿੰਘ, ਗੁਰਦੁਆਰੇ ਮੱਥਾ ਟੇਕਣ ਆਏ ਸਰਕਾਰੀ ਸ਼ਹਿ 'ਤੇ ਬੜੀ ਬੇਦਰਦੀ ਨਾਲ ਮਹੰਤ ਨਰਾਇਣ ਦਾਸ ਨੇ ਸ਼ਹੀਦ ਕਰਵਾ ਦਿੱਤੇ। ਹੁਣ ਸੂਰਬੀਰਾਂ ਦਾ ਖੂਨ ਖੌਲ ਉੱਠਿਆ।

ਮਾਰਚ 1921 ਵਿੱਚ ਹੁਸ਼ਿਆਰਪੁਰ ਸ਼ਹਿਰ ਵਿਖੇ ਸਿੱਖ ਵਿਦਿਅਕ ਕਾਨਫਰੰਸ ਹੋਈ ਸੀ, ਜਿਸ ਵਿੱਚ ਸਿੱਖ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਇਸੇ ਸਮੇਂ ਹੇਠਲੇ ਸੱਜਣਾਂ ਨੇ ਹਥਿਆਰਬੰਦ ਹੋ ਕੇ ਅੰਗਰੇਜ਼ ਸਰਕਾਰ ਨਾਲ ਟੱਕਰ ਲੈਣ ਦੀ ਨੀਤੀ ਬਣਾਈ।

ਮਾਸਟਰ ਮੋਤਾ ਸਿੰਘ ਪਤਾਰਾ (ਜਲੰਧਰ), ਕਿਸ਼ਨ ਸਿੰਘ ਗੜਗੱਜ, ਬਿਣਗਾਂ (ਜਲੰਧਰ), ਅਮਰ ਸਿੰਘ ਵਾਸੀ ਦਿੱਲੀ, ਬਿਜਲਾ ਸਿੰਘ ਘੜੂੰਆਂ (ਪਟਿਆਲਾ), ਗੁਰਬਚਨ ਸਿੰਘ ਕਿਸ਼ਨਪੁਰਾ (ਜਲੰਧਰ), ਅਮਰ ਸਿੰਘ ਪੁੱਤਰ ਗੰਡਾ ਸਿੰਘ ਸੁਨਿਆਰਾ, ਕੋਟ ਬਾੜੇ ਖਾ (ਗੁਜਰਾਂਵਾਲਾ), ਚਤਰ ਸਿੰਘ (ਸ਼ੇਖੂਪੁਰਾ), ਗਿਆਨੀ ਸ਼ੰਕਰ ਸਿੰਘ ਪੰਡੋਰੀ ਬੀਬੀ (ਹੁਸ਼ਿਆਰਪੁਰ), ਗਿਆਨੀ ਬਤਨ ਸਿੰਘ ਕਾਹਰੀ (ਹੁਸ਼ਿਆਰਪੁਰ), ਚੰਚਲ ਸਿੰਘ ਜੰਡਿਆਲਾ (ਜਲੰਧਰ), ਨਰਾਇਣ ਸਿੰਘ ਮਾਹਲ ਚਾਟੀਵਿੰਡ (ਅੰਮ੍ਰਿਤਸਰ), ਬੇਲਾ ਸਿੰਘ ਘੋਲੀਆ (ਫਿਰੋਜ਼ਪੁਰ), ਗੰਡਾ ਸਿੰਘ ਜ਼ਿਲ੍ਹਾ ਲੁਧਿਆਣਾ ਅਤੇ ਤੋਤਾ ਸਿੰਘ ਪੇਸ਼ਾਵਰੀ।

ਇਸ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਨਨਕਾਣਾ ਸਾਹਿਬ ਸਾਕੇ ਨਾਲ ਸੰਬੰਧਤ ਇਨ੍ਹਾਂ ਵਿਅਕਤੀਆਂ ਨੂੰ ਕਤਲ ਕਰ ਦਿੱਤਾ ਜਾਏ। ਸਰ ਸੁੰਦਰ ਸਿੰਘ ਮਜੀਠੀਆ, 2. ਕਰਤਾਰ ਸਿੰਘ ਬੇਦੀ, 3. ਮਹੰਤ ਦੇਵਾ ਦਾਸ ਨਨਕਾਣਾ ਸਾਹਿਬ, 4. ਮਹੰਤ ਬਸੰਤ ਦਾਸ ਮਾਣਕ 5. ਸੀ ਐੱਮ ਬੋਇਰਿੰਗ, ਸੁਪਰਡੈਂਟ ਪੁਲਸ, 6. ਸੀ ਐੱਮ ਕਿੰਗ ਕਮਿਸ਼ਨਰ ਲਾਹੌਰ ਅਤੇ ਡਿਪਟੀ ਕਮਿਸ਼ਨਰ ਸ਼ੇਖੂਪੁਰਾ ਕਰੀ। ਇਸ ਕੰਮ ਲਈ ਸੱਤ ਰਿਵਾਲਵਰ ਅੰਬਾਲਾ ਛਾਉਣੀ ਵਿੱਚੋਂ ਪ੍ਰਾਪਤ ਕੀਤੇ। ਕਿਉਂ ਜੁ ਇਨ੍ਹਾਂ ਬੱਬਰਾਂ ਵਿੱਚ ਕੁਝ ਸਾਬਕਾ ਫੌਜੀ, ਫੌਜ ਦੇ ਭਗੌੜੇ, ਗ਼ਦਰ ਲਹਿਰ ਦੇ ਕਾਰਕੁੰਨ ਅਤੇ ਆਮ ਕਿਸਾਨ ਜਾਂ ਵਿਰਲਾ-ਟਾਂਵਾਂ ਦਸਤਕਾਰ ਵੀ ਸੀ, ਪਰ ਵੱਖ-ਵੱਖ ਕਾਰਨਾਂ ਕਰਕੇ ਜਿਹੜੇ ਵੀ ਇਨ੍ਹਾਂ ਨੂੰ ਮਾਰਨ ਗਏ, ਉਹ ਸਫਲ ਨਾ ਹੋਏ। ਬੋਇਰਿੰਗ ਬੰਗਲੇ 'ਤੇ ਹਾਜ਼ਰ ਨਹੀਂ ਸੀ, ਉਸ ਨੂੰ ਮਾਰਨ ਗਿਣਿਆਂ ਵਿੱਚੋਂ ਅਮਰ ਸਿੰਘ ਨਰਾਇਣ ਸਿੰਘ, ਤੋਤਾ ਸਿੰਘ ਆਦਿ ਫੜੇ ਗਏ। ਕਿਸ਼ਨ ਸਿੰਘ ਗੜਗੱਜ, ਮਾਸਟਰ ਮੋਤਾ ਸਿੰਘ ਪਤਾਰਾ, ਅਮਰ ਸਿੰਘ ਦਿੱਲੀ ਵਾਲਾ ਅਤੇ ਤਿੰਨ ਹੋਰਾਂ ਦੇ ਵਾਰੰਟ ਕੱਢ ਕੇ ਉਨ੍ਹਾਂ ਨੂੰ ਇਸ਼ਤਿਹਾਰੀ ਮੁਲਜ਼ਮ ਐਲਾਨਿਆ ਗਿਆ। ਪਹਿਲੇ ਬੱਬਰ ਅਕਾਲੀ ਸਾਜ਼ਿਸ਼ ਕੇਸ, ਜੋ 18 ਮਈ 1922 ਨੂੰ ਚਾਲੂ ਹੋਇਆ, ਵਿੱਚ ਤਿੰਨ ਬੱਬਰਾਂ ਨੂੰ ਚਾਰ ਤੋਂ ਛੇ ਸਾਲ ਤੱਕ ਦੀ ਸਜ਼ਾ ਹੋਈ। ਇਸ ਮੁਕੱਦਮੇ ਵਿੱਚ ਗੰਡਾ ਸਿੰਘ ਪੁੱਤਰ ਹੀਰਾ ਸਿੰਘ ਜੱਟ ਸਿੱਖ, ਉਮਰ 35 ਸਾਲ, ਪਿੰਡ ਸਰਹਾਲੀ ਖੁਰਦ (ਅੰਮ੍ਰਿਤਸਰ), ਜੋ ਸਰਕਾਰੀ ਗੁਆਹ ਬਣ ਗਿਆ ਸੀ, ਦੱਸਦਾ ਹੈ ਕਿ ਉਹ ਬੇਲਾ ਸਿੰਘ, ਪੂਰਨ ਸਿੰਘ ਤੇ ਮੱਲ ਸਿੰਘ ਫੌਜ ਵਿੱਚੋਂ ਭਗੌੜੇ ਹੋ ਕੇ ਥਾਂ-ਥਾਂ ਘੁੰਮਦੇ ਹੋਏ ਭੈਣੀ ਸਾਹਿਬ (ਕੂਕਿਆਂ ਦਾ ਹੈੱਡ ਕੁਆਰਟਰ) ਜ਼ਿਲ੍ਹਾ ਲੁਧਿਆਣਾ ਵੀ ਪੁੱਜੇ ਸਨ ਤੇ ਇੱਥੇ ਇੱਕ ਕਿਰਪਾਨ ਖਜੂਰ ਦੇ ਰੁੱਖ ਹੇਠ ਨੱਪ ਗਏ ਸਨ। ਅੰਬਾਲਾ ਛਾਉਣੀ ਤੋਂ ਤਿੰਨ ਰਫਲਰ ਤੇ ਸੱਤ ਰੀਵਾਲਵਰ ਵੀ ਇਹੋ ਲਿਆਏ ਸਨ।

ਜਥੇਦਾਰ ਕਿਸ਼ਨ ਸਿੰਘ ਬੜਿੰਗ 35 ਨੰਬਰ ਸਿੱਖ ਪਲਟਨ ਵਿੱਚ ਹੌਲਦਾਰ ਮੇਜਰ ਸੀ। ਇਸ ਪਿੰਡ ਨੂੰ ਕਈ ਥਾਈਂ ਬਿਣਗਾਂ ਵੀ ਲਿਖਿਆ ਹੈ, ਜੋ ਜਲੰਧਰ ਛਾਉਣੀ ਦੇ ਉਦੋਂ ਨੇੜੇ ਹੀ ਪੈਂਦਾ ਸੀ। ਇਨ੍ਹਾਂ ਦਾ ਪਿਤਾ ਫਤਹਿ ਸਿੰਘ ਅਤੇ ਮਾਤਾ ਜੀਵੀ ਧਾਰਮਿਕ ਖਿਆਲਾਂ ਦੇ ਸਨ। ਆਪ ਦਾ ਦਾਦਾ ਗੰਡਾ ਸਿੰਘ ਲਾਹੌਰ ਦਰਬਾਰ ਵਿੱਚ ਅਹੁਦੇਦਾਰ ਸੀ। ਇਸ ਲਈ ਪਿੰਡ ਵਿੱਚ ਕਾਫ਼ੀ ਜ਼ਮੀਨ ਸੀ, ਜੋ ਬਾਅਦ ਵਿੱਚ ਛਾਉਣੀ ਵਿੱਚ ਆ ਗਈ ਸੀ। ਉਹ ਨੰਗਲ ਫਤਹਿ ਖਾਂ (ਚੋਅ ਵਾਲਾ ਨੰਗਲ) ਦੇ ਮਈਆ ਸਿੰਘ



ਜਥੇਦਾਰ ਕਿਸ਼ਨ ਸਿੰਘ ਗੜਗੱਜ, ਦਲੀਪ ਸਿੰਘ ਧਾਮੀਆਂ, ਨੰਦ ਸਿੰਘ ਘੁੜਿਆਲ, ਕਰਮ ਸਿੰਘ ਮਾਣਕੋ, ਬਾਬੂ ਸੰਤਾ ਸਿੰਘ ਹਰੀਓ ਖੁਰਦ ਅਤੇ ਧਰਮ ਸਿੰਘ ਹਯਾਤਪੁਰ ਰੁੜਕੀ ਦੇ ਮ੍ਰਿਤਕ ਸਰੀਰ

ਲੰਬੜਦਾਰ ਦੀ ਪੁੱਤਰੀ ਧਰਮ ਕੌਰ ਨਾਲ ਵਿਆਹਿਆ ਸੀ। ਜਲ੍ਹਿਆਂਵਾਲਾ ਬਾਗ ਦੇ ਸਾਕੇ ਬਾਅਦ ਮਾਰਸ਼ਲ ਲਾਅ ਦੀਆਂ ਆਮ ਲੋਕਾਂ 'ਤੇ ਹੋਈਆਂ ਸਖਤੀਆਂ ਤੋਂ ਉਸ ਦਾ ਮਨ ਅੰਗਰੇਜ਼ੀ ਸਰਕਾਰ ਦੀ ਨੌਕਰੀ ਤੋਂ ਉਪਰਾਮ ਹੋ ਗਿਆ।

ਪਹਿਲੇ ਸਾਜ਼ਿਸ਼ ਕੇਸ ਵਿੱਚ ਕਿਸ਼ਨ ਸਿੰਘ ਦੇ ਵਾਰੰਟ ਨਿਕਲ ਚੁੱਕੇ ਸਨ। ਰੂਸੀ ਇਨਕਲਾਬ ਜੋ 1917 ਵਿੱਚ ਹੋਇਆ ਸੀ, ਕਿਸ਼ਨ ਸਿੰਘ ਵੀ ਦੇਸ਼ ਵਿੱਚ ਮਜ਼ਦੂਰਾਂ-ਕਿਸਾਨਾਂ ਦਾ ਸੱਚਾ ਰਾਜ ਕਾਇਮ ਕਰਨ ਲਈ, ਹੁਣ ਭੂਮੀਗਤ ਰਹਿ ਕੇ ਸਰਕਾਰ ਵਿਰੁੱਧ ਹਥਿਆਰਬੰਦ ਲੜਾਈ ਲੜਨ ਲਈ ਦੁਆਬੇ ਨੂੰ ਆਧਾਰ ਖੇਤਰ ਬਣਾ ਕੇ ਅੱਗੇ ਵਧਣਾ ਚਾਹੁੰਦਾ ਸੀ। ਇਸ ਕੰਮ ਲਈ ਪਿੰਡਾਂ ਵਿੱਚ ਅਤੇ ਛਾਉਣੀਆਂ ਵਿੱਚ ਪ੍ਰਚਾਰ ਕਰਕੇ ਕਿਸਾਨਾਂ ਅਤੇ ਸੈਨਿਕਾਂ ਦੇ ਸਹਿਯੋਗ ਨਾਲ ਸਰਕਾਰ ਨਾਲ ਟੱਕਰ ਲੈਣੀ ਸੀ। ਆਪਣੇ ਗੁਪਤ ਅੱਡੇ ਬਣਾਉਣੇ ਸਨ। ਸਰਕਾਰ ਦਾ ਸੂਚਨਾ ਤੰਤਰ ਜੋ ਉਨ੍ਹਾਂ ਵਿਰੁੱਧ ਰਿਪੋਰਟਾਂ ਦਿੰਦਾ ਸੀ, ਉਸ ਨੂੰ ਫੇਲ੍ਹ ਕਰਨ ਲਈ ਝੋਲੀ ਚੁੱਕਾਂ, ਮੁਖਬਰਾਂ, ਸਰਕਾਰੀ ਪਿੱਠੂਆਂ ਦਾ ਸਫਾਇਆ ਕਰਨਾ ਸੀ। ਉਨ੍ਹਾਂ ਨੇ ਆਪਣੇ ਇਸ ਜਥੇ ਦਾ ਨਾਂ ਚੱਕਰਵਰਤੀ ਜਥਾ ਰੱਖਿਆ। ਇਸ ਜਥੇ ਦਾ ਆਗੂ ਕਿਸ਼ਨ ਸਿੰਘ ਧੂੰਆਂਧਾਰ ਪ੍ਰਚਾਰ ਮੁਹਿੰਮ ਵਿੱਚ ਜੁਟ ਗਿਆ। ਲੋਕਾਂ ਨੂੰ ਕਾਲੀਆਂ ਪੱਗਾਂ ਬੰਨ੍ਹਣ (ਨਨਕਾਣਾ ਸਾਹਿਬ ਸਾਕੇ ਦੇ ਰੋਸ ਵਜੋਂ) ਖੱਦਰ ਪਹਿਨਣ ਅਤੇ ਅੰਗਰੇਜ਼ ਸਰਕਾਰ ਨਾਲ ਹਰ ਤਰ੍ਹਾਂ ਦਾ ਅਸਹਿਯੋਗ ਕਰਨ ਦਾ ਸੱਦਾ ਦਿੱਤਾ ਗਿਆ।

ਪਲਾਹੀ (ਜਲੰਧਰ) ਵਿਖੇ ਅਕਤੂਬਰ 1921 ਵਿੱਚ ਇਸ ਜਥੇ ਨੇ ਇੱਕ ਦੀਵਾਨ ਦੇ ਰੂਪ ਵਿੱਚ ਵੱਡਾ ਜਨਤਕ ਇਕੱਠ ਕੀਤਾ। ਕਿਸ਼ਨ ਸਿੰਘ ਨੂੰ ਇੱਥੇ ਬਾਬੂ ਸੰਤਾ ਸਿੰਘ ਮਿਲਿਆ, ਜੋ ਜਲੰਧਰ ਛਾਉਣੀ ਵਿੱਚ 54 ਸਿੱਖ ਪਲਟਨ ਦਾ ਕਲਰਕ ਸੀ। ਉਸ ਦਾ ਪਿੰਡ ਹਰਿਉ ਖੁਰਦ, ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਸੀ। ਉਸ ਨੂੰ ਸੰਤ ਕਰਤਾਰ ਸਿੰਘ ਇਸ ਦੀਵਾਨ ਵਿੱਚ ਲਿਆਇਆ ਸੀ। ਕਿਸ਼ਨ ਸਿੰਘ ਨੇ ਸੰਤਾ ਸਿੰਘ ਨੂੰ ਅਜੇ ਫੌਜ ਵਿੱਚ ਰਹਿ ਕੇ ਹੀ ਪ੍ਰਕਾਰ ਕਰਨ ਲਈ ਆਖਿਆ।

ਗ਼ਦਰ ਲਹਿਰ ਵਿੱਚੋਂ ਆਏ ਦੋ ਸੂਰਮੇ ਜੋ 1914 ਵਿੱਚ ਕੈਨੇਡਾ ਤੋਂ ਦੇਸ਼ ਪਰਤੇ ਸਨ, ਕਰਮ ਸਿੰਘ ਝਿੰਗੜ (ਜਲੰਧਰ) ਅਤੇ ਆਸਾ ਸਿੰਘ ਭਕੜੱਦੀ 1918 ਤੱਕ ਆਪਣੇ ਪਿੰਡ ਜੂਹਬੰਦ ਰਹੇ। ਫਿਰ ਉਹ ਕਾਂਗਰਸ ਦਾ 1920-21 ਵਿੱਚ ਅਸਹਿਯੋਗ ਅੰਦੋਲਨ ਸ਼ੁਰੂ ਹੋਣ 'ਤੇ ਇਸ ਵਿੱਚ ਸਰਗਰਮ ਹੋ ਗਏ। ਕਰਮ ਸਿੰਘ ਦੌਲਤਪੁਰ ਵੀ ਕੈਨੇਡਾ ਤੋਂ ਆਏ ਦੇਸ਼ ਭਗਤ ਸਨ। ਮਾਰਚ 1921 ਵਿੱਚ ਇੱਕ ਦੀਵਾਨ ਮਾਹਿਲਪੁਰ ਵਿਖੇ ਹੋਇਆ। ਜਿੱਥੇ ਦੋਹਾਂ ਕਰਮ ਸਿੰਘ ਅਤੇ ਆਸਾ ਸਿੰਘ ਨੇ ਭਾਸ਼ਣ ਦਿੱਤੇ। ਹੁਣ ਦੋ ਜਥੇ ਬਣਾ ਕੇ ਪ੍ਰਚਾਰ ਮੁਹਿੰਮ ਵਿੱਢ ਦਿੱਤੀ। ਇੱਕ ਭਾਈ ਕਿਸ਼ਨ ਸਿੰਘ, ਕਰਮ ਸਿੰਘ ਝਿੰਗੜ ਅਤੇ ਸੁੰਦਰ ਸਿੰਘ ਦਾ ਜਥਾ ਅਤੇ ਦੂਜਾ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਅਤੇ ਦਲੀਪ ਸਿੰਘ ਗੋਸਲ ਦਾ। ਦਸੰਬਰ 1921 ਤੇ ਜਨਵਰੀ 1922 ਵਿੱਚ ਕਿਸ਼ਨ ਸਿੰਘ ਨੇ ਅੰਬਾਲਾ ਅਤੇ ਦੂਨ ਦੇ ਇਲਾਕੇ ਵਿੱਚ ਪਿੰਡਾਂ ਵਿੱਚ ਦਰਜਨਾਂ ਜਲਸੇ ਕੀਤੇ। ਉਹ ਆਮ ਲੋਕਾਂ ਨੂੰ ਕਾਂਗਰਸ ਅਤੇ ਅਕਾਲੀ ਦਲ ਵਿੱਚ ਭਰਤੀ ਲਈ ਵੀ ਆਖਦੇ।

ਮਾਰਚ 1922 'ਚ ਅਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਵੀ ਤਿੰਨ ਦਿਨ ਦਾ ਦੀਵਾਨ ਚੱਕਰਵਰਤੀਆਂ ਵੱਲੋਂ ਹੋਇਆ। ਇੱਕ ਥਾਣੇਦਾਰ ਬੱਬਰਾਂ ਨੂੰ ਗ੍ਰਿਫ਼ਤਾਰ ਨਾ ਕਰ ਸਕਿਆ। ਵਾਪਸੀ 'ਤੇ ਬੁਹਾਨੀ ਦੀਵਾਨ ਵਿੱਚ ਕਰਤਾਰ ਸਿੰਘ ਗੋਂਦਪੁਰ ਤੇ ਹਰਬੰਸ ਸਿੰਘ ਸਿਰਹਾਲਾ ਵੀ ਆ ਰਲੇ। ਇਸੇ ਦੀਵਾਨ ਵਿੱਚ ਕਪੂਰਥਲਾ ਰਿਆਸਤ ਦੇ ਵੱਡੇ ਸਰਕਾਰੀ ਪਿੱਠੂ, ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਆ ਨੂੰ ਬੰਦਾ ਬਣਨ ਜਾਂ ਨਤੀਜਾ ਭੁਗਤਣ ਲਈ ਕਿਹਾ ਗਿਆ। 19 ਮਾਰਚ ਨੂੰ ਸੰਘਵਾਲ ਦੇ ਦੀਵਾਨ ਵਿਖੇ ਪੁਲਸ ਅਤੇ ਝੋਲੀ ਚੁੱਕਾਂ ਨੇ ਲੋਕਾਂ ਨੂੰ ਬਹੁਤ ਡਰਾਇਆ ਸੀ, ਪਿੰਡ ਵਿੱਚੋਂ ਕੋਈ ਜਲਸੇ ਦੀ ਪ੍ਰਧਾਨਗੀ ਕਰਨ ਲਈ ਵੀ ਨਾ ਮੰਨਿਆ ਤਾਂ ਇੱਕ ਬੱਬਰ ਅਕਾਲੀ ਨੂੰ ਹੀ ਪ੍ਰਧਾਨ ਥਾਪਿਆ ਗਿਆ। ਹੋਰ ਪੁਲਸ ਆ ਜਾਣ 'ਤੇ ਬੱਬਰ ਪੱਤਰਾ ਵਾਚ ਗਏ। ਇੱਥੋਂ ਮੁੜਦਿਆਂ ਹੀ ਇੱਕ ਖੂਹ 'ਤੇ ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਸੁੰਦਰ ਸਿੰਘ, ਕਰਤਾਰ ਸਿੰਘ ਗੋਂਦਪੁਰ ਤੇ ਹਰਬੰਸ ਸਿੰਘ ਸਿਰਹਾਲਾ ਨੇ ਫੈਸਲਾ ਕੀਤਾ ਕਿ ਜੇ ਹੁਣ ਝੋਲੀ ਚੁੱਕ ਬਾਜ਼ ਨਾ ਆਉਣ ਤਾਂ ਪਹਿਲਾਂ ਉਨ੍ਹਾਂ ਦੇ ਨੱਕ, ਕੰਨ ਵੱਢ ਦਿੱਤੇ ਜਾਣ, ਜੇ ਫਿਰ ਵੀ ਨਾ ਹਟਣ ਤਾਂ ਉਨ੍ਹਾਂ ਦਾ ਸੁਧਾਰ ਕਰ ਦਿੱਤਾ ਜਾਏ।

ਅਪ੍ਰੈਲ 1922 ਵਿੱਚ ਖਜੂਰਲੇ ਦੀ ਪੁਲਸ ਚੌਂਕੀ ਵਿੱਚ ਬਖਸ਼ੀਸ਼ ਸਿੰਘ ਨਾਂਅ ਦੇ ਇੱਕ ਅਕਾਲੀ ਨੂੰ ਕਾਲੀ ਪੱਗ ਬੰਨ੍ਹਣ ਕਰਕੇ ਕੁੱਟਿਆ ਜਾ ਰਿਹਾ ਸੀ। ਭਾਈ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ ਅਤੇ ਭਾਈ ਸੁੰਦਰ ਸਿੰਘ ਜੋ ਇਧਰੋਂ ਲੰਘ ਰਹੇ ਸਨ, ਪਤਾ ਲੱਗਦਿਆਂ ਹੀ ਕਿਰਪਾਨਾਂ ਧੂਹ ਕੇ ਥਾਣੇ ਵਿੱਚ ਜਾ ਗੱਜੇ। ਪੁਲਸ ਵਾਲਿਆਂ ਨੇ ਬਖਸ਼ੀਸ਼ ਸਿੰਘ ਦੇ ਪੈਰੀਂ ਹੱਥ ਲਾਏ ਤੇ ਮੁੜ ਅਜਿਹਾ ਨਾ ਕਰਨਾ ਮੰਨਿਆ। 11 ਮਈ 1922 ਨੂੰ ਭਾਈ ਸੁੰਦਰ ਸਿੰਘ ਮਖਸੂਸਪੁਰੀ ਨੂੰ ਸੂੰਢ ਪਿੰਡ ਦੇ ਲੋਕਾਂ ਨੇ ਗ੍ਰਿਫ਼ਤਾਰ ਕਰਵਾ ਦਿੱਤਾ। ਅਰਜਨ ਸਿੰਘ ਪਿੰਡ ਸੂੰਢ ਵੀ ਫੜੇ ਗਏ। ਭਾਈ ਕਿਸ਼ਨ ਸਿੰਘ ਕਿਸੇ ਤਰ੍ਹਾਂ ਕਾਬੂ ਨਾ ਆਏ।

ਮਾਸਟਰ ਮੋਤਾ ਸਿੰਘ ਪਤਾਰਾ ਨੇ ਮਫਰੂਰੀ ਦੀ ਹਾਲਤ ਵਿੱਚ ਵੀ ਬੱਬਰ ਲਹਿਰ ਫੈਲਾਉਣ ਵਿੱਚ ਬਹੁਤ ਸਹਿਯੋਗ ਦਿੱਤਾ, ਜਲਸਿਆਂ ਵਿੱਚ ਤਕਰੀਰਾਂ ਕਰਕੇ ਵੀ ਰੂਪੋਸ਼ ਹੋ ਜਾਂਦੇ। ਉਹ ਆਪਣੇ ਪਿੰਡ ਵਿੱਚੋਂ 15 ਜੂਨ 1922 ਨੂੰ ਸਵੇਰੇ ਖੇਤਾਂ ਵੱਲ ਜਾਂਦਿਆਂ ਫੜੇ ਗਏ ਸਨ। ਇੱਕ ਜਲਸਾ ਘੁੜਿਆਲ ਵਿਖੇ, ਜਿਸ ਨੂੰ ਕਿਸ਼ਨ ਸਿੰਘ ਹੁਰਾਂ ਸੰਬੋਧਨ ਕੀਤਾ, ਜਿਸ ਦੀ ਪ੍ਰਧਾਨਗੀ ਕਰਨ ਵਾਲੇ ਦੇ ਖਿਲਾਫ਼ ਅਦਾਲਤ ਵਿੱਚ ਮਹਿਦੀਪੁਰੀਏ ਹਰਨਾਮ ਸਿੰਘ ਨੇ ਗਵਾਹੀ ਦਿੱਤੀ ਸੀ। ਹਜ਼ਾਰਾ ਸਿੰਘ ਮੁੰਡੇਰ ਅਤੇ ਉਸ ਦੇ ਨਾਲ ਦੇ ਤਿੰਨ ਸਿੰਘਾਂ ਨੇ 20-21 ਮਈ 1922 ਵਿਚਕਾਰਲੀ ਰਾਤ ਉਸ ਦੀਆਂ ਲੱਤਾਂ ਵੱਢ ਦਿੱਤੀਆਂ।

ਕਰਮ ਸਿੰਘ ਦੌਲਤਪੁਰ ਦੀ ਐਡੀਟਰੀ ਹੇਠ "ਬੱਬਰ ਅਕਾਲੀ ਦੁਆਬਾ" ਅਖਬਾਰ 22 ਅਗਸਤ 1922 ਨੂੰ ਜਾਰੀ ਕੀਤਾ। ਇਸ ਅਖ਼ਬਾਰ ਦੀ ਪਾਲਸੀ "ਗਦਰ" ਅਖ਼ਬਾਰ ਵਾਲੀ ਹੀ ਸੀ ਕਿ ਹਥਿਆਰਬੰਦ ਇਨਕਲਾਬ ਦੁਆਰਾ ਛਾਉਣੀਆਂ ਵਿੱਚ ਬਗਾਵਤ ਕਰਵਾ ਕੇ ਅੰਗਰੇਜ਼ ਸਰਕਾਰ ਦਾ ਤਖਤਾ ਪਲਟਿਆ ਜਾਵੇ। ਜਥੇਦਾਰ ਕਿਸ਼ਨ ਸਿੰਘ ਨੇ ਅਖਬਾਰ ਮਿਲਣ 'ਤੇ ਬਹੁਤ ਖੁਸ਼ੀ ਮਨਾਈ। ਹੁਣ ਚੱਕਰਵਰਤੀ ਜਥੇ ਦਾ ਨਾਂਅ ਬੱਬਰ ਅਕਾਲੀ ਅਖਬਾਰ ਦੇ ਨਾਂਅ 'ਤੇ ਹੀ 'ਬੱਬਰ ਅਕਾਲੀ ਜਥਾ' ਰੱਖਿਆ ਗਿਆ। ਸੰਤ ਠਾਕਰ ਸਿੰਘ ਰਾਜੋਵਾਲ ਦੀ ਕੁਟੀਆ 'ਤੇ ਜਥਾ ਇਉਂ ਚੁਣਿਆ ਗਿਆ-

ਜਥੇਦਾਰ : ਕਿਸ਼ਨ ਸਿੰਘ ਗੜਗੱਜ, ਸਕੱਤਰ : ਦੀਪ ਸਿੰਘ ਗੋਸਲ, ਖਜ਼ਾਨਚੀ : ਬਾਬੂ ਸੰਤਾ ਸਿੰਘ, ਐਡੀਟਰ : ਕਰਮ ਸਿੰਘ ਦੌਲਤਪੁਰ, ਜਿਸ ਨੂੰ 'ਬੱਬਰ ਸਾਹਿਬ' ਕਿਹਾ ਜਾਂਦਾ ਸੀ, ਕਮੇਟੀ ਮੈਂਬਰ : ਕਰਮ ਸਿੰਘ ਝਿੰਗੜ ਅਤੇ ਉਦੇ ਸਿੰਘ।

ਪਰਚੇ ਦਾ ਸਰਵਰਕ ਇਹ ਹੁੰਦਾ ਸੀ: ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।

ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤ।

ਇਹ ਪਰਚਾ ਜੱਸੋਵਾਲ, ਕੋਟ ਫਤੂਹੀ ਅਤੇ ਪੰਡੋਰੀ ਨਿੱਝਰਾਂ ਤੋਂ ਛਪਦਾ ਰਿਹਾ। ਨਵੰਬਰ 1922 ਵਿੱਚ ਮੀਰ ਫਜ਼ਲ ਇਮਾਮ, ਡਿਪਟੀ ਸੁਪਰਡੈਂਟ ਸੀ ਆਈ ਡੀ ਨੂੰ ਇੰਚਾਰਜ ਥਾਪ ਕੇ ਪ੍ਰਸ਼ਾਸਨ ਨੇ ਬੱਬਰ ਵਿਰੋਧੀ ਮੁਹਿੰਮ ਵਿੱਢਦਿਆਂ ਸਖ਼ਤ ਕਦਮ ਚੁੱਕਣ ਦਾ ਫੈਸਲਾ ਕਰਦਿਆਂ ਬੱਬਰਾਂ ਦੀ ਗ੍ਰਿਫ਼ਤਾਰੀ ਲਈ ਇਨਾਮ ਰੱਖ ਦਿੱਤੇ। ਜਥੇਦਾਰ ਕਿਸ਼ਨ ਸਿੰਘ ਬੜਿੰਗ ਦੋ ਹਜ਼ਾਰ ਰੁਪਏ, ਐਡੀਟਰ ਕਰਮ ਸਿੰਘ ਇੱਕ ਹਜ਼ਾਰ, ਕਰਮ ਸਿੰਘ ਝਿੰਗੜ, ਦਲੀਪ ਸਿੰਘ ਗੋਸਲ ਦੋਹਾਂ ਨੂੰ ਪੰਜ-ਪੰਜ ਸੌ ਅਤੇ ਆਸਾ ਸਿੰਘ ਭਕੜੂੰਦੀ ਲਈ ਢਾਈ ਸੌ ਰੁਪਏ ਇਨਾਮ ਰੱਖਿਆ ਗਿਆ।

ਜੱਸੋਵਾਲ, ਜਿਸ ਨੂੰ ਬੱਬਰਾਂ ਦੀ ਰਾਜਧਾਨੀ ਕਿਹਾ ਜਾਂਦਾ ਸੀ, ਵਿਖੇ ਬੱਬਰਾਂ ਦੀਆਂ ਤਿੰਨ ਮੀਟਿੰਗਾਂ ਹੋਈਆਂ। 25 ਦਸੰਬਰ 1922 ਦੀ ਮੀਟਿੰਗ ਵਿੱਚ ਝੋਲੀ ਚੁੱਕਾਂ ਦਾ ਸੁਧਾਰ ਆਰੰਭ ਕਰਨ ਅਤੇ ਪਹਿਲਾ ਸੁਧਾਰ, ਮਾਸਟਰ ਮੋਤਾ ਸਿੰਘ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਅਰਜਨ ਸਿੰਘ ਪਟਵਾਰੀ ਦਾ ਕੀਤਾ ਜਾਏ। ਵਰਕਿੰਗ ਕਮੇਟੀ ਹਮਲਿਆਂ ਦੀ ਯੋਜਨਾ ਬਣਾ ਕੇ ਉਸ 'ਤੇ ਅਮਲ ਕਰਵਾਏ। 30-31 ਦਸੰਬਰ ਨੂੰ ਦੂਜੀ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਵਰਕਿੰਗ ਕਮੇਟੀ ਦੀ ਹਦਾਇਤ ਬਿਨਾਂ ਕਿਸੇ ਝੋਲੀ ਚੁੱਕ ਦੀ ਕੋਈ ਚੀਜ਼ ਨਹੀਂ ਚੁੱਕਣੀ। ਫੰਡ ਜਿੱਥੋਂ ਵੀ ਮਿਲੇ, ਵਰਕਿੰਗ ਕਮੇਟੀ ਪਾਸ ਆਵੇ। ਕਿਸੇ ਕਾਰਵਾਈ ਸਮੇਂ ਝੋਲੀ ਚੁੱਕਾਂ ਦੇ ਬੱਚਿਆਂ ਅਤੇ ਔਰਤਾਂ 'ਤੇ ਹੱਥ ਨਹੀਂ ਚੁੱਕਣਾ। ਵਿਆਜੜੀਏ, ਸ਼ਾਹੂਕਾਰਾਂ, ਪੁਲਸ ਦੇ ਟਾਊਟਾਂ ਅਤੇ ਸਰਕਾਰੀ ਜਾਇਦਾਦ, ਸੰਪਤੀ ਲੁੱਟਣੀ, ਹੋਰ ਕਿਸੇ ਦਾ ਡੱਕਾ ਨਹੀਂ ਚੁੱਕਣਾ। ਹੁਣ ਇਹ ਫੈਸਲਾ ਕਰਨਾ ਸੀ ਕਿ ਹਰ ਕਤਲ ਕੇਸ ਆਦਿ ਦੀ ਜ਼ਿੰਮੇਵਾਰੀ ਤਿੰਨ ਬੱਬਰ ਹੀ ਲੈਣਗੇ। 22 ਮਾਰਚ 1923 ਨੂੰ ਹੋਏ ਫੈਸਲੇ ਅਨੁਸਾਰ ਇਹ ਤਿੰਨ ਬੱਬਰ ਹੇਠਲੇ ਸਨ। ਕਰਮ ਸਿੰਘ ਐਡੀਟਰ, ਧੰਨਾ ਸਿੰਘ ਬਹਿਬਲਪੁਰ ਤੇ ਉਦੇ ਸਿੰਘ ਰਾਮਗੜ੍ਹ ਝੁੱਗੀਆਂ।

ਕਰਮ ਸਿੰਘ ਝਿੰਗੜ ਦੇ ਭਾਈ ਕਿਹਰ ਸਿੰਘ ਨੇ ਉਸ ਨੂੰ ਅਤੇ ਦਲੀਪ ਸਿੰਘ ਗੋਸਲ ਨੂੰ ਦਸੰਬਰ 1922 ਵਿੱਚ ਆਪਣੇ ਘਰ ਬੁਲਾ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਦੋਵਾਂ ਦਾ ਦੋਸ਼ ਬਾਗੀਆਨਾ ਰਾਜ ਵਿਰੁੱਧ ਤਕਰੀਰਾਂ ਕਰਨਾ ਸੀ। ਮਾਰਚ 1923 ਵਿੱਚ ਉਨ੍ਹਾ ਝਿੰਗੜ ਨੂੰ ਪੰਜ ਸਾਲ ਅਤੇ ਗੋਸਲ ਨੂੰ ਚਾਰ ਸਾਲ ਦੀ ਸਜ਼ਾ ਸੁਣਾਈ ਗਈ। 10 ਫਰਵਰੀ 1923 ਨੂੰ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਆ ਨੂੰ ਬਾਬੂ ਸੰਤਾ ਸਿੰਘ ਨੇ ਸਟੇਸ਼ਨ ਤੋਂ ਪਿੰਡ ਜਾਂਦੇ ਨੂੰ ਪਿਸਤੌਲ ਦੀ ਇੱਕ ਗੋਲੀ ਨਾਲ ਹੀ ਮਾਰ ਦਿੱਤਾ। ਸਮੁੰਦੜੇ ਪਿੰਡ ਦੇ ਪੁਲਸ ਦੇ ਮੁਖਬਰ ਸ਼ਰਧਾ ਰਾਮ, ਜੋ ਬੱਬਰਾਂ ਦੇ ਖਿਲਾਫ਼ ਖ਼ਬਰਾਂ ਦਿਆ ਕਰਦਾ ਸੀ। 13 ਫਰਵਰੀ 1923 ਨੂੰ ਆਸਾ ਸਿੰਘ, ਸੁੰਦਰ ਸਿੰਘ, ਧਰਮ ਸਿੰਘ ਹਿਆਤਪੁਰ ਰੁੜਕੀ, ਸੁਰਜਨ ਸਿੰਘ ਅਤੇ ਉਦੇ ਸਿੰਘ ਰਾਮਗੜ੍ਹ ਝੁੱਗੀਆਂ ਨੇ ਦੀਵਾਨ ਨੂੰ ਮਾਰ ਕੇ ਉਸ ਦੀ ਲਾਸ਼ ਵੀ ਦੱਬ ਦਿੱਤੀ। ਸੁੰਦਰ ਸਿੰਘ ਹਿਆਤਪੁਰ ਨੇ ਪੁਲਸ ਦੀ ਮਾਰ ਨਾ ਸਹਾਰਦਿਆਂ ਉਸ ਦੀ ਲਾਸ਼ ਬਰਾਮਦ ਕਰਵਾ ਦਿੱਤੀ।

ਬੜਿੰਗਾਂ ਦਾ ਹੀ ਕਾਬਲ ਸਿੰਘ, ਪੰਡੋਰੀ ਮਾਹਲ ਵਿੱਚ ਹਿਕਮਤ ਸਿੱਖਦਾ ਸੀ। ਉਸ ਨੇ ਬੱਬਰ ਕਿਸ਼ਨ ਸਿੰਘ ਨਾਲ ਕਾਫ਼ੀ ਗੂਹੜੀ ਸਾਂਝ ਬਣਾ ਲਈ ਅਤੇ ਉਸ ਨੂੰ ਪੰਡੋਰੀ ਮਾਹਲ ਬੁਲਾ ਕੇ ਪੁਲਸ ਨੂੰ ਖ਼ਬਰ ਭੇਜ ਦਿੱਤੀ। 26 ਫਰਵਰੀ 1923 ਨੂੰ ਜਲੰਧਰ ਤੋਂ ਵੱਡੇ ਅਫ਼ਸਰਾਂ ਸਮੇਤ ਆਈ ਪੁਲਸ ਨੇ ਜਥੇਦਾਰ ਨੂੰ ਘੇਰੇ ਵਿੱਚ ਲੈ ਲਿਆ, ਜਦੋਂ ਕਿ ਉਸ ਦੇ ਪਾਸ ਕਿਰਪਾਨ ਤੋਂ ਬਿਨਾਂ ਹੋਰ ਕੋਈ ਵੱਡਾ ਹਥਿਆਰ ਨਹੀਂ ਸੀ। ਨਤੀਜੇ ਵਜੋਂ ਉਨ੍ਹਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਆਸਾ ਸਿੰਘ ਹੋਲੇ-ਮਹੱਲੇ ਦਾ ਮੇਲਾ ਵੇਖਣ ਕੀਰਤਪੁਰ ਪੁੱਜਿਆ ਸੀ, ਜਿੱਥੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 18 ਅਪ੍ਰੈਲ 1924 ਨੂੰ ਉਹਨੂੰ ਚਾਰ ਸਾਲ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ।

ਨੰਗਲ ਸ਼ਾਮਾ ਦਾ ਬੂਟਾ ਲੰਬੜਦਾਰ ਵੀ ਬੱਬਰਾਂ ਦੀ ਸੂਹ ਮਿਲਦਿਆਂ ਹੀ ਥਾਣੇ ਜਾ ਹਾਜ਼ਰ ਹੁੰਦਾ। ਓੜਕ 11 ਮਾਰਚ 1923 ਦੀ ਰਾਤ ਨੂੰ ਬੱਬਰ ਧੰਨਾ ਸਿੰਘ ਬਹਿਬਲਪੁਰ, ਬਾਬੂ ਸੰਤਾ ਸਿੰਘ, ਬੰਤਾ ਸਿੰਘ, ਦਲੀਪ ਧਾਮੀਆ, ਧੰਨਾ ਸਿੰਘ ਕੋਟਲੀ ਬਾਵਾ ਦਾਸ, ਵਤਨ ਸਿੰਘ ਪੰਡੋਰੀ ਨਿੱਝਰਾਂ ਆਦਿ ਨੇ ਉਸ ਦੇ ਪਾਪੀ ਜੀਵਨ ਦਾ ਅੰਤ ਕੀਤਾ। ਸੋਨੇ ਅਤੇ ਚਾਂਦੀ ਦੀਆਂ ਦੋ-ਦੋ ਟੂੰਮਾਂ, ਜੁਰਮਾਨੇ ਵਜੋਂ ਵਸੂਲ ਕੀਤੀਆਂ। 19 ਮਾਰਚ ਨੂੰ ਡਾਨਸੀਵਾਲ ਦੀ ਛਿੰਜ ਤੋਂ ਮੁੜਦਿਆਂ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆ, ਵਤਨ ਸਿੰਘ ਆਦਿ ਨੇ ਇੱਕ ਪੁਲਸ ਮੁਖਬਰ ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ।

22 ਮਾਰਚ 1923 ਨੂੰ ਸੰਤ ਠਾਕਰ ਸਿੰਘ ਰਾਜੋਵਾਲ ਦੀ ਕੁਟੀਆ ਵਿੱਚ, ਜਿਸ ਦਿਨ ਕਰਮ ਸਿੰਘ ਐਡੀਟਰ, ਧੰਨਾ ਸਿੰਘ ਬਹਿਬਲਪੁਰ ਅਤੇ ਉਦੇ ਸਿੰਘ ਰਾਮਗੜ੍ਹ ਆਦਿ ਨੇ ਬੱਬਰਾਂ ਦੁਆਰਾ ਕੀਤੀ ਹਰ ਵਾਰਦਾਤ ਆਪਣੇ ਜ਼ਿੰਮੇ ਲੈਣ ਦਾ ਤਾਰੀਖੀ ਫੈਸਲਾ ਕੀਤਾ ਸੀ, ਉਸੇ ਦਿਨ ਉਨ੍ਹਾਂ ਨੇ ਬੱਬਰ ਐਲਾਨ ਨੰ. 1, ਅਰਥਾਤ ਗਵਰਨਰ ਪੰਜਾਬ ਦੇ ਨਾਂਅ ਆਪਣੇ ਦਸਤਖਤਾਂ ਹੇਠ ਇਹ ਖੁੱਲ੍ਹੀ ਚਿੱਠੀ ਜਾਰੀ ਕੀਤੀ।

26 ਮਾਰਚ 1923 ਨੂੰ ਧੰਨਾ ਸਿੰਘ ਬਹਿਬਲਪੁਰ ਦਾ ਪਿੰਡ ਆਉਣਾ ਜਾਣਾ, ਜਿਸ ਮੁਖਬਰ ਹਜ਼ਾਰਾ ਸਿੰਘ ਨੰਬਰਦਾਰ ਬਹਿਬਲਪੁਰ ਨੇ ਮੁਹਾਲ ਕੀਤਾ ਹੋਇਆ ਸੀ, ਕਰਮ ਸਿੰਘ ਐਡੀਟਰ, ਧੰਨਾ ਸਿੰਘ ਅਤੇ ਉਦੇ ਸਿੰਘ ਨੇ ਉਸ ਨੂੰ ਪਿੰਡੋਂ ਆਉਂਦੇ ਨੂੰ ਹੀ ਘੇਰ ਕੇ ਗੋਲੀਆਂ ਮਾਰ ਕੇ ਢੇਰ ਕਰ ਦਿੱਤਾ। ਸੂਬੇਦਾਰ ਗੇਂਦਾ ਸਿੰਘ ਪਿੰਡ ਘੁੜਿਆਲ ਵੀ ਅਜਿਹਾ ਹੀ ਸਰਕਾਰੀ ਮੁਖਬਰ ਤਾਂ ਸੀ ਹੀ, ਅਕਾਲੀ ਅਤੇ ਕਾਂਗਰਸੀ ਦੇਸ਼ ਭਗਤਾਂ ਨੂੰ ਗਾਲ੍ਹਾਂ ਵੀ ਕੱਢਦਾ ਰਹਿੰਦਾ ਸੀ। ਉਸ ਨੂੰ ਸੋਧਣ ਦਾ ਫੈਸਲਾ 16 ਅਪ੍ਰੈਲ 1923 ਨੂੰ ਬਾਬੂ ਸੰਤਾ ਸਿੰਘ, ਅਨੂਪ ਸਿੰਘ, ਕਰਮ ਸਿੰਘ ਮਾਣਕੋ, ਵਤਨ ਸਿੰਘ ਪੰਡੋਰੀ ਤੇ ਨੰਦ ਸਿੰਘ ਘੁੜਿਆਲ ਨੇ ਕੀਤਾ ਅਤੇ ਅਗਲੇ ਦਿਨ ਹੀ ਪੰਜ-ਛੇ ਬੰਦਿਆਂ ਵਿੱਚ ਘਿਰੇ ਬੈਠੇ ਨੂੰ ਗੋਲੀਆਂ ਅਤੇ ਕਿਰਪਾਨਾਂ ਨਾਲ ਪਾਰ ਬੁਲਾਇਆ। ਪਿੰਡ ਕੌਲ ਗੜ੍ਹ ਦੇ ਰਲਾ ਸਫੈਦਪੋਸ਼, ਲੰਬੜਦਾਰ ਅਤੇ ਉਸ ਦੇ ਭਾਈ ਦਿੱਤੂ ਨੂੰ ਜੋ ਦੋਵੇਂ ਪੁਲਸ ਦੇ ਟਾਊਟ ਤੇ ਅਕਾਲੀਆਂ ਦਾ ਮਜ਼ਾਕ ਉਡਾਉਂਦੇ ਸਨ, ਕਰਮ ਸਿੰਘ, ਧੰਨਾ ਸਿੰਘ, ਬਾਬੂ ਸੰਤਾ ਸਿੰਘ, ਧੰਨਾ ਸਿੰਘ ਕੋਟਲੀ ਬਾਵਾ ਦਾਸ ਆਦਿ ਨੇ 20 ਮਈ 1923 ਨੂੰ ਦੋਹਾਂ ਨੂੰ ਕੰਧ ਨਾਲ ਖੜ੍ਹਾ ਕਰਕੇ ਗੋਲੀਆਂ ਮਾਰ ਦਿੱਤੀਆਂ।

(• ਬਾਕੀ ਸਫ਼ਾਂ 9 'ਤੇ)

**ਬਰਸੀ 'ਤੇ ਵਿਸ਼ੇਸ਼**

# ਮਿਹਨਤਕਸ਼ ਸਾਥੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਅਨਮੋਲ ਹੀਰੇ ਸਨ ਸਾਥੀ ਜਸਵੰਤ ਸਿੰਘ ਸਮਰਾ

**ਅਵਤਾਰ ਸਿੰਘ ਤਾਰੀ**

ਭਾਰਤ ਦੀ ਟਰਾਂਸਪੋਰਟ ਮਜ਼ਦੂਰ ਲਹਿਰ ਵਿੱਚ ਸਮੇਂ-ਸਮੇਂ 'ਤੇ ਟਰਾਂਸਪੋਰਟ ਅਦਾਰੇ ਦੇ ਕਿਰਤੀਆਂ ਦੇ ਹੱਕਾਂ ਲਈ ਆਗੂਆਂ ਨੇ ਸੰਘਰਸ਼ ਕਰਦਿਆਂ ਆਪਣੇ ਜੀਵਨ ਦੇ ਅਨਮੋਲ ਸਮੇਂ ਨੂੰ ਲੇਖੇ ਲਾਇਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਨ੍ਹਾਂ ਆਗੂਆਂ ਵਿੱਚ ਪੰਜਾਬ ਦੇ ਟਰਾਂਸਪੋਰਟ ਮਜ਼ਦੂਰਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਬਾਨੀ ਕਾਮਰੇਡ ਜਸਵੰਤ ਸਿੰਘ ਸਮਰਾ ਅਨਮੋਲ ਹੀਰੇ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਟਰਾਂਸਪੋਰਟ ਅਦਾਰੇ ਦੇ ਵਰਕਰਾਂ ਦੀਆਂ ਹੱਕੀ ਮੰਗਾਂ, ਟਰੇਡ ਯੂਨੀਅਨ ਦੀ ਰਾਖੀ ਅਤੇ ਅਦਾਰੇ ਨੂੰ ਤਰੱਕੀ ਵੱਲ ਲੈ ਕੇ ਜਾਣ ਅਤੇ ਕੌਮੀ ਪੱਧਰ 'ਤੇ ਸੰਘਰਸ਼ਾਂ ਲਈ ਸਮੁੱਚੇ ਵਰਕਰਾਂ ਨੂੰ ਲਾਮਬੰਦ ਕਰਨ 'ਤੇ ਬਤੀਤ ਕੀਤਾ।

ਸਾਥੀ ਜੀ ਦੇ ਜੀਵਨ 'ਤੇ ਝਾਤ ਮਾਰਦੇ ਹੋਏ ਅਸੀਂ ਇਹ ਵੀ ਦੱਸਣ ਵਿੱਚ ਮਾਣ ਪ੍ਰਾਪਤ ਸਮਝਦੇ ਹਾਂ ਕਿ ਸਾਥੀ ਜਸਵੰਤ ਸਿੰਘ ਸਮਰਾ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਸਮਰਾਵਾਂ ਵਿੱਚ 12 ਅਗਸਤ 1924 ਨੂੰ ਹੋਇਆ। ਆਪ ਜੀ ਨੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚੋਂ ਪ੍ਰਾਪਤ ਕੀਤੀ। ਆਪ ਜੀ ਪੜ੍ਹਾਈ ਦੇ ਨਾਲ-ਨਾਲ ਉੱਚ ਸੋਚ, ਨਿਧੜਕ ਹੋ ਕੇ ਪਿੰਡ ਦੇ ਕੰਮ ਕਰਨੇ। ਆਪ ਜੀ ਆਪਣੀ ਸਿਆਣਪ ਤੇ ਮਿੱਠੇ ਸੁਭਾਅ ਦੇ ਮਾਲਕ ਹੋਣ ਦੇ ਨਾਲ-ਨਾਲ ਲੋੜਵੰਦਾਂ ਦੀ ਮਦਦ ਕਰਨੀ, ਹਰੇਕ ਦਾ ਦਿਲ ਜਿੱਤਣ ਦੇ ਮਾਹਿਰ ਸਨ। ਦੇਸ਼ ਦੀ ਵੰਡ ਉਪਰੰਤ 1950 ਵਿੱਚ ਲਾਹੌਰ ਤੋਂ 13 ਬੱਸਾਂ ਓਮਨੀ ਬੱਸ ਸਰਵਿਸ ਦੇ ਨਾਂਅ ਹੇਠ ਪੰਜਾਬ ਆਈਆਂ ਸਨ, ਜੋ ਬਅਦ ਵਿੱਚ ਪੰਜਾਬ ਰੋਡਵੇਜ਼ ਦੇ ਨਾਂਅ ਨਾਲ ਪ੍ਰਚੱਲਿਤ ਹੋਈਆਂ। ਆਪ ਜੀ ਹੱਥੀਂ ਕੰਮ ਕਰਨ ਵਿੱਚ ਕਾਫ਼ੀ ਮਾਹਿਰ ਸਨ, ਇਸੇ ਹੁਨਰ ਨੂੰ ਦੇਖਦੇ ਹੋਏ ਆਪ ਜੀ ਨੂੰ ਪੰਜਾਬ ਰੋਡਵੇਜ਼ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ। ਸਾਥੀ ਜੀ ਆਪਣੇ ਸੁਭਾਅ ਮੁਤਾਬਕ ਵਰਕਰਾਂ ਵਿੱਚ ਬਹੁਤ ਮਾਣ ਪ੍ਰਾਪਤ ਕਰਦੇ ਰਹੇ। ਆਪ ਜੀ ਦੀ ਅਗਾਂਹਵਧੂ ਸੋਚ ਸਦਕਾ 40 ਸਾਲ ਤੋਂ ਵੱਧ ਸਮਾਂ ਜਥੇਬੰਦੀ ਵਿੱਚ ਬਤੌਰ ਜਨਰਲ ਸਕੱਤਰ ਸੇਵਾ ਕੀਤੀ। ਇਸ ਸਮੇਂ ਆਪ ਜੀ ਨੇ ਆਪਣੇ ਸਾਥੀ ਜਗਮੇਲ ਸਿੰਘ, ਸ਼ੇਰ ਗਿੱਲ, ਨਛੱਤਰ ਸਿੰਘ ਧਾਲੀਵਾਲ, ਬਲਬੀਰ ਸਿੰਘ ਚਾਹਲ ਨਾਲ ਬਹੁਤ ਹੀ ਸੂਝ-ਬੂਝ ਨਾਲ ਯੋਗ ਅਗਵਾਈ ਕਰਦੇ ਹੋਏ ਰੋਡਵੇਜ਼ ਵਿੱਚ ਬੱਸਾਂ ਦਾ ਫਲੀਟ 2407 ਬੱਸਾਂ ਤੱਕ ਪਹੁੰਚਾਉਣ ਲਈ ਕਾਫ਼ੀ ਯੋਗਦਾਨ ਪਾਇਆ। ਆਪ ਜੀ ਜਿੱਥੇ ਪੰਜਾਬ ਰੋਡਵੇਜ਼ ਦੀ ਸਿਰਮੌਰ ਜਥੇਬੰਦੀ ਦੇ ਆਗੂ ਮੰਨੇ ਜਾਂਦੇ ਸੀ, ਓਥੇ ਆਪ ਜੀ ਨੂੰ ਦੇਸ਼ ਭਰ ਦੇ ਟਰਾਂਸਪੋਰਟ ਵਰਕਰਾਂ ਦੀ ਸਭ ਤੋਂ ਵੱਡੀ ਜਥੇਬੰਦੀ ਐੱਨ ਐੱਫ ਆਈ ਆਰ ਟੀ ਡਬਲਿਊ ਦੇ ਕੌਮੀ ਸਕੱਤਰ ਵਜੋਂ ਅਗਵਾਈ ਕਰਨ ਦਾ ਮਾਣ ਪ੍ਰਾਪਤ ਹੋਇਆ। ਆਪ ਜੀ ਕਿਸੇ ਵੀ ਗੱਲ ਦੀ ਤਹਿ ਤੱਕ ਜਾ ਕੇ ਮਸਲੇ ਹੱਲ ਕਰਨ ਦੀ ਮੁਹਾਰਤ ਰੱਖਦੇ ਸੀ। ਆਪ ਜੀ ਦੀ ਉਸਾਰੂ ਸੋਚ,



ਯੋਗ ਅਗਵਾਈ ਸਦਕਾ ਰੋਡਵੇਜ਼ ਦਾ ਸਮੁੱਚਾ ਕਾਮਾ ਪੈਨਸ਼ਨ ਦਾ ਹੱਕਦਾਰ ਬਣਿਆ। ਸਮੁੱਚਾ ਕਾਮਾ ਆਪ ਜੀ ਦੇ ਪੈਨਸ਼ਨ ਅਧਿਕਾਰ ਨੂੰ ਕਦੀ ਨਹੀਂ ਭੁੱਲ ਸਕਦਾ। ਲੀਡਰਸ਼ਿਪ ਦੀ ਯੋਗ ਅਗਵਾਈ ਹੇਠ ਅਦਾਰਾ ਬੁਲੰਦੀਆਂ ਨੂੰ ਛੂਹ ਰਿਹਾ ਹੈ, ਪਰ ਰਾਜਸੀ ਲੋਕਾਂ ਦੀ ਪੈਸੇ ਦੀ ਭੁੱਖ ਨੇ ਲਾਹੇਵੰਦ ਰੂਟਾਂ 'ਤੇ ਆਪਣੀਆਂ ਨਿੱਜੀ ਬੱਸਾਂ ਪਾ ਕੇ ਇਸ ਨੂੰ ਘਾਟੇ ਵੱਲ ਧੱਕ ਦਿੱਤਾ। ਫਿਰ ਵੀ ਜਥੇਬੰਦੀ ਦੀ ਮੌਜੂਦਾ ਲੀਡਰਸ਼ਿਪ ਆਪ ਜੀ ਵੱਲੋਂ ਦਰਸਾਏ ਮਾਰਗ 'ਤੇ ਚਲਦਿਆਂ ਰਾਜਸੀ ਲੋਕਾਂ ਅਤੇ ਅਫ਼ਸਰਸ਼ਾਹੀ ਦਾ ਡਟ ਕੇ ਵਿਰੋਧ ਕਰ ਰਹੀ ਹੈ। ਜਥੇਬੰਦੀ ਦੀ ਵਧੀਆ ਸੋਚ ਸਦਕਾ ਹੀ ਅਦਾਰਾ ਅਜੇ ਤੱਕ ਜੀਵਤ ਹੈ ਅਤੇ ਲੋਕਾਂ ਦੀ ਨਿਰੰਤਰ ਸੇਵਾ ਕਰ ਰਿਹਾ ਹੈ। ਠੇਕੇਦਾਰੀ ਸਿਸਟਮ ਨੇ ਅਦਾਰੇ ਨੂੰ ਖੋਰਾ ਲਾਉਣ ਦਾ ਕੰਮ ਕੀਤਾ ਹੈ। ਫਿਰ ਵੀ ਜਥੇਬੰਦੀ ਦੀ ਸਮੁੱਚੀ ਲੀਡਰਸ਼ਿਪ ਵੱਖ-ਵੱਖ ਪ੍ਰੋਗਰਾਮ ਦੇ ਕੇ ਇਸ ਦਾ ਝੰਡਾ ਉੱਚਾ ਰੱਖਣ ਵਿੱਚ ਕਾਮਯਾਬ ਹੋ ਰਹੀ ਹੈ।

ਭਾਵੇਂ ਆਪ ਜੀ ਸੇਵਾ-ਮੁਕਤੀ ਤੋਂ ਕਾਫ਼ੀ ਸਮਾਂ ਬਾਅਦ ਆਪਣੇ ਬੇਟੇ ਕੋਲ ਅਮਰੀਕਾ ਚਲੇ ਗਏ ਸੀ, ਪਰ ਆਪ ਜੀ ਨੇ ਵਿਦੇਸ਼ ਤੋਂ ਵੀ ਕੀਮਤੀ ਵਿਚਾਰਾਂ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਆਪ ਜੀ 20 ਮਾਰਚ 2004 ਨੂੰ ਟਰਾਂਸਪੋਰਟ ਅਦਾਰੇ ਦੇ ਸਮੁੱਚੇ ਕਾਮਿਆਂ ਨੂੰ ਵਿਛੋੜਾ ਦੇ ਗਏ। ਜਥੇਬੰਦੀ ਅੱਜ ਵੀ ਆਪ ਜੀ ਦੇ ਪਾਏ ਪੂਰਨਿਆਂ 'ਤੇ ਨੇਕ ਵਿਚਾਰਾਂ ਦੀ ਕਦਰ ਕਰਦੇ ਹੋਏ ਅਦਾਰੇ ਨੂੰ ਜ਼ਿੰਦਾ ਰੱਖਣ ਵਿੱਚ ਸਫਲ ਹੋ ਰਹੀ ਹੈ। ਜਥੇਬੰਦੀ ਟਰਾਂਸਪੋਰਟ ਅਦਾਰੇ ਦੇ ਹਰਮਨ-ਪਿਆਰੇ ਨੇਤਾ ਨੂੰ ਸ਼ਰਧਾ ਦੇ ਫੁੱਲ ਅਤੇ ਉਨ੍ਹਾ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 27-2-2026 ਨੂੰ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰੀ ਹਾਲ ਪਿੱਛੇ ਪੁਲਸ ਚੌਕੀ ਬੱਸ ਸਟੈਂਡ ਜਲੰਧਰ ਵਿਖੇ 22ਵੀਂ ਸਾਲਾਨਾ ਬਰਸੀ ਪੂਰੇ ਜੋਸ਼ ਨਾਲ ਮਨਾ ਰਹੀ ਹੈ। ਜਥੇਬੰਦੀ ਸਮੂਹ ਸਾਥੀਆਂ ਨੂੰ ਸਮਰਾ ਜੀ ਦੀ ਬਰਸੀ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸੱਦਾ ਦਿੰਦੀ ਹੈ।

**ਜਥੇਬੰਦਕ ਸਕੱਤਰ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ)**
**# ਸੰਪਰਕ : 98155-69050**

# ਉਸਾਰੀ ਕਿਰਤੀਆਂ ਵੱਲੋਂ ਸਮੇਂ ਸਿਰ ਲਾਭ ਨਾ ਮਿਲਣ ਤੇ ਮਨਮਰਜ਼ੀ ਨਾਲ ਸਕੀਮਾਂ 'ਚ ਬਦਲਾਅ ਕਰਨ ਖ਼ਿਲਾਫ ਰੋਸ ਪ੍ਰਦਰਸ਼ਨ

## ਉਸਾਰੀ ਕਿਰਤੀਆਂ ਦੇ ਹੱਕਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਾਂਗੇ : ਢਾਬਾਂ, ਬਨਵਾਲਾ


ਫਾਜ਼ਿਲਕਾ


ਸੰਗਰੂਰ


ਗੁਰੂ ਹਰਸਹਾਏ


ਮੋਗਾ


ਲੁਧਿਆਣਾ

**ਫਾਜ਼ਿਲਕਾ (ਬਲਵਿੰਦਰ ਸਿੰਘ)**-ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਵੱਲੋਂ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਹੱਕਾਂ ਦੀ ਪ੍ਰਾਪਤੀ ਨੂੰ ਸਮੇਂ ਸਿਰ ਸਕੀਮਾਂ ਦਾ ਲਾਭ ਨਾ ਮਿਲਣ, ਦਫਤਰਾਂ ਵਿੱਚ ਹੁੰਦੀ ਲਗਾਤਾਰ ਖੱਜਲ ਖੁਆਰੀ, ਨਜਾਇਜ਼ ਤੌਰ 'ਤੇ ਲਗਾਏ ਜਾਂਦੇ ਗੈਰ-ਵਾਜਿਬ ਇਤਰਾਜ਼ਾਂ ਤੇ ਕਈ ਸਾਲਾਂ ਤੋਂ ਲੰਬਿਤ ਪਏ ਮਾਮਲਿਆਂ ਨੂੰ ਹੱਲ ਕਰਵਾਉਣ ਲਈ ਡੀ ਸੀ ਦਫ਼ਤਰ ਸਾਹਮਣੇ ਉਸਾਰੀ ਕਿਰਤੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਰਜਿਸਟਰਰੇਟਕ ਦੇ ਜ਼ਿਲ੍ਹਾ ਪ੍ਰਧਾਨ ਜੰਮੂ ਰਾਮ ਬਨਵਾਲਾ, ਜ਼ਿਲ੍ਹਾ ਸਕੱਤਰ ਸੋਨਾ ਧੁੰਨਕੀਆਂ, ਜ਼ਿਲ੍ਹਾ ਕੌਂਸਲ ਮੈਂਬਰ ਹਰਚਰਨ ਪਾਲੀ ਵਾਲਾ, ਪਰਮਜੀਤ ਸੋਹਨਾ ਸਾਂਦੜ ਤੇ ਕਰਨੈਲ ਬੱਗੇ ਕੇ ਨੇ ਕੀਤੀ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਡਿਪਟੀ ਜਨਰਲ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਤੇ ਜੰਮੂ ਰਾਮ ਬਨਵਾਲਾ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਬੋਰਡ ਦੀ ਮੀਟਿੰਗ ਨਾ ਹੋਣ ਕਾਰਨ ਕਿਰਤ ਵਿਭਾਗ ਵੱਲੋਂ ਗਲਤ ਤਰੀਕੇ ਨਾਲ ਸਕੀਮਾਂ ਵਿੱਚ ਬਦਲਾਓ ਕੀਤਾ ਜਾ ਰਿਹਾ ਹੈ, ਜਿਵੇਂ ਕਿ ਲਾਭਪਾਤਰੀਆਂ ਲਈ ਵਾਰ-ਵਾਰ ਪੈਨਸ਼ਨ ਸਕੀਮ ਵਿੱਚ ਬਦਲਾਓ ਕਰਨਾ, ਗਰੇਸ ਮਿਤੀ ਦੇ ਅੰਦਰ ਮਿਲਣ ਵਾਲੇ ਐਕਸਗਰੇਸ਼ੀਆਂ ਵਿੱਚ ਬਦਲਾਓ ਕਰਨਾ, ਐਕਸੀਡੈਂਟਲ ਐਕਸਗਰੇਸ਼ੀਆ ਲਾਭਪਾਤਰੀ ਦੇ ਵਾਰਸਾਂ ਨੂੰ ਨਾ ਮਿਲਣਾ, 27 ਨੰਬਰ ਫਾਰਮ ਦਾ ਆਟੋਪੈਚ ਨਾ ਹੋਣ ਕਾਰਨ ਲਾਭਪਾਤਰੀ ਖੱਜਲ ਖੁਆਰ ਹੋ ਰਹੇ ਹਨ।ਇਸ ਸਬੰਧੀ ਯੂਨੀਅਨ ਵੱਲੋਂ ਮਹਿਕਮਾਂ ਲੇਬਰ ਖ਼ਿਲਾਫ਼ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।ਇਸ ਤਹਿਤ ਅਸਿਸਟੈਂਟ ਲੇਬਰ ਕਮਿਸ਼ਨਰ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਸਥਾਨਕ ਡੀ ਸੀ ਦਫ਼ਤਰ ਸਾਹਮਣੇ ਧਰਨਾ ਦਿੱਤਾ ਗਿਆ ਹੈ।ਇਸ ਮੌਕੇ ਸੰਬੋਧਨ ਕਰਦਿਆਂ ਸੀਪੀਆਈ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਤੇ ਸਾਬਕਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਦੇ ਕਾਨੂੰਨ ਲਾਲ ਝੰਡੇ ਦੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਪਹਿਲ ਦੇ ਆਧਾਰ 'ਤੇ ਬਣਾਏ ਗਏ ਹਨ।ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਵੀ ਸਾਡੀ ਪਹਿਲ ਕਦਮੀ ਹੋਣੀ ਚਾਹੀਦੀ ਹੈ।ਆਗੂਆਂ ਨੇ ਹੋਰ ਮੰਗਾਂ ਸਬੰਧੀ ਵੇਰਵੇ ਸਾਂਝੇ ਕਰਦਿਆਂ ਆਗੂਆਂ ਨੇ ਦੱਸਿਆ ਕਿ ਪੁਰਾਣੇ ਕੇਸ ਜੋ ਪਾਸ ਹੋਣ ਉਪਰੰਤ ਬੈਂਕ ਵਿੱਚ ਛੋਟਾ ਖਾਤਾ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਅਦਾਇਗੀ ਨਹੀਂ ਹੁੰਦੀ, ਉਸ ਬਾਰੇ ਲਾਭਪਾਤਰੀ ਜਾਂ ਵਾਰਿਸ ਵੱਲੋਂ ਅਰਜ਼ੀ ਦੇ ਕੇ ਇੰਸਪੈਕਟਰ ਤੋਂ ਸਾਈਨ ਕਰਾ ਕੇ ਏਐੱਲਸੀ ਰਾਹੀਂ ਸਕੱਤਰ ਨੂੰ ਭੇਜੀਆਂ ਜਾਂਦੀਆਂ ਹਨ।ਉਨ੍ਹਾਂ ਦੀ ਪੇਮੈਂਟ ਲਗਭਗ ਪੰਜ-ਪੰਜ ਸਾਲ ਤੱਕ ਲਟਕਦੀ ਰਹਿੰਦੀ ਹੈ ਤੇ ਲਾਭਪਾਤਰੀ ਜਾਂ ਵਾਰਿਸ ਨੂੰ ਕੋਈ ਸੂਚਨਾ ਨਹੀਂ ਦਿੱਤੀ ਜਾਂਦੀ।ਪੈਨਸ਼ਨ ਦੇ ਕੇਸ ਜੋ 2016 ਤੋਂ ਲੈ ਕੇ ਲਟਕ ਰਹੇ ਹਨ, ਲੇਬਰ ਕਮਿਸ਼ਨਰ ਤੋਂ ਪਾਸ ਵੀ ਹੋ ਗਏ ਹਨ, ਪਰ ਲਾਈਫ ਸਰਟੀਫਿਕੇਟ ਨਾ ਤਾਂ ਭੇਜੇ ਜਾ ਰਹੇ ਹਨ ਨਾ ਹੀ ਪ੍ਰਵਾਨ ਕੀਤੇ ਜਾ ਰਹੇ ਹਨ, ਇਸ ਸਿਸਟਮ ਨੂੰ ਸੁਧਾਰ ਕੇ ਬੈਂਕਾਂ ਰਾਹੀਂ ਪੈਨਸ਼ਨ ਦਿੱਤੀ ਜਾਵੇ।ਲਾਭਪਾਤਰੀ ਤੋਂ ਲਾਈਫ ਸਾਰਟੀਫਿਕੇਟ ਬੈਂਕਾਂ ਵਿੱਚ ਹੀ ਲਿਆ ਜਾਵੇ।ਨਵੀਂ ਪੈਨਸ਼ਨ ਨੀਤੀ ਤੁਰੰਤ ਰੱਦ ਕੀਤੀ ਜਾਵੇ ਜਾਂ ਫਿਰ ਪੈਨਸ਼ਨ ਵਿੱਚ ਵਜ਼ੀਫੇ ਵਾਂਗ ਦੋਹਰਾ ਲਾਭ (ਬੁਢਾਪਾ ਪੈਨਸ਼ਨ) ਲੈਣ ਦਾ ਹੱਕ ਦਿੱਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਸੋਨਾ ਧੁੰਨਕੀਆਂ ਤੇ ਬਲਾਕ ਸਕੱਤਰ ਪਰਮਜੀਤ ਸਿੰਘ ਸੋਹਣਾ ਸਾਂਦੜ ਨੇ ਉਸਾਰੀ ਕਿਰਤੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਹੁਣ ਉਹ ਯੂਨੀਅਨ ਦੇ ਤਾਲਮੇਲ 'ਚ ਰਹਿਣ ਅਤੇ ਉਨ੍ਹਾਂ ਦੇ ਕੰਮ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸ਼ੁਬੇਗ ਝੰਗੜਭੈਣੀ, ਜ਼ਿਲ੍ਹਾ ਸਕੱਤਰ ਹਰਭਜਨ ਛੱਪੜੀ ਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਢਾਬਾਂ, ਗੁਰਦਿਆਲ ਢਾਬਾਂ, ਭਜਨ ਲਾਲ ਫਾਜ਼ਿਲਕਾ, ਯੂਨੀਅਨ ਆਗੂ ਹਰਚਰਨ ਪਾਲੀਵਾਲਾ, ਕਰਨੈਲ ਬੱਗੇ ਕੇ, ਜੱਗਾ ਟਾਹਲੀ ਵਾਲਾ, ਲਖਵਿੰਦਰ ਪਾਲੀਵਾਲਾ,ਰਾਜ ਖੀਵਾ,ਅਰਵੀਨ ਢਾਬਾਂ, ਸੋਹਣ ਸਰਪੰਚ ਬਸਤੀ ਚੱਕ ਸੁੱਕੜ, ਸੁਨੀਲ ਢਾਣੀ ਬਚਨ ਸਿੰਘ, ਧਰਮਿੰਦਰ ਮੁਰਕਵਾਲਾ, ਗੁਰਦੇਵ ਤਾਰੇ ਵਾਲਾ, ਸੁਰਿੰਦਰ ਬਾਹਮਣੀ ਵਾਲਾ, ਇਕਬਾਲ ਸਿੰਘ ਜਾਨੀਸਰ, ਬਲਜੀਤ ਸਿੰਘ, ਰਾਜਵਿੰਦਰ ਨਿਊਲਾ, ਬਲਵਿੰਦਰ ਘੁਰੀ, ਮੰਗਤ ਸੋਹਣਾ ਸਾਂਦੜ, ਬਲਵੀਰ ਕਾਠਗੜ੍ਹ, ਬਲਵਿੰਦਰ ਮਹਾਲਮ ਤੇ ਕੁਲਦੀਪ ਬੱਖੁਸ਼ਾਹ ਹਾਜ਼ਰ ਸਨ।

**ਸੰਗਰੂਰ (ਪ੍ਰਵੀਨ ਸਿੰਘ)** : ਇੱਥੇ ਕੰਸਟਰਕਸ਼ਨ ਵਰਕਰ ਯੂਨੀਅਨ ਏਟਕ ਪੰਜਾਬ ਦੇ ਸੱਦੇ 'ਤੇ ਸਹਾਇਕ ਕਿਰਤ ਕਮਿਸ਼ਨਰ ਸੰਗਰੂਰ ਦੇ ਦਫਤਰ 'ਤੇ ਉਸਾਰੀ ਕਾਮਿਆਂ ਵੱਲੋਂ ਸੁਖਦੇਵ ਸ਼ਰਮਾ, ਪ੍ਰਦੀਪ ਚੀਮਾ, ਲੀਲੇ ਖਾਂ, ਸੁਰਿੰਦਰ ਭੈਣੀ ਤੇ ਭਰਪੂਰ ਬੁੱਲਾਂਪੁਰ ਦੀ ਅਗਵਾਈ ਵਿੱਚ ਵਿਸ਼ਾਲ ਧਰਨਾ ਦਿੱਤਾ ਗਿਆ। ਉਪਰੋਕਤ ਆਗੂਆਂ ਨੇ ਧਰਨਾਕਾਰੀ ਉਸਾਰੀ ਕਾਮਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪ੍ਰਿੰਸੀਪਲ ਸਕੱਤਰ ਲੇਬਰ ਮਹਿਕਮਾ ਪੰਜਾਬ ਸਰਕਾਰ ਦਾ ਰਵੱਈਆ ਅਤੀ ਨਿੰਦਣਯੋਗ ਹੈ, 60 ਸਾਲ ਦੀ ਉਮਰ 'ਤੇ ਮਿਲਦੀ ਪੈਨਸ਼ਨ ਨੂੰ ਘਟਾ ਕੇ ਕੈਟੇਗਰੀ ਵਾਈਜ਼ ਕਰਨਾ, ਯਾਤਰਾ ਭੱਤੇ ਦੀ ਸਕੀਮ ਨੂੰ ਲਗਭਗ ਖਤਮ ਕਰਨਾ, ਵਜ਼ੀਫਾ ਸਕੀਮਾਂ ਅੰਦਰ ਲਗਾਤਾਰ ਕੇਸਾਂ ਨੂੰ ਲਟਕਾ ਕੇ ਰੱਖਣਾ, ਗਰੇਸ ਮਿਤੀ ਵਿੱਚ ਲਾਭਪਾਤਰੀ ਦੀ ਮੌਤ ਤੇ ਮਨਜ਼ੂਰੀ ਦੀ ਗੱਲ ਕਰਕੇ ਮੁਆਵਜ਼ੇ ਤੋਂ ਖਾਰਜ ਕਰਨਾ, ਐਕਸੀਡੈਂਟ ਕੇਸਾਂ ਵਿੱਚ ਮੁਆਵਜ਼ਾ ਦੇਣ ਤੋਂ ਆਨਾਕਾਨੀ ਕਰਨਾ ਅਤੇ 27 ਨੰਬਰ ਫਾਰਮ ਨੂੰ ਆਟੋਪੈਚ ਨਾ ਕਰਨਾ ਤੇ ਵਰਕਰਾਂ ਨੂੰ ਖੱਜਲ ਖੁਆਰ ਕਰਨਾ ਆਦਿ ਮਸਲਿਆਂ ਤੋਂ ਦੁਖੀ ਹੋਏ ਉਸਾਰੀ ਕਾਮੇ ਅੱਜ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਲੇਬਰ ਕਮਿਸ਼ਨਰ ਪੰਜਾਬ ਤੇ ਲੇਬਰ ਸੈਕਟਰੀ ਪੰਜਾਬ ਦੇ ਰਵੱਈਏ ਤੋਂ ਦੁਖੀ ਹੋ ਕੇ ਕੰਸਟਰਕਸ਼ਨ ਵਰਕਰ ਲੇਬਰ ਯੂਨੀਅਨ ਏਟਕ ਵੱਲੋਂ ਪੰਜਾਬ ਵਿੱਚ ਅੱਜ ਸਾਰੇ ਸਹਾਇਕ ਕਿਰਤ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਧਰਨੇ ਮਾਰੇ ਗਏ ਅਤੇ 27 ਮਾਰਚ 2026 ਨੂੰ ਮੋਹਾਲੀ ਵਿਖੇ ਲੇਬਰ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ। ਇਸੇ ਦੌਰਾਨ ਭਾਰਤ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਚਰਚਾ ਕਰਦਿਆਂ ਉਪਰੋਕਤ ਆਗੂਆਂ ਨੇ ਦੱਸਿਆ ਕਿ ਚਾਰੇ ਲੇਬਰ ਕੋਡ, ਜੋ ਕਿਰਤੀਆਂ ਖਿਲਾਫ ਹਨ, ਨੂੰ ਬਦਲਣਾ ਅਤੀ ਜ਼ਰੂਰੀ ਹੈ, ਜੋ ਵਾਪਸ ਲਏ ਜਾਣੇ ਚਾਹੀਦੇ ਹਨ। ਬਿਜਲੀ ਸੋਧ ਬਿਲ ਵਾਪਸ ਲਓ, ਬੀਜ ਸੋਧ ਬਿਲ ਵਾਪਸ ਲਓ ਦੇ ਨਾਅਰੇ ਲਾਏ ਗਏ ਤੇ ਨਰੇਗਾ ਸਕੀਮ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਬੱਟੜਿਆਨਾ, ਮੇਲਾ ਸਿੰਘ ਪੁਨਾਵਲ ਤੇ ਸੀਤਾ ਰਾਮ ਬਾਲਦ ਕਲਾਂ, ਏਟਕ ਆਗੂ ਸਾਥੀ ਜੀਵਨ ਸਿੰਘ, ਜੋਗਿੰਦਰ ਸਿੰਘ, ਰਵੀ ਦੱਤ, ਗੁਰਦੀਪ ਸਿੰਘ, ਸਰੂਪ ਸਿੰਘ ਧੂਰੀ, ਗੁਰਜੰਟ ਸਿੰਘ, ਇੰਦਰ ਸਿੰਘ ਆਦਿ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਵਜੀਤ ਸਿੰਘ ਨੇ ਨਿਭਾਈ।

**ਮੋਗਾ (ਇਕਬਾਲ ਸਿੰਘ ਖਹਿਰਾ)**-ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਵੱਲੋਂ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਹੱਕਾਂ ਦੀ ਪ੍ਰਾਪਤੀ ਨੂੰ ਸਮੇਂ ਸਿਰ ਸਕੀਮਾਂ ਦਾ ਲਾਭ ਨਾ ਮਿਲਣ, ਦਫਤਰਾਂ ਵਿੱਚ ਹੁੰਦੀ ਲਗਾਤਾਰ ਖੱਜਲ ਖੁਆਰੀ, ਨਜਾਇਜ਼ ਤੌਰ 'ਤੇ ਲਗਾਏ ਜਾਂਦੇ ਗੈਰ-ਵਾਜਿਬ ਇਤਰਾਜ਼ਾਂ ਤੇ ਕਈ ਸਾਲਾਂ ਤੋਂ ਲੰਬਿਤ ਪਏ ਮਾਮਲਿਆਂ ਨੂੰ ਹੱਲ ਕਰਵਾਉਣ ਲਈ ਅੱਜ ਡੀਸੀ ਦਫ਼ਤਰ ਸਾਹਮਣੇ ਉਸਾਰੀ ਕਿਰਤੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਰਜਿਸਟਰਰੇਟਕ ਦੇ ਜ਼ਿਲ੍ਹਾ ਆਗੂ ਇਕਬਾਲ ਤਖਾਣਵੱਧ, ਪਰਮਜੀਤ ਮੋਗਾ, ਅੰਮ੍ਰਿਤਪਾਲ ਦੌਧਰ, ਸੁਰਜੀਤ ਤਖਾਣਵੱਧ, ਸਤਪਾਲ ਤਖਾਣਵੱਧ, ਮਨਮੋਹਨ ਸਿੰਘ ਰਾਜੂ ਚੂਹੜਚੱਕ, ਬੂਟਾ ਸਿੰਘ ਰਣੀਆਂ, ਯੂਸਫ਼ ਖਾਨ ਡਾਲਾ ਤੇ ਬਲਰਾਮ ਪ੍ਰਸਾਦ ਕਪੂਰੇ ਨੇ ਕੀਤੀ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਡਾਕਟਰ ਇੰਦਰਵੀਰ ਗਿੱਲ, ਇੰਜ. ਸਵਰਨ ਖੋਸਾ, ਕਾਮਰੇਡ ਕੁਲਦੀਪ ਭੋਲਾ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਬੋਰਡ ਦੀ ਮੀਟਿੰਗ ਨਾ ਹੋਣ ਕਾਰਨ ਕਿਰਤ ਵਿਭਾਗ ਵੱਲੋਂ ਗਲਤ ਤਰੀਕੇ ਨਾਲ ਸਕੀਮਾਂ ਵਿੱਚ ਬਦਲਾਓ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਯੂਨੀਅਨ ਵੱਲੋਂ ਮਹਿਕਮਾਂ ਲੇਬਰ ਖ਼ਿਲਾਫ਼ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।ਇਸ ਤਹਿਤ ਅੱਜ ਅਸਿਸਟੈਂਟ ਲੇਬਰ ਕਮਿਸ਼ਨਰ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਸਥਾਨਕ ਡੀ ਸੀ ਦਫ਼ਤਰ ਸਾਹਮਣੇ ਧਰਨਾ ਦਿੱਤਾ ਗਿਆ ਹੈ।

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** : ਕੰਸਟ੍ਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਪੰਜਾਬ ਏਟਕ (ਰਜਿ:) ਦੇ ਸੱਦੇ 'ਤੇ ਸਥਾਨਕ ਕਿਰਤ ਵਿਭਾਗ ਦੇ ਦਫਤਰ ਅੱਗੇ ਉਸਾਰੀ ਕਿਰਤੀਆਂ ਵੱਲੋਂ ਰੋਸ ਧਰਨਾ ਦਿੱਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਉਸਾਰੀ ਕਿਰਤੀਆਂ ਤੇ ਨੌਜਵਾਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਧਰਨੇ ਦੀਆਂ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਕੰਸਟ੍ਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਦੇ ਬਲਾਕ ਆਗੂ ਰਾਜ ਕੁਮਾਰ ਬਹਾਦਰ ਕੇ, ਮਨਜੀਤ ਮਨੂੰ ਤੇ ਬਲਵਿੰਦਰ ਸਰੂਪੇ ਵਾਲਾ ਨੇ ਕੀਤੀ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਥੀ ਚਰਨਜੀਤ ਸਿੰਘ ਛਾਂਗਾ ਰਾਏ ਨੇ ਕਿਹਾ ਕਿ ਕਿਰਤ ਵਿਭਾਗ ਅਫ਼ਸਰਸ਼ਾਹੀ ਵੱਲੋਂ ਉਸਾਰੀ ਕਿਰਤੀਆਂ ਨੂੰ ਪਿਛਲੇ ਲੰਬੇ ਸਮੇਂ ਤੋਂ ਗ਼ੈਰ-ਵਾਜ਼ਬ ਇਤਰਾਜ਼ ਲਗਾ ਕੇ ਖੱਜਲ ਖੁਆਰ ਕੀਤਾ ਜਾਂਦਾ ਹੈ ਤੇ ਇਤਰਾਜ਼ ਦੂਰ ਕਰਵਾਉਣ ਦੇ ਨਾਮ 'ਤੇ ਮਜ਼ਦੂਰਾਂ ਦੇ ਲਗਾਤਾਰ ਦਫਤਰ ਦੇ ਗੇੜੇ ਮਰਵਾਏ ਜਾਂਦੇ ਹਨ, ਜੋ ਕਿ ਸਰਾਸਰ ਗ਼ੈਰ-ਕਾਨੂੰਨੀ ਹੈ ਤੇ ਕਿਰਤੀਆਂ ਨਾਲ ਬੇਇਨਸਾਫੀ ਹੈ, ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਇਸ ਧਰਨੇ ਮੌਕੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਲਾਭਪਾਤਰੀ ਕਾਪੀ 15 ਦਿਨਾਂ ਦੇ ਅੰਦਰ ਪਾਸ ਕੀਤੀ ਜਾਵੇ, ਬਾਲੜੀ ਤੋਹਫ਼ਾ ਸਕੀਮ ਤਹਿਤ 75000 ਤਰੁੰਤ ਖਾਤੇ ਵਿੱਚ ਪਾਏ ਜਾਣ, 60 ਦਿਨਾਂ ਦੇ ਅੰਦਰ ਵਜੀਫ਼ੇ ਖਾਤਿਆਂ 'ਚੋਂ ਪਾਏ ਜਾਣ, 51 ਹਜ਼ਾਰ ਰੁਪਏ ਲੜਕੀ ਦੀ ਸ਼ਗਨ ਸਕੀਮ ਸਮੇਂ ਸਿਰ ਦਿੱਤੀ ਜਾਵੇ।ਇਸ ਮੌਕੇ ਪ੍ਰਿੰਸੀਪਲ ਸਕੱਤਰ ਦੇ ਨਾਮ ਇਕ ਮੰਗ ਪੱਤਰ ਰੀਡਰ ਤਹਿਸੀਲਦਾਰ ਰਾਹੀਂ ਭੇਜਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੋਜ ਬੂਲਾ ਰਾਏ, ਮੰਗਤ ਛਿੱਲੀਆਂ, ਰਘੂ ਛਿੱਲੀਆਂ, ਰੇਸ਼ਮ ਚਾਂਦੀ ਵਾਲਾ, ਤਰਸੇਮ ਸਿੰਘ, ਅਮਰਜੀਤ ਨੂਰੇ ਕੇ, ਪ੍ਰੀਤਮ ਆਤੂ ਵਾਲਾ ਆਦਿ ਹਾਜ਼ਰ ਸਨ।

**ਲੁਧਿਆਣਾ (ਐੱਮ ਐੱਸ ਭਾਟੀਆ)** : ਕੰਸਟ੍ਰਕਸ਼ਨ ਵਰਕਰ ਯੂਨੀਅਨ ਏਟਕ ਪੰਜਾਬ ਦੇ ਸੱਦੇ 'ਤੇ ਅੱਜ ਏਟਕ ਜ਼ਿਲ੍ਹਾ ਲੁਧਿਆਣਾ ਦੇ ਜਨਰਲ ਸਕੱਤਰ ਸਾਥੀ ਐੱਮ ਐੱਸ ਭਾਟੀਆ ਦੀ ਅਗਵਾਈ ਵਿੱਚ ਸਹਾਇਕ ਕਿਰਤ ਕਮਿਸ਼ਨਰ ਲੁਧਿਆਣਾ ਰਾਹੀਂ ਕਿਰਤ ਕਮਿਸ਼ਨਰ ਮੋਹਾਲੀ ਨੂੰ ਮੰਗ ਪੱਤਰ ਭੇਜਿਆ ਗਿਆ।ਭੇਜੇ ਮੰਗ ਪੱਤਰ ਵਿੱਚ ਕਿਹਾ ਹੈ ਕਿ ਪ੍ਰਿੰਸੀਪਲ ਸਕੱਤਰ ਲੇਬਰ ਮਹਿਕਮਾ ਪੰਜਾਬ ਸਰਕਾਰ ਦਾ ਰਵੱਈਆ ਅਤੀ ਨਿੰਦਣਯੋਗ ਹੈ, 60 ਸਾਲ ਦੀ ਉਮਰ ਤੇ ਮਿਲਦੀ ਪੈਨਸ਼ਨ ਨੂੰ ਘਟਾ ਕੇ ਕੈਟੇਗਰੀ ਵਾਈਜ਼ ਕਰਨਾ, ਯਾਤਰਾ ਭੱਤੇ ਦੀ ਸਕੀਮ ਨੂੰ ਲਗਭਗ ਖਤਮ ਕਰਨਾ, ਵਜ਼ੀਫਾ ਸਕੀਮਾਂ ਅੰਦਰ ਲਗਾਤਾਰ ਕੇਸਾਂ ਨੂੰ ਲਟਕਾ ਕੇ ਰੱਖਣਾ, ਗਰੇਸ ਮਿਤੀ ਵਿੱਚ ਲਾਭਪਾਤਰੀ ਦੀ ਮੌਤ ਤੇ ਮਨਜ਼ੂਰੀ ਦੀ ਗੱਲ ਕਰਕੇ ਮੁਆਵਜ਼ੇ ਤੋਂ ਖਾਰਜ ਕਰਨਾ, ਐਕਸੀਡੈਂਟ ਕੇਸਾਂ ਵਿੱਚ ਮੁਆਵਜ਼ਾ ਦੇਣ ਤੋਂ ਆਨਾਕਾਨੀ ਕਰਨਾ ਤੇ 27 ਨੰਬਰ ਫਾਰਮ ਨੂੰ ਆਟੋਪੈਚ ਨਾ ਕਰਨਾ ਤੇ ਵਰਕਰਾਂ ਨੂੰ ਖੱਜਲ ਖੁਆਰ ਕਰਨਾ ਹੈ।ਮੰਗ ਪੱਤਰ ਵਿੱਚ ਕਿਹਾ ਗਿਆ ਕਿ ਜੇ ਲੇਬਰ ਕਮਿਸ਼ਨਰ ਪੰਜਾਬ ਤੇ ਲੇਬਰ ਸੈਕਟਰੀ ਪੰਜਾਬ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਕੰਸਟ੍ਰਕਸ਼ਨ ਵਰਕਰ ਲੇਬਰ ਯੂਨੀਅਨ ਏਟਕ ਪੰਜਾਬ ਵੱਲੋਂ 27 ਮਾਰਚ 2026 ਨੂੰ ਮੋਹਾਲੀ ਵਿਖੇ ਲੇਬਰ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ।

## ਕਾਤਰਾਂ

### ਲੜਕੀ ਵੱਲੋਂ ਫਾਹਾ ਲੈ ਕੇ ਖੁਦਕੁਸ਼ੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਸ਼ਹਿਰ ਦੇ ਮੁੱਖ ਚੌਕ ਸਾਹਮਣੇ ਪੀ ਜੀ 'ਚ ਰਹਿੰਦੀ ਇੱਕ ਲੜਕੀ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ।ਮੂਨਕ ਦੇ ਇੱਕ ਨਰਸਿੰਗ ਕਾਲਜ 'ਚ ਪੜ੍ਹਦੀ ਉਕਤ ਨੌਜਵਾਨ ਲੜਕੀ ਵੱਲੋਂ ਫਾਹਾ ਲੈਣ ਨੂੰ ਇਸ ਦੀ ਮਾਂ ਨੇ ਪੜ੍ਹਾਈ ਤੋਂ ਪ੍ਰੇਸ਼ਾਨ ਹੋ ਕੇ ਚੁੱਕਿਆ ਹੋਇਆ ਕਦਮ ਦੱਸਿਆ ਹੈ।ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜੋਤੀ ਰਾਣੀ ਵਾਸੀ ਜਗਤਾਰ ਨਗਰ ਪਟਿਆਲਾ ਨੇ ਦੱਸਿਆ ਕਿ ਉਸ ਦੀ ਲੜਕੀ ਇੰਦਰਪ੍ਰੀਤ ਕੌਰ ਉਮਰ ਕਰੀਬ 20 ਸਾਲ, ਜੋ ਕਿ ਮੂਨਕ ਵਿਖੇ ਜੀਐੱਨਐੱਮ ਦਾ ਕੋਰਸ ਕਰ ਰਹੀ ਸੀ ਤੇ ਪੜ੍ਹਾਈ ਨੂੰ ਲੈ ਕੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ।ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਇਸ ਨੇ ਪੀਜੀ ਵਿੱਚ ਆਪਣੇ ਆਪ ਨੂੰ ਫਾਹਾ ਲਗਾ ਲਿਆ ਸੀ ਅਤੇ ਇਸ ਦੀ ਮੌਕੇ 'ਤੇ ਮੌਤ ਹੋ ਗਈ ਸੀ।ਡੀਐੱਸਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ 174 ਦੀ ਕਾਰਵਾਈ ਕਰਨ ਮਗਰੋਂ ਲਾਸ਼ ਨੂੰ ਪੋਸਟਮਾਰਟਮ ਲਈ ਸਮਾਣਾ ਦੇ ਸਰਕਾਰੀ ਹਸਪਤਾਲ ਵਿਖੇ ਭੇਜ ਦਿੱਤਾ ਹੈ।

### ਸਾਹਿਤ ਕਲਾ ਤੇ ਪੁਸਤਕ ਮੇਲਾ ਪਹਿਲੀ ਨੂੰ

**ਜ਼ੀਰਾ (ਨਰਿੰਦਰ ਅਨੇਜਾ)**-ਦਲਜੀਤ ਰਾਏ ਕਾਲੀਆ ਪ੍ਰਧਾਨ ਤੇ ਗੁਰਚਰਨ ਸਿੰਘ ਨੂਰਪੁਰ ਸਰਪ੍ਰਸਤ ਸਾਹਿਤ ਸਭਾ ਜ਼ੀਰਾ ਨੇ ਸਾਂਝੇ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇੱਕ ਮਾਰਚ ਐਤਵਾਰ ਨੂੰ ਸਾਹਿਤ ਸਭਾ ਜ਼ੀਰਾ ਵੱਲੋਂ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ (ਨੇੜੇ ਬੱਸ ਸਟੈਂਡ) ਵਿਖੇ ਸਾਲਾਨਾ ਸਾਹਿਤ ਕਲਾ ਤੇ ਪੁਸਤਕ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਦੇ ਨਾਮਵਰ ਸਾਹਿਤਕਾਰ/ਕਹਾਣੀਕਾਰ ਸਾਂਵਲ ਧਾਮੀ ਨੂੰ ਗੁੱਜਰ ਸਿੰਘ ਗਿੱਲ ਐਵਾਰਡ ਨਾਲ ਸਨਮਾਨਿਆ ਜਾਵੇਗਾ।ਰੁੱਖਾਂ ਦਾ ਰਾਖਾ ਐਵਾਰਡ ਸਾਹਿਤਕਾਰ ਤੇ ਵਾਤਾਵਰਨ ਪ੍ਰੇਮੀ ਹਰਭਿੰਦਰ ਸਿੰਘ ਸੰਧੂ ਨੂੰ ਦਿੱਤਾ ਜਾਵੇਗਾ।ਸਭਾ ਪ੍ਰਤੀ ਵਧੀਆ ਕਾਰਗੁਜ਼ਾਰੀ ਲਈ ਤਾਰਾ ਸਿੰਘ ਫੌਜੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਸਮਾਗਮ ਦੌਰਾਨ ਸਭਾ ਦੇ ਸੀਨੀਅਰ ਮੈਂਬਰ ਉੱਘੇ ਸਾਹਿਤਕਾਰ ਲੈਕਚਰਾਰ ਨਰਿੰਦਰ ਸਿੰਘ ਜ਼ੀਰਾ ਦੀ ਪੁਸਤਕ ਜੂਝਦਾ ਜਿਉਂਦਾ ਪੰਜਾਬ ਲੋਕ ਅਰਪਣ ਕੀਤੀ ਜਾਵੇਗੀ। ਸਮਾਗਮ ਵਿੱਚ ਸ਼ਾਮਲ ਹੋਣ ਲਈ ਪੰਜਾਬ ਭਰ ਤੋਂ ਕਵੀ ਸਾਹਿਬਾਨ ਉਚੇਚੇ ਤੌਰ 'ਤੇ ਪੁੱਜ ਰਹੇ ਹਨ ਤੇ ਵਿਸ਼ਾਲ ਕਵੀ ਦਰਬਾਰ ਵਿੱਚ ਸ਼ਿਰਕਤ ਕਰਨਗੇ।ਮੇਲੇ ਦੌਰਾਨ ਲੱਗਣ ਵਾਲੀਆਂ ਪੁਸਤਕ ਤੇ ਕਲਾ ਪ੍ਰਦਰਸ਼ਨੀਆਂ ਵਿਸ਼ੇਸ਼ ਖਿੱਚ ਦੀਆਂ ਕੇਂਦਰ ਹੋਣਗੀਆਂ।

## ਫਿਰੌਤੀ ਨਾ ਦੇਣ 'ਤੇ ਕੁੱਟਮਾਰ ਕਰਨ ਦੇ ਦੋਸ਼ 'ਚ ਚਾਰ ਨਾਮਜ਼ਦ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਦੇ ਨਵੇਂ ਬੱਸ ਸਟੈਂਡ ਦੇ ਨਜ਼ਦੀਕ ਕਾਰ ਵਿੱਚ ਸਵਾਰ ਇੱਕ ਵਿਅਕਤੀ ਕੋਲੋਂ ਫਿਰੌਤੀ ਮੰਗਣ ਲਈ ਘੇਰ ਕੇ ਕੀਤੇ ਹਮਲੇ ਦੇ ਮਾਮਲੇ ਵਿੱਚ ਪਾਤੜਾਂ ਪੁਲਸ ਨੇ ਚਾਰ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ।ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਜ਼ੇਰੇ ਇਲਾਜ ਘੱਗਾ ਇਲਾਕੇ ਦੇ ਇੱਕ ਵਿਅਕਤੀ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਜਸਕਰਨ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਖੇੜੀ ਨਗਾਈਆਂ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਵਿਦੇਸ਼ ਤੋਂ ਆਇਆ ਹੋਇਆ ਹੈ ਅਤੇ 24 ਫ਼ਰਵਰੀ ਨੂੰ ਸਵੇਰੇ 11:30 ਵਜੇ ਉਹ ਆਪਣੀ ਕਾਰ 'ਤੇ ਸਵਾਰ ਹੋ ਕੇ ਪਾਤੜਾਂ ਦੇ ਨਵੇਂ ਬੱਸ ਅੱਡਾ ਨੇੜੇ ਖੜਾ ਸੀ ਤਾਂ ਉਸ ਦੀ ਕਾਰ ਅੱਗੇ ਕੁਝ ਵਿਅਕਤੀਆਂ ਨੇ ਆਪਣੀ ਕਾਰ ਲਗਾ ਦਿੱਤੀ।ਕਾਰ ਵਿੱਚੋਂ ਗੁਰਵਿੰਦਰ ਸਿੰਘ, ਜਿਸ ਦੇ ਹੱਥ ਵਿੱਚ ਪਿਸਤੌਲ ਸੀ, ਨੇ ਕੋਲ ਆ ਕੇ ਉਸ ਦੇ ਸਿਰ 'ਤੇ ਪਿਸਤੌਲ ਦਾ ਮੁੱਠਾ ਮਾਰਿਆ, ਜਿਸ ਕਾਰਨ ਸਿਰ ਵਿੱਚ ਖੂਨ ਨਿਕਲਣ ਲੱਗ ਪਿਆ ਤਾਂ ਐਨੇ ਵਿੱਚ ਇਸ ਦੇ ਸਾਥੀ ਲਾਡੀ ਨੇ ਵੀ ਆਪਣੇ ਡੱਬ ਵਿੱਚੋਂ ਪਿਸਤੌਲ ਕੱਢ ਉਸ ਵੱਲ ਕਰ ਦਿੱਤੀ ਤਾਂ ਕਥਿਤ ਦੋਸ਼ੀ ਅਮਨਦੀਪ ਸਿੰਘ ਨੇ ਗੱਡੀ ਵਿੱਚੋਂ ਗੰਨ ਕੱਢ ਕੇ ਅਤੇ ਮਾਰ ਦੇਣ ਦੀ ਨੀਅਤ ਨਾਲ ਮੁਦਈ ਉਤੇ ਹਮਲਾ ਕੀਤਾ ਅਤੇ ਇਸ ਤੋਂ ਇਲਾਵਾ ਇੱਕ ਹੋਰ ਅਣਪਛਾਤੇ ਵਿਅਕਤੀ ਨੇ ਗੱਡੀ ਵਿੱਚੋਂ ਬੇਸਬਾਲ ਕੱਢ ਲਿਆ ਤੇ ਕਾਰ ਦੇ ਅਗਲੇ ਸ਼ੀਸ਼ੇ 'ਤੇ ਮਾਰਿਆ, ਜਿਸ ਕਾਰਨ ਨਾਲ ਉਸ ਦੀ ਕਾਰ ਦਾ ਸ਼ੀਸ਼ਾ ਟੁੱਟ ਗਿਆ ਅਤੇ ਰੌਲਾ ਪੈਣ 'ਤੇ ਲੋਕਾਂ ਦਾ ਇਕੱਠ ਹੋ ਗਿਆ ਤਾਂ ਇਹ ਵਿਅਕਤੀ ਮੇਰੇ ਹੱਥ ਵਿੱਚ ਪਾਇਆ ਸੋਨੇ ਦਾ ਕੜਾ, ਸੋਨੇ ਦੀ ਚੇਨ ਤੇ ਮਹਿੰਗੀਆਂ ਐਨਕਾਂ ਖੋਹ ਕੇ ਲੈ ਗਏ, ਜਦੋਂ ਕਿ ਇਸ ਤੋਂ ਪਹਿਲਾਂ 50 ਲੱਖ ਰੁਪਏ ਦੀ ਇਹ ਵਿਅਕਤੀ ਮੇਰੇ ਤੋਂ ਫਿਰੌਤੀ ਮੰਗਦੇ ਸਨ ਤੇ ਨਾ ਦੇਣ ਦੀ ਸੂਰਤ ਵਿੱਚ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਸਨ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਗੁਰਵਿੰਦਰ ਸਿੰਘ, ਲਾਡੀ, ਅਮਨਦੀਪ ਸਿੰਘ ਵਾਸੀਆਨ ਘੱਗਾ ਤੇ ਇੱਕ ਹੋਰ ਅਣਪਛਾਤੇ ਵਿਅਕਤੀ ਖ਼ਿਲਾਫ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

## ਨਜਾਇਜ਼ ਬਦਲੀ ਖਿਲਾਫ ਧਰਨਾ ਅੱਜ

**ਕੋਟਕਪੂਰਾ (ਰਛਪਾਲ ਭੁੱਲਰ)**-ਸਿਵਲ ਸਰਜਨ ਫਰੀਦਕੋਟ ਵੱਲੋਂ ਜਸਮੇਲ ਸਿੰਘ ਮਲਟੀਪਰਪਜ਼ ਹੈਲਥ ਵਰਕਰ ਦੀ ਝੂਠੀ ਸ਼ਿਕਾਇਤ ਕਰਕੇ ਬਦਲੀ ਕਰਵਾਉਣ ਕਾਰਨ ਸਮੁੱਚੇ ਮਲਟੀਪਰਪਜ਼ ਕੇਡਰ ਵਿੱਚ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।ਇਸ ਖਿਲਾਫ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ 27 ਫਰਵਰੀ ਨੂੰ ਸਵੇਰੇ 11 ਵਜੇ ਸਿਵਲ ਸਰਜਨ ਦਫ਼ਤਰ ਫਰੀਦਕੋਟ ਸਾਹਮਣੇ ਰੋਸ ਧਰਨਾ ਦਿੱਤਾ ਜਾ ਰਿਹਾ ਹੈ।ਇਸ ਰੋਸ ਧਰਨੇ ਦੀ ਹਮਾਇਤ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਇਕਾਈ ਜ਼ਿਲ੍ਹਾ ਫਰੀਦਕੋਟ ਦੇ ਆਗੂ ਨਛੱਤਰ ਸਿੰਘ ਭਾਣਾ, ਕੁਲਵੰਤ ਸਿੰਘ ਚਾਨੀ, ਪ੍ਰਦੀਪ ਸਿੰਘ ਬਰਾੜ, ਬਲਕਾਰ ਸਿੰਘ ਸਹੋਤਾ, ਰਮੇਸ਼ ਢੈਪਈ, ਪਰਮਜੀਤ ਸਿੰਘ ਪੰਮਾ, ਗੁਰਪ੍ਰੀਤ ਸਿੰਘ ਸਿੱਧੂ ਤੇ ਜੋਤੀ ਪ੍ਰਕਾਸ਼ ਨੇ ਇਸ ਰੋਸ ਧਰਨੇ ਵਿੱਚ ਭਰਾਤਰੀ ਤੌਰ 'ਤੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।

## ਸ਼ਹੀਦ ਗੁਰਦੀਪ ਸਿੰਘ ਦਾ ਸਰਕਾਰੀ ਤੇ ਫੌਜੀ ਸਨਮਾਨਾਂ ਨਾਲ ਅੰਤਮ ਸੰਸਕਾਰ



**ਸੰਗਰੂਰ/ਦਿੜ੍ਹਬਾ (ਪ੍ਰਵੀਨ ਸਿੰਘ/ਜਸਵੀਰ ਲਾਡੀ)**

ਮਨੀਪੁਰ ਵਿਖੇ ਹਾਲ ਹੀ ਵਿੱਚ ਹੋਈ ਗੋਲੀਬਾਰੀ ਦੌਰਾਨ ਸ਼ਹੀਦ ਹੋਏ ਭਾਰਤੀ ਫ਼ੌਜ ਦੇ ਹੌਲਦਾਰ ਸਖ. ਗੁਰਦੀਪ ਸਿੰਘ ਦੀ ਮ੍ਰਿਤਕ ਦੇਹ ਦਾ ਵੀਰਵਾਰ ਉਨ੍ਹਾਂ ਦੇ ਜੱਦੀ ਪਿੰਡ ਮਹਿਲਾਂ ਵਿਖੇ ਸਰਕਾਰੀ ਤੇ ਫੌਜੀ ਸਨਮਾਨਾਂ ਨਾਲ ਅੰਤਮ ਸੰਸਕਾਰ ਕੀਤਾ ਗਿਆ।ਸ਼ਹੀਦ ਗੁਰਦੀਪ ਸਿੰਘ ਨੂੰ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਹਜ਼ਾਰਾਂ ਲੋਕਾਂ ਨੇ ਨਮ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ।ਸ਼ਹੀਦ ਨੂੰ ਫ਼ੌਜੀ ਜਵਾਨਾਂ ਦੀ ਇੱਕ ਟੁਕੜੀ ਵੱਲੋਂ ਹਥਿਆਰ ਝੁਕਾ ਕੇ ਸਲਾਮੀ ਦਿੱਤੀ ਗਈ, ਜਿਸ ਤੋਂ ਬਾਅਦ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਰੀਥ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪੰਜਾਬ ਸਰਕਾਰ ਦੀ ਤਰਫੋਂ ਐੱਸ.ਡੀ.ਐੱਮ. ਸੁਨਾਮ ਗਗਨਦੀਪ ਸਿੰਘ ਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਤਰਫੋਂ ਉਨ੍ਹਾਂ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਵੱਲੋਂ ਸ਼ਹੀਦ ਦੀ ਮ੍ਰਿਤਕ ਦੇਹ 'ਤੇ ਰੀਥ ਰੱਖਣ ਦੀ ਰਸਮ ਅਦਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਪੰਜਾਬ ਪੁਲਸ ਦੀ ਤਰਫੋਂ ਡੀ.ਐੱਸ.ਪੀ. ਡਾ. ਆਰ. ਕੇ. ਬਾਜਵਾ ਵੱਲੋਂ ਸ਼ਰਧਾਂਜਲੀ ਫੁੱਲ ਭੇਟ ਕੀਤੇ ਗਏ।ਇਸ ਮੌਕੇ ਐੱਸ.ਡੀ.ਐੱਮ. ਗਗਨਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਗੁਰਦੀਪ ਸਿੰਘ ਦੇ ਜਾਣ ਨਾਲ ਪਰਿਵਾਰ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਰਿਵਾਰ ਦੀ ਹਰ ਸੰਭਵ ਸਹਾਇਤਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਜ਼ਿਕਰਯੋਗ ਹੈ ਕਿ ਸ਼ਹੀਦ ਗੁਰਦੀਪ ਸਿੰਘ ਨੇ ਲਗਭਗ 22 ਸਾਲ ਦੇਸ਼ ਦੀ ਸੇਵਾ ਕੀਤੀ ਹੈ ਤੇ ਉਹ ਖੇਡਾਂ ਵਿੱਚ ਕਾਫੀ ਚੰਗੇ ਸਨ।ਸ਼ਹੀਦ ਆਪਣੇ ਪਿੱਛੇ ਪਤਨੀ, ਪੁੱਤਰ ਤੇ ਧੀ ਛੱਡ ਗਿਆ ਹੈ।

## ਕਾਰ ਡੀਲਰਜ਼ ਐਸੋਸੀਏਸ਼ਨ ਦੀ ਚੋਣ ਸਰਬਸੰਮਤੀ ਨਾਲ ਹੋਈ

### ਕੁਲਦੀਪ ਸਿੰਘ ਬਿੱਟੂ ਬੰਦੇਸ਼ਾ ਪ੍ਰਧਾਨ ਤੇ ਸੁਨੀਲ ਗੋਇਲ ਸਕੱਤਰ ਬਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਉੱਤਰੀ ਭਾਰਤ ਵਿੱਚ ਪੁਰਾਣੀਆਂ ਕਾਰਾਂ ਦੀ ਵੇਚ ਖਰੀਦ ਲਈ ਪ੍ਰਸਿੱਧ ਪਾਤੜਾਂ ਦੇ ਕਾਰ ਬਾਜ਼ਾਰ ਦੇ ਡੀਲਰਾਂ ਦੀ ਜਥੇਬੰਦੀ ਕਾਰ ਡੀਲਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਸੰਪੰਨ ਹੋ ਗਈ ਹੈ।ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਦੇਖ ਹੇਠ ਸਰਬਸੰਮਤੀ ਨਾਲ ਸੰਪੰਨ ਹੋਈ। ਇਸ ਚੋਣ ਦੌਰਾਨ ਕੁਲਦੀਪ ਸਿੰਘ ਬਿੱਟੂ ਬੰਦੇਸ਼ਾਂ ਨੂੰ ਪ੍ਰਧਾਨ, ਸੁਖਪਾਲ ਸਿੰਘ ਵਿਰਕ ਨੂੰ ਮੀਤ ਪ੍ਰਧਾਨ ਤੇ ਸੁਨੀਲ ਗੋਇਲ ਨੂੰ ਸਰਬ ਸੰਮਤੀ ਨਾਲ ਸੈਕਟਰੀ ਚੁਣਿਆ ਗਿਆ।ਇਸ ਦੌਰਾਨ 11 ਮੈਂਬਰੀ ਕਾਰਜਕਾਰਨੀ ਕਮੇਟੀ ਦੇ ਅਧਿਕਾਰ ਬਣਾਉਣ ਦੇ ਅਧਿਕਾਰ ਅਹੁਦੇਦਾਰਾਂ ਨੂੰ ਦਿੱਤੇ ਗਏ।

ਡੀਲਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਕਾਰ ਡੀਲਰਜ਼ ਐਸੋਸੀਏਸ਼ਨ ਭਾਵੇਂ ਇੱਕ ਵਪਾਰਕ ਸੰਸਥਾ ਹੈ, ਪਰ ਆਪਣੇ ਪੇਸ਼ੇ ਦੀ ਬੇਹਤਰੀ ਤੇ ਇਸ ਵਿੱਚ ਆਉਣ ਵਾਲੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਸੁਹਿਰਦ ਲੀਡਰਸ਼ਿਪ ਦਾ ਹੋਣਾ ਬੇਹੱਦ ਜ਼ਰੂਰੀ ਹੈ।ਨਵੇਂ ਚੁਣੇ ਗਏ ਪ੍ਰਧਾਨ ਕੁਲਦੀਪ ਸਿੰਘ ਬਿੱਟੂ ਬੰਦੇਸ਼ਾਂ ਨੇ ਕਾਰ ਡੀਲਰਜ਼ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਮੈਂਬਰਾਂ ਦੀਆਂ ਆਸਾਂ ਉੱਤੇ ਪੂਰਾ ਉਤਰਨ ਦਾ ਭਰੋਸਾ ਦਿੱਤਾ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮੱਖਣ ਗੋਇਲ ਨੇ ਬਾਖੂਬੀ ਨਿਭਾਈ।

ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ, ਸਾਬਕਾ ਪ੍ਰਧਾਨ ਅੰਮ੍ਰਿਤ ਪਾਲ ਸਿੰਘ ਕਾਲੇਕਾ, ਕਾਰ ਡੀਲਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਰਵਿੰਦਰ ਸਿੰਘ ਭਿੰਡਰ, ਪ੍ਰੀਤ ਗਿੱਲ, ਮੰਨਾ ਹਰਿਆਊ, ਸੀਨੀਅਰ 'ਆਪ' ਆਗੂ ਕੁਲਦੀਪ ਸਿੰਘ ਥਿੰਦ, ਕਰਨੈਲ ਸਿੰਘ ਦੁਪਾਲ, ਸਰਪੰਚ ਬਲਜੀਤ ਸਿੰਘ ਸਹੋਤਾ, ਰਣਜੀਤ ਅਰੋੜਾ, ਸਤੀਸ਼ ਕੁਮਾਰ ਗਰਗ, ਮੱਖਣ ਗੋਇਲ, ਡੀਡੀ ਸਿੰਗਲਾ, ਸ਼ੀਸ਼ਪਾਲ ਗਰਗ, ਜਸਪਾਲ ਸਿੰਗਲਾ, ਭਿੰਦਾ ਸਰਪੰਚ ਸਾਗਰਾ, ਮਨਵੀਰ ਸਿੰਘ ਸੰਧੂ ਤੇ ਰਾਣਾ ਅਰਨੋਂ ਆਦਿ ਹਾਜ਼ਰ ਸਨ।

## ਆਸ਼ਾ ਤੇ ਮਿੱਡ ਡੇ ਮੀਲ ਵਰਕਰ ਪਹਿਲੀ ਨੂੰ ਮੰਤਰੀਆਂ ਦਾ ਕਰਨਗੇ ਘੇਰਾਓ



**ਸਮਰਾਲਾ (ਸੁਰਜੀਤ ਸਿੰਘ)**-ਮਾਣ ਭੱਤਾ ਵਰਕਰਜ਼ ਸਾਂਝਾ ਮੋਰਚਾ ਵੱਲੋਂ 1 ਮਾਰਚ ਨੂੰ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ 6 ਕੈਬਨਿਟ ਮੰਤਰੀਆਂ ਤੇ ਕਾਰਜਕਾਰੀ ਪ੍ਰਧਾਨ ਦੇ ਘਰਾਂ ਵੱਲ ਰੋਸ ਮਾਰਚ ਕਰਕੇ ਮਾਣ ਭੱਤਾ ਵਰਕਰਾਂ ਨਾਲ ਕੀਤੇ ਚੋਣ ਵਾਅਦੇ ਯਾਦ ਕਰਵਾਏ ਜਾਣਗੇ।ਇਸ ਸਬੰਧੀ ਫੈਸਲਾ ਮਾਣ ਭੱਤਾ ਵਰਕਰਜ਼ ਸਾਂਝਾ ਮੋਰਚਾ ਵੱਲੋਂ ਸੂਬਾਈ ਆਗੂ ਪ੍ਰਵੀਨ ਕੁਮਾਰੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਦੇ ਪ੍ਰਵੀਨ ਕੁਮਾਰੀ, ਪਿੰਕੀ ਰਾਣੀ, ਰਾਧਾ ਰਾਣੀ ਨੇ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਉਕਤ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਵਰਕਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਮਿਲਦੇ ਨਿਗੂਣੇ ਮਾਣ ਭੱਤਿਆਂ ਨੂੰ ਦੁੱਗਣਾ ਕੀਤਾ ਜਾਵੇਗਾ ਅਤੇ ਵਰਕਰਾਂ ਦੀ ਤਨਖਾਹ ਵਿੱਚ ਹਰ ਸਾਲ ਬਣਦਾ ਵਾਧਾ ਕੀਤਾ ਜਾਵੇਗਾ, ਪ੍ਰੰਤੂ ਚਾਰ ਸਾਲ ਬਾਅਦ ਵੀ ਵਰਕਰਾਂ ਦੀਆਂ ਤਨਖਾਹਾਂ ਵਿੱਚ ਇੱਕ ਟਕੇ ਦਾ ਵੀ ਵਾਧਾ ਨਹੀਂ ਕੀਤਾ ਗਿਆ, ਬਲਕਿ ਇਸ ਦੇ ਉਲਟ ਕੇਵਲ ਝੂਠੇ ਲਾਰੇ ਲੱਪੇ ਲਗਾ ਕੇ ਮਾਣ ਭੱਤਾ ਵਰਕਰਾਂ ਦਾ ਸ਼ੋਸ਼ਣ ਲਗਾਤਾਰ ਜਾਰੀ ਹੈ, ਜਿਸ ਕਾਰਨ ਪੰਜਾਬ ਦੀਆਂ ਆਸ਼ਾ ਵਰਕਰਾਂ, ਫੈਸਿਲੀਟੇਟਰਾਂ ਤੇ ਮਿੱਡ ਡੇ ਮੀਲ ਵਰਕਰਾਂ ਵੱਲੋਂ 1 ਮਾਰਚ ਲੁਧਿਆਣਾ ਵਿਖੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦਾ ਘਿਰਾਓ ਕੀਤਾ ਜਾਵੇਗਾ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਣ ਵਾਲੇ ਆਪਣੇ ਆਖ਼ਰੀ ਬੱਜਟ ਵਿੱਚ ਮਾਣ ਭੱਤਾ ਵਰਕਰਾਂ ਨੂੰ ਅਣਗੌਲਿਆ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਪ੍ਰਵੀਨ ਕੁਮਾਰੀ, ਪਿੰਕੀ ਰਾਣੀ, ਰਾਧਾ ਰਾਣੀ, ਰਾਜ ਰਾਣੀ, ਮਨਜੀਤ ਕੌਰ, ਮਨਪ੍ਰੀਤ ਕੌਰ ਕੁਹਾੜਾ, ਅਮਨਦੀਪ ਕੌਰ, ਗੁਰਪ੍ਰੀਤ ਸਾਹਬਾਨਾ, ਰਾਜਵਿੰਦਰ ਬਰਵਾਲਾ, ਦਵਿੰਦਰ ਕੌਰ, ਪਾਂਗਲੀਆਂ, ਜਸਵੰਤ ਕੌਰ ਨਥੂਭੈਣੀ ਤੋਂ ਇਲਾਵਾ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਲੀਲ੍ਹ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਹਾਜ਼ਰ ਸਨ।

## ਨੌਜਵਾਨ ਭਾਰਤ ਸਭਾ ਦਾ ਡੈਲੀਗੇਟ ਅਜਲਾਸ ਸਫ਼ਲਤਾਪੂਰਵਕ ਸੰਪੰਨ



**ਸ੍ਰੀ ਮੁਕਤਸਰ ਸਾਹਿਬ (ਸ਼ੁਮਿੰਦਰਪਾਲ/ਪੂਜਾ)**

23 ਮਾਰਚ ਨੂੰ ਖੜਕੜ ਕਲਾਂ ਵਿਖੇ ਹੋ ਰਹੀ ਨੌਜਵਾਨ ਕਾਨਫਰੰਸ ਵਿੱਚ ਜ਼ੋਰਦਾਰ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। 7 ਮੈਂਬਰੀ ਇਲਾਕਾ ਕਮੇਟੀ ਦੇ ਪ੍ਰਧਾਨ ਸ਼ੁਭਦੀਪ ਸਿੰਘ ਸੂਰੇਵਾਲਾ, ਇਲਾਕਾ ਸਕੱਤਰ ਲਖਬੀਰ ਸਿੰਘ ਆਸਾ ਬੁੱਟਰ, ਖ਼ਜ਼ਾਨਚੀ ਵਿਸ਼ਾਲ ਗੂੜੀ ਸੰਘਰ ਨੂੰ ਚੁਣਿਆ ਗਿਆ।ਜਗਰੂਪ ਸਿੰਘ ਹਰੀਕੇ ਕਲਾਂ ਕਮੇਟੀ ਮੈਂਬਰ, ਅਰਸ਼ਦੀਪ ਭੁੱਟੀਵਾਲਾ, ਸੁਖਦੀਪ ਸਿੰਘ ਨੂੰ ਕਮੇਟੀ ਮੈਂਬਰ ਚੁਣਿਆ ਗਿਆ।ਪਿੰਡ ਆਸਾ ਬੁੱਟਰ ਦੀ ਧਰਮਸ਼ਾਲਾ ਵਿਖੇ ਕੀਤੇ ਗਏ ਡੈਲੀਗੇਟ ਇਜਲਾਸ ਵਿੱਚ ਪਿੰਡ ਭੁੱਟੀਵਾਲਾ, ਸੂਰੇਵਾਲਾ, ਗੂੜੀ ਸੰਘਰ, ਆਸਾ ਬੁੱਟਰ, ਹਰੀ ਕੇ ਕਲਾਂ, ਕੋਟਲੀ ਸੰਘਰ ਤੋਂ 21 ਡੈਲੀਗੇਟਾਂ ਨੇ ਹਿੱਸਾ ਲਿਆ।ਸਟੇਜ ਸਕੱਤਰ ਦੀ ਭੂਮਿਕਾ ਹਰਜਿੰਦਰ ਖੋਖਰ ਨੇ ਨਿਭਾਈ। ਜ਼ਿਲ੍ਹਾ ਆਗੂ ਗੁਰਤੇਜ ਵੜਿੰਗ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਪਿਛਲੇ ਸਮੇਂ ਗਿੱਦੜਬਾਹਾ ਇਲਾਕੇ ਵਿੱਚ ਕੀਤੇ ਗਏ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਅਬਜ਼ਰਵਰ ਦੇ ਤੌਰ 'ਤੇ ਪੇਸ਼ ਹੋਏ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਮੰਗਾ ਆਜ਼ਾਦ ਤੇ ਗੁਰਾਂਦਿੱਤਾ ਝਬੇਲਵਾਲੀ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਦੇ ਸਾਹਮਣੇ ਸਿੰਥੈਟਿਕ ਨਸ਼ਿਆਂ, ਬੇਰੁਜ਼ਗਾਰੀ, ਗੈਂਗਵਾਦ ਵਰਗੀਆਂ ਚੁਣੌਤੀਆਂ ਸਨਮੁਖ ਹਨ।

ਇਲਾਕਾ ਮੁਕਤਸਰ ਦੇ ਆਗੂ ਰਾਜਦੀਪ ਕੋਟਲੀ ਤੇ ਰਾਜਪ੍ਰੀਤ ਚੱਕ ਗਾਂਧਾ ਸਿੰਘ ਵਾਲਾ ਨੇ ਕਿਹਾ ਕਿ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਪੰਜਾਬ ਨੂੰ ਪੁਲਸ ਸਟੇਟ ਵਿੱਚ ਤਬਦੀਲ ਕਰ ਰਹੀ ਹੈ ਤੇ ਲਗਾਤਾਰ ਨੌਜਵਾਨਾਂ ਤੇ ਪੁਲਸ ਵੱਲੋਂ ਤਸ਼ੱਦਦ ਢਾਹਿਆ ਜਾ ਰਿਹਾ ਹੈ।ਇਨ੍ਹਾਂ ਚੁਣੌਤੀਆਂ ਨੂੰ ਸਵੀਕਾਰਦਿਆਂ ਪੰਜਾਬ ਵਿੱਚ ਇੱਕ ਵੱਡੀ ਇਨਕਲਾਬੀ ਨੌਜਵਾਨ ਲਹਿਰ ਉਸਾਰਨ ਦੀ ਸਖਤ ਜਰੂਰਤ ਹੈ।ਨੌਜਵਾਨ ਭਾਰਤ ਸਭਾ ਲਗਾਤਾਰ ਨੌਜਵਾਨਾਂ ਨੂੰ ਲਾਮਬੰਦ ਕਰਕੇ ਸੰਘਰਸ਼ਾਂ ਦੇ ਰਾਹ ਪਾ ਰਹੀ ਹੈ ਅਤੇ ਹਰ ਗਲਤ ਗੱਲ ਗਲਤ ਨੀਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ। 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਤੇ ਖਟਕੜ ਕਲਾਂ ਵਿਖੇ ਉਨ੍ਹਾਂ ਦੇ ਜੱਦੀ ਘਰ ਵਿਖੇ ਨੌਜਵਾਨਾਂ ਦੀ ਵਿਸ਼ਾਲ ਕਾਨਫਰਸ ਕੀਤੀ ਜਾ ਰਹੀ ਹੈ, ਜਿਸ ਵਿੱਚ ਗਿੱਦੜਬਾਹਾ ਇਲਾਕੇ ਦੇ ਪਿੰਡਾਂ ਵਿੱਚੋਂ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਕਰਾਈ ਜਾਵੇਗੀ।

## ਟਰੱਸਟ ਵੱਲੋਂ 214 ਧੀਆਂ ਦੇ ਵਿਆਹ ਮੁਕੰਮਲ, ਘਰ ਬਣਾਉਣ ਦਾ ਕੰਮ ਸ਼ੁਰੂ : ਡਾ. ਉਬਰਾਏ



**ਮੱਖੂ (ਰਛਪਾਲ ਸਿੰਘ ਸੰਧੂ)**

ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਤੇ ਖੁੱਲ੍ਹ ਦਿਲੀ ਕਾਰਨ ਪੂਰੀ ਦੁਨੀਆਂ ਅੰਦਰ 'ਰੱਬ ਦੇ ਫਰਿਸ਼ਤੇ' ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਉਬਰਾਏ ਦੀ ਸਰਪ੍ਰਸਤੀ ਹੇਠ ਟਰੱਸਟ ਵੱਲੋਂ ਸ਼ੁਰੂ ਕੀਤੀ ਗਈ 'ਹੜ੍ਹ ਪ੍ਰਭਾਵਿਤ ਵਿਆਹ ਯੋਜਨਾ' ਤਹਿਤ ਫਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਨਾਲ ਸਬੰਧਤ 31 ਵੱਖ-ਵੱਖ ਪਰਵਾਰਾਂ ਦੀਆਂ ਧੀਆਂ ਸਮੇਤ ਮੋਗਾ ਜ਼ਿਲ੍ਹੇ ਦੀਆਂ 4 ਧੀਆਂ ਜ਼ਿਲ੍ਹਾ ਜਲੰਧਰ ਦੀ 1 ਧੀ ਤੇ ਕਪੂਰਥਲਾ ਜ਼ਿਲ੍ਹੇ ਦੀ 1 ਧੀ ਦੇ ਵਿਆਹ ਲਈ ਸਹਾਇਤਾ ਦੇ ਰੂਪ 'ਚ ਇੱਕ-ਇੱਕ ਲੱਖ ਰੁਪਏ ਦੇ 37 ਲੱਖ ਰਾਸ਼ੀ ਦੇ ਚੈੱਕ ਸ਼ਗਨ ਵਜੋਂ ਦਿੱਤੇ ਗਏ।ਇਸ ਸੇਵਾ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਉਚੇਚੇ ਤੌਰ 'ਤੇ ਸਰਹੱਦੀ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਮੱਖੂ ਦੇ ਬੀ ਸੀ ਇੰਟਰਨੈਸ਼ਨਲ ਸਕੂਲ ਵਿੱਚ ਕਰਵਾਏ ਗਏ ਸਮਾਗਮ ਵਿੱਚ ਡਾ. ਐੱਸ ਪੀ ਸਿੰਘ ਉਬਰਾਏ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਸਮਾਗਮ ਵਿੱਚ ਉਨ੍ਹਾਂ ਨਾਲ ਜ਼ੀਰਾ ਵਿਧਾਇਕ ਨਰੇਸ਼ ਕਟਾਰੀਆ ਤੇ ਟਰੱਸਟ ਦੇ ਅਮਰੀਕਾ ਇਕਾਈ ਦੇ ਪ੍ਰਧਾਨ ਦਇਆਬੀਰ ਸਿੰਘ ਪਿੰਟੂ ਬਾਠ, ਸਿਆਸਲ ਯੂ ਐੱਸ ਏ ਦੀ ਟੀਮ, ਡਿਪਟੀ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਅਰਵਿੰਦਰ ਸਿੰਘ ਚਾਹਲ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਕਾਹਲੋਂ, ਗੁਰਬਿੰਦਰ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਡਾ. ਐੱਸ ਪੀ ਸਿੰਘ ਉਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਕਰਨ ਦੇ ਫ਼ੈਸਲੇ ਤਹਿਤ ਜ਼ਿਲ੍ਹਾ ਫਿਰੋਜ਼ਪੁਰ ਦੀਆਂ 31 ਧੀਆਂ, ਤਰਨਤਾਰਨ ਦੀਆਂ 25, ਅੰਮ੍ਰਿਤਸਰ ਦੀਆਂ 16 ਧੀਆਂ, ਫਾਜ਼ਿਲਕਾ ਦੀਆਂ 28 ਧੀਆਂ, ਮੋਗਾ ਦੀਆਂ 4 ਧੀਆਂ, ਜਦਕਿ ਕਪੂਰਥਲਾ, ਜਲੰਧਰ ਤੇ ਗੁਰਦਾਸਪੁਰ ਦੀਆਂ 1-1 ਧੀਆਂ ਭਾਵ ਕੁੱਲ 107 ਪਰਵਾਰਾਂ ਨੂੰ ਵਿਆਹਾਂ ਵਾਸਤੇ ਇੱਕ-ਇੱਕ ਲੱਖ ਰੁਪਏ ਦੇਣ ਉਪਰੰਤ ਹੁਣ ਤੱਕ ਟਰੱਸਟ ਵੱਲੋਂ ਕੁੱਲ 214 ਧੀਆਂ ਦੇ ਵਿਆਹ ਮੁਕੰਮਲ ਹੋ ਗਏ ਹਨ।ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਘਰਾਂ ਨੂੰ ਬਣਾਉਣ ਦਾ ਕਾਰਜ ਵੀ ਆਰੰਭ ਹੋ ਗਿਆ ਹੈ, ਜਿਸ ਤਹਿਤ 15 ਪੀੜਤ ਪਰਵਾਰਾਂ ਨੂੰ ਲੋੜੀਂਦੀ ਰਾਸ਼ੀ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਗਈ ਹੈ। ਡਾ. ਉਬਰਾਏ ਨੇ ਵਿਆਹ ਕਾਰਜਾਂ ਦੀ ਵੱਡੀ ਸੇਵਾ ਨੂੰ ਨੇਪਰੇ ਚਾੜ੍ਹਨ ਲਈ ਸਿਆਟਲ (ਯੂ.ਐੱਸ.ਏ.) ਦੀ ਸਮੂਹ ਸਾਧ ਸੰਗਤ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ।

## ਜਸਵਿੰਦਰ ਧੀਮਾਨ ਦੀ ਟੀਮ ਨੇ 22 ਲੜਕੀਆਂ ਦੇ ਕੀਤੇ ਸਮੂਹਕ ਵਿਆਹ



**ਸੁਨਾਮ ਉਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਕਾਂਗਰਸ ਹਲਕਾ ਇੰਚਾਰਜ ਸੁਨਾਮ ਜਸਵਿੰਦਰ ਸਿੰਘ ਧੀਮਾਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਾਜ ਪੈਲਸ ਸੁਨਾਮ ਵਿਖੇ 22 ਲੜਕੀਆਂ ਦੇ ਸਮੂਹਕ ਵਿਆਹ ਕਰਵਾਏ ਗਏ, ਜਿਸ ਵਿੱਚ ਉਨ੍ਹਾਂ ਦੀ ਟੀਮ ਵੱਲੋਂ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਗਿਆ ਅਤੇ ਜੋ ਲੜਕੀ ਦੇ ਲੋੜੀਂਦਾ ਸਾਮਾਨ ਵੀ ਦਿੱਤਾ ਗਿਆ, ਜਿਵੇਂ ਕਿ ਡਬਲ ਬੈੱਡ, ਅਲਮਾਰੀ ਕੁਰਸੀਆਂ, ਮੇਜ਼, ਸ਼ੀਸ਼ਾ ਤੇ ਗਹਿਣਿਆਂ ਨਾਲ ਵੀ ਮਾਨ ਸਨਮਾਨ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਜਸਵਿੰਦਰ ਧੀਮਾਨ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਸੀਂ 51 ਲੜਕੀਆਂ ਦੇ ਵਿਆਹ ਕਰਨੇ ਸੀ, ਪਰ ਬਾਈ ਲੜਕੀਆਂ ਦੇ ਹੀ ਵਿਆਹ ਕੀਤੇ ਗਏ ਹਨ, ਜਿਸ ਵਿੱਚ ਇਲਾਕੇ ਦੀ ਪੂਰੀ ਟੀਮ ਦਾ ਪੂਰਾ ਸਹਿਯੋਗ ਰਿਹਾ। ਸੁਖਵਿੰਦਰ ਸਿੰਘ ਸੁੱਖੀ ਐੱਮ ਸੀ ਸੁਨਾਮ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ ਤੇ ਲੜਕੀ ਦੇ ਮਾਤਾ-ਪਿਤਾ ਅਤੇ ਲੜਕੀਆਂ ਦੇ ਪਰਵਾਰਾਂ ਵੱਲੋਂ ਜਸਵਿੰਦਰ ਧੀਮਾਨ ਦੀ ਪੂਰੀ ਟੀਮ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਸ਼ਹਿਰ 'ਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਰਕਾਰ ਵਚਨਬੱਧ : ਸਿਹਤ ਮੰਤਰੀ

### ਏਕਤਾ ਵਿਹਾਰ ਤੇ ਸਨੀ ਐਨਕਲੇਵ ਨੂੰ ਮਿਲਿਆ ਵਿਕਾਸ ਦਾ ਤੋਹਫ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦਿਹਾਤੀ ਦੇ ਵੱਖ-ਵੱਖ ਪਿੰਡਾਂ ਦਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅਚਾਨਕ ਦੌਰਾ ਕੀਤਾ ਗਿਆ।ਇਸ ਦੌਰਾਨ ਉਹ ਪਟਿਆਲਾ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਲਚਕਾਣੀ ਪਹੁੰਚੇ, ਜਿੱਥੇ ਉਨ੍ਹਾਂ ਨੇ ਚੱਲ ਰਹੇ ਵਿਕਾਸ ਕਾਰਜਾਂ ਤੇ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ।ਦੌਰੇ ਦੌਰਾਨ ਜਿੱਥੇ ਵੀ ਕਮੀਆਂ ਜਾਂ ਲਾਪ੍ਰਵਾਹੀ ਸਾਹਮਣੇ ਆਈ, ਉੱਥੇ ਸਿਹਤ ਮੰਤਰੀ ਨੇ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨੂੰ ਫੋਨ ਕਰਕੇ ਤੁਰੰਤ ਬੁਲਾਇਆ।ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿੱਚ ਕੋਈ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਿਹਤ ਮੰਤਰੀ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਕੀਤੇ ਕਾਰਡਾਂ ਦੀ ਸਮੀਖਿਆ ਕੀਤੀ ਤੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਯੋਗ ਲਾਭਪਾਤਰੀਆਂ ਤੱਕ ਯੋਜਨਾ ਦਾ ਪੂਰਾ ਲਾਭ ਪਹੁੰਚਾਇਆ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਦਾ ਫਾਇਦਾ ਹਰ ਘਰ ਤੱਕ ਪਹੁੰਚਣਾ ਚਾਹੀਦਾ ਹੈ।ਸਿਹਤ ਮੰਤਰੀ ਨੇ ਪਟਿਆਲਾ ਸ਼ਹਿਰ ਦੇ ਏਕਤਾ ਵਿਹਾਰ ਤੇ ਸਨੀ ਐਨਕਲੇਵ ਇਲਾਕਿਆਂ ਵਿੱਚ ਕਰੀਬ 6 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਸਥਾਨਕ ਪਾਰਟੀ ਆਗੂ ਵੀ ਮੌਜੂਦ ਸਨ। ਸਿਹਤ ਮੰਤਰੀ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ।ਉਨ੍ਹਾਂ ਕਿਹਾ ਕਿ ਪਟਿਆਲਾ ਨੂੰ ਵਿਕਾਸ ਪੱਖੋਂ ਨੰਬਰ ਵਨ ਸ਼ਹਿਰ ਬਣਾਉਣ ਲਈ ਸਰਕਾਰ ਵਚਨਬੱਧ ਹੈ ਤੇ ਹਰ ਵਾਰਡ ਵਿੱਚ ਲੋੜ ਅਨੁਸਾਰ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਗਏ ਹਨ।ਇਸ ਮੌਕੇ ਐੱਮ ਸੀ ਰੁਪਾਲੀ ਗਰਗ, ਪ੍ਰਦੀਪ ਗਰਗ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

## ਬੀ ਕੇ ਯੂ ਡਕੌਂਦਾ ਵੱਲੋਂ ਡੀ ਐੱਸ ਪੀ ਦਫਤਰ ਅੱਗੇ ਧਰਨਾ

### ਤਹਿਸੀਲਦਾਰ ਰਾਹੀਂ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



**ਨਾਭਾ (ਵਰਿੰਦਰ ਵਰਮਾ)**-ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵੱਲੋਂ ਡੀ.ਐਸ.ਪੀ. ਨਾਭਾ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ।ਉਪਰੰਤ ਇਕ ਮੰਗ ਪੱਤਰ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ ਰਾਹੀਂ ਐੱਸ ਡੀ ਐੱਮ ਰਾਵਿੰਦਰਪਾਲ ਸਿੰਘ ਸੋਮਲ ਨੂੰ ਸੌਂਪਦਿਆਂ ਬੇਨਤੀ ਕੀਤੀ ਕਿ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਆਪ ਜੀ ਦਾ ਧਿਆਨ ਯੂ ਪੀ ਦੀ ਆਲੂ ਖਰੀਦ ਕਰਨ ਵਾਲੀ ਕੰਪਨੀ ਵੱਲ ਕਿਸਾਨਾਂ ਨਾਲ ਆਲੂ ਖ਼੍ਰੀਦਣ ਸਬੰਧੀ ਕੀਤੇ ਇਕਰਾਰ ਤੇ ਹੁਣ ਵੱਖ ਵੱਖ ਬਹਾਨੇ ਲਾ ਕੇ ਆਲੂਆਂ ਦੀ ਖਰੀਦ ਕਰਨ ਤੋਂ ਭੱਜ ਗਈ ਹੈ।ਕੀਤੇ ਗਏ ਇਕਰਾਰ ਅਨੁਸਾਰ 10 ਰੁਪੈ ਪ੍ਰਤੀ ਕਿਲੋ ਕੰਪਨੀ ਕਿਸਾਨਾਂ ਤੋਂ ਆਲੂ ਖਰੀਦੇਗੀ, ਪ੍ਰੰਤੂ ਹੁਣ ਵੱਖ ਵੱਖ ਤਰ੍ਹਾਂ ਦੇ ਬਹਾਨੇ ਬਣਾ ਕੇ ਕਿਸਾਨਾਂ ਦੀ ਫਸਲ ਨੂੰ ਸਾਡੇ 450 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਖਰੀਦ ਰਹੀ ਹੈ, ਜੋ ਕਿ ਕਿਸਾਨਾਂ ਨਾਲ ਸ਼ਰੇਆਮ ਧੋਖਾ ਹੋ ਰਿਹਾ ਹੈ, ਪਹਿਲਾਂ ਹੀ ਆਰਥਿਕ ਤੌਰ 'ਤੇ ਟੁੱਟ ਚੁੱਕੇ ਕਿਸਾਨਾਂ ਦੀ ਇਸ ਕੰਪਨੀ ਵੱਲੋਂ ਸ਼ਰੇਆਮ ਲੁੱਟ ਕੀਤੀ ਜਾ ਰਹੀ ਹੈ ਅਤੇ ਆਲੂਆਂ ਦੀ ਫਸਲ ਖਰੀਦ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।ਜਥੇਬੰਦੀ ਨੇ ਕਿਹਾ ਕਿ ਸਬੰਧਤ ਕੰਪਨੀ ਵੱਲੋਂ ਕਿਸਾਨਾਂ ਨਾਲ ਕੀਤੇ ਇਕਰਾਰ ਤੋਂ ਭੱਜ ਜਾਣਾ ਸ਼ਰੇਆਮ ਧੋਖਾਧੜੀ ਹੈ।ਇਸ ਕੰਪਨੀ ਖਿਲਾਫ ਕਿਸਾਨਾਂ ਨਾਲ ਕੀਤੇ ਧੋਖੇ ਸਬੰਧੀ ਐੱਫ.ਆਈ.ਆਰ. ਦਰਜ ਕੀਤੀ ਜਾਵੇ ਤੇ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੰਪਨੀ ਵੱਲੋਂ ਕਰਵਾਈ ਜਾਵੇ।ਇਸ ਮੌਕੇ ਐੱਸ ਡੀ ਐੱਮ ਵੱਲੋਂ ਕਿਸਾਨਾਂ ਨੂੰ ਇਹ ਮਸਲਾ ਜਲਦੀ ਹੱਲ ਕਰਵਾਉਣ ਦੇ ਭਰੋਸੇ ਉਪਰੰਤ ਧਰਨਾ ਚੁੱਕ ਲਿਆ ਗਿਆ। ਇਸ ਮੌਕੇ ਜਗਮੋਹਨ ਸਿੰਘ ਜਨਰਲ ਸਕੱਤਰ, ਜਗਮੇਲ ਸਿੰਘ ਬਲਾਕ ਸਮਾਣਾ, ਭਗਵਾਨ ਸਿੰਘ ਜਨਰਲ ਸਕੱਤਰ ਬਲਾਕ ਨਾਭਾ, ਮਹਿੰਦਰ ਸਿੰਘ ਬੀਨਾਹੇੜੀ, ਨਿਰਭੈ ਸਿੰਘ, ਹਰਭਗਵਾਨ ਸਿੰਘ ਖੇੜੀਮਾਨੀਆ, ਲਖਵਿੰਦਰ ਸਿੰਘ, ਸਵਰਨਜੀਤ ਸਿੰਘ ਛੀਂਟਾਂਵਾਲਾ, ਗੁਰਸ਼ਰਨ ਸਿੰਘ ਪ੍ਰਧਾਨ ਇਕਾਈ ਦੁਲੱਦੀ, ਗੁਰਮੀਤ ਸਿੰਘ ਭੱਠੀਵਾਲ ਸੂਬਾ ਸੀਨੀਅਰ ਮੀਤ ਪ੍ਰਧਾਨ, ਨਿਰਮਲ ਸਿੰਘ ਬਲਾਕ ਪ੍ਰਧਾਨ ਨਾਭਾ, ਗੁਰਬਚਨ ਸਿੰਘ ਪ੍ਰਧਾਨ ਜ਼ਿਲ੍ਹਾ ਪਟਿਆਲਾ, ਜਗਮੇਲ ਸਿੰਘ ਸੁੱਧੇਵਾਲ ਜ਼ਿਲ੍ਹਾ ਸਕੱਤਰ, ਸਤਵੰਤ ਸਿੰਘ ਬਲਾਕ ਪਟਿਆਲਾ (1) ਪ੍ਰਧਾਨ ਤੇ ਹਰਪ੍ਰੀਤ ਸਿੰਘ ਫਤਿਹਪੁਰ ਆਦਿ ਮੌਜੂਦ ਸਨ।

## ਰੋਸ਼ਨੀ ਮੇਲੇ 'ਚ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ



**ਜਗਰਾਉਂ (ਸੰਜੀਵ ਅਰੋੜਾ)**-ਮਾਲਵੇ ਦਾ ਪ੍ਰਸਿੱਧ ਤਿੰਨ ਰੋਜ਼ਾ ਰੋਸ਼ਨੀ ਮੇਲਾ ਸੱਭਿਆਚਾਰ ਤੇ ਧਾਰਮਿਕਤਾ ਦਾ ਰੰਗ ਬਖੇਰਦਾ ਸ਼ੁਰੂ ਹੋ ਚੁੱਕਾ ਹੈ। ਮੇਲੇ ਦੇ ਦੂਜੇ ਦਿਨ ਪੀਰ ਬਾਬਾ ਮੋਹਕਮ ਦੀਨ ਦੀ ਦਰਗਾਹ 'ਤੇ ਹਜ਼ਾਰਾਂ ਸ਼ਰਧਾਲੂਆਂ ਨੇ ਸਿਜਦਾ ਕੀਤਾ। ਦਰਗਾਹ ਦੇ ਮੁੱਖ ਸੇਵਾਦਾਰ ਸੂਫੀ ਨੂਰਦੀਨ ਨੇ ਪੀਰ ਦੀ ਮਜ਼ਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਨਿਭਾਈ ਤੇ ਦੱਸਿਆ ਕਿ ਸੰਗਤਾਂ ਦੇ ਰਹਿਣ ਦਾ ਖਾਸ ਪ੍ਰਬੰਧ ਕੀਤਾ ਗਿਆ। ਪੀਰ ਦੀ ਦਰਗਾਹ 'ਤੇ ਸ਼ਰਧਾਲੂਆਂ ਦਾ ਉਮੜਿਆ ਇਕੱਠ ਮੱਥਾ ਟੇਕਣ ਲਈ ਘੰਟਿਆਂਬੱਧੀ ਲਾਈਨਾਂ 'ਚ ਲੱਗਾ ਪੀਰ ਦੀ ਸ਼ੋਭਾ ਗਾਉਂਦਾ ਗੁਣਗਣਾਉਂਦਾ ਨਜ਼ਰ ਆਇਆ। ਮੇਲੇ ਦੌਰਾਨ ਪੁਲਸ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ, ਵਾਹਨਾਂ ਦੀ ਐਂਟਰੀ ਬੰਦ ਕਰ ਦਿੱਤੀ। ਮੇਲੇ ਦੌਰਾਨ ਜਿੱਥੇ ਲੋਕਾਂ ਨੇ ਝੂਟੇ, ਸਰਕਸਾਂ, ਚੰਡੋਲ ਦਾ ਆਨੰਦ ਮਾਣਿਆ, ਉੱਥੇ ਕੁਸ਼ਤੀ ਦੰਗਲ ਵੀ ਹੋਏ ਤੇ ਸੰਗਤਾਂ ਨੇ ਥਾਂ-ਥਾਂ ਲੰਗਰ ਵੀ ਲਗਾਏ। ਕਮਲ ਚੌਂਕ ਸਥਿਤ ਦਰਗਾਹ 'ਤੇ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ, ਸਾਬਕਾ ਵਿਧਾਇਕ ਐੱਸ. ਆਰ. ਕਲੇਰ, ਕਾਰਜਕਾਰੀ ਪ੍ਰਧਾਨ ਕੰਵਰਪਾਲ ਸਿੰਘ, ਕੌਂਸਲਰ ਸਤੀਸ਼ ਕੁਮਾਰ ਦੌਧਰੀਆ, ਭਾਜਪਾ ਆਗੂ ਰਾਜਾ ਵਰਮਾ ਤੇ ਸਾਜਨ ਮਲਹੋਤਰਾ ਨੇ ਵੀ ਮੱਥਾ ਟੇਕਿਆ।

## ਡੇਰਾ ਪ੍ਰੇਮੀਆਂ ਨੇ ਲੋੜਵੰਦ ਪਰਵਾਰਾਂ ਨੂੰ ਦਿੱਤਾ ਰਾਸ਼ਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪ੍ਰੇਮੀ ਬਲੈਤੀ ਰਾਮ ਇੰਸਾਂ, ਨਿਵਾਸੀ ਭੁੱਚੋ ਮੰਡੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਕਮਲੇਸ਼ ਰਾਣੀ ਇੰਸਾਂ, ਸੁਰੇਸ਼ ਕੁਮਾਰ ਇੰਸਾਂ, ਰਜਨੀ ਇੰਸਾਂ, ਵਿੱਕੀ ਇੰਸਾਂ ਤੇ ਸੰਤੋਸ਼ ਰਾਣੀ ਇੰਸਾਂ ਵੱਲੋਂ ਪਵਿੱਤਰ ਐੱਮ ਐੱਸ ਜੀ ਮਹਾਂ ਰਹਿਮੋ ਕਰਮ ਮਹੀਨਾ ਮਨਾਉਂਦੇ ਹੋਏ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਾਵਨ ਸਿੱਖਿਆ 'ਤੇ ਚਲਦੇ ਹੋਏ ਚਾਰ ਲੋੜਵੰਦ ਪਰਵਾਰਾਂ ਨੂੰ ਇੱਕ-ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ। ਰਾਸ਼ਨ ਲੈਣ ਵਾਲੇ ਪਰਵਾਰਾਂ ਨੇ ਪ੍ਰੇਮੀ ਪਰਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਪ੍ਰੇਮੀ ਸੇਵਕ ਰਣਜੀਤ ਸਿੰਘ ਇੰਸਾਂ ਲਹਿਰਾ ਮੁਹੱਬਤ, ਰਜਿੰਦਰ ਕੁਮਾਰ ਇੰਸਾਂ, ਮੇਘ ਰਾਜ ਇੰਸਾਂ ਸਮੇਤ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਹਾਜ਼ਰ ਸਨ।

## ਦਫ਼ਤਰੀ ਕਰਮਚਾਰੀਆਂ 'ਤੇ ਲਾਠੀਚਾਰਜ ਦੀ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਵਿਭਾਗ ਵੱਲੋਂ ਵਿੱਚ 20-20 ਸਾਲਾਂ ਤੋਂ ਕੰਮ ਕਰਦੇ ਸਮਗਰਾ ਸਿੱਖਿਆ ਅਭਿਆਨ ਦੇ ਦਫ਼ਤਰੀ ਕਰਮਚਾਰੀਆਂ ਨੂੰ ਮਿਲਦੀ 50000-50000 ਤਨਖਾਹ ਨੂੰ ਘਟਾ ਕੇ ਸਿਰਫ 19000 'ਤੇ ਪੱਕੇ ਕਰਨ ਦਾ ਵਿਰੋਧ ਕਰਦੇ ਕਰਮਚਾਰੀਆਂ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭਾਰੀ ਲਾਠੀਚਾਰਜ ਕੀਤਾ ਤੇ ਵਾਟਰ ਕੈਨਨਾਂ ਨਾਲ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਤੋਂ ਇਲਾਵਾ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਮੁਲਾਜ਼ਮਾਂ 'ਤੇ ਕੀਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਦੱਸਿਆ 20 ਸਾਲ ਦੀ ਨੌਕਰੀ ਉਪਰੰਤ ਵੀ ਇਨ੍ਹਾਂ 'ਤੇ 3 ਸਾਲ ਦਾ ਪਰਖ ਕਾਲ ਪੂਰਾ ਕਰਨ ਦੀ ਸ਼ਰਤ ਮੜ੍ਹਨੀ ਇਨ੍ਹਾਂ ਮੁਲਾਜ਼ਮਾਂ ਨਾਲ ਸਰਾਸਰ ਧੱਕਾ ਹੈ। ਬੀ.ਪੀ.ਈ. ਓ. ਦਫਤਰਾਂ ਤੇ ਡੀ. ਈ. ਓ. ਦਫਤਰਾਂ 'ਚ ਕੰਮ ਕਰਦੇ ਇਹ ਮੁਲਾਜ਼ਮ ਅਧਿਆਪਕਾਂ ਤੇ ਸਿੱਖਿਆ ਵਿਭਾਗ ਦਰਮਿਆਨ ਇੱਕ ਕੜੀ ਵਜੋਂ ਕੰਮ ਕਰਦੇ ਹਨ ਤੇ ਨਿੱਤ ਦਿਨ ਸਕੂਲਾਂ ਦੀਆਂ ਗ੍ਰਾਂਟਾਂ, ਮਿੱਡ ਡੇ ਮੀਲ ਤੇ ਹੋਰ ਅੰਕੜੇ ਇਕੱਠੇ ਕਰਕੇ ਵਿਭਾਗ ਨੂੰ ਭੇਜਦੇ ਹਨ। ਇਨ੍ਹਾਂ ਕਰਮਚਾਰੀਆਂ ਨੂੰ ਪੱਕੇ ਕਰਨ ਦੇ ਨਾਂ 'ਤੇ ਇਨ੍ਹਾਂ ਦੀ ਤਨਖਾਹ ਘਟਾਉਣ ਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਇਸ ਮੌਕੇ ਡੀ ਟੀ ਐੱਫ਼ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਮੀਤ ਪ੍ਰਧਾਨ ਨਵੀਨ ਬੋਹਾ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਮੰਗ ਕੀਤੀ ਕਿ ਇਨ੍ਹਾਂ ਕਰਮਚਾਰੀਆਂ ਨੂੰ ਮਿਲਦੀ ਤਨਖਾਹ ਸੁਰੱਖਿਅਤ ਕਰਦੇ ਹੋਏ ਇਨ੍ਹਾਂ ਨੂੰ ਪੁਰਾਣੇ ਪੰਜਾਬ ਪੇ ਸਕੇਲ ਉੱਪਰ ਰੈਗੂਲਰ ਕੀਤਾ ਜਾਵੇ।

## ਭਲਕ ਦੀ ਮਨਰੇਗਾ ਬਚਾਓ ਰੈਲੀ ਸੰਬੰਧੀ ਲੋਕਾਂ 'ਚ ਉਤਸ਼ਾਹ : ਕਾਂਗੜਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਕਾਂਗਰਸ ਦੇ ਸੀਨੀਅਰ ਆਗੂ ਤੇ ਕੇਂਦਰ ਵਿੱਚ ਵਿਰੋਧੀ ਧਿਰ ਲੀਡਰ ਸ੍ਰੀ ਰਾਹੁਲ ਗਾਂਧੀ ਦੀ 28 ਫਰਵਰੀ ਨੂੰ ਬਰਨਾਲਾ ਵਿਖੇ ਹੋ ਰਹੀ ਮਨਰੇਗਾ ਬਚਾਓ ਵਿਸ਼ਾਲ ਰੈਲੀ ਨੂੰ ਲੈ ਕੇ ਕਿਸਾਨਾਂ, ਮਜ਼ਦੂਰਾਂ ਤੇ ਪਾਰਟੀ ਵਰਕਰਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਰੈਲੀ ਦਾ ਵਿਸ਼ਾਲ ਇਕੱਠ ਪੰਜਾਬ 'ਚੋਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ 2027 'ਚ ਸਫਾਇਆ ਕਰਨ ਦਾ ਮੁੱਢ ਬੰਨ੍ਹੇਗਾ। ਇਹ ਰੈਲੀ ਮਨਰੇਗਾ ਬਚਾਓ ਮੁਹਿੰਮ ਤਹਿਤ ਕਰਵਾਈ ਜਾ ਰਹੀ ਹੈ, ਜਿਸ ਨੂੰ ਕਾਂਗਰਸ ਪਾਰਟੀ ਵੱਲੋਂ ਗਰੀਬਾਂ ਤੇ ਮਜ਼ਦੂਰ ਵਰਗ ਦੇ ਹੱਕਾਂ ਦੀ ਰੱਖਿਆ ਲਈ ਇੱਕ ਵੱਡੀ ਜੰਗ ਵਜੋਂ ਦੇਖਿਆ ਜਾ ਰਿਹਾ ਹੈ। ਇਹ ਵਿਚਾਰ ਸ੍ਰੀ ਦਰਸ਼ਨ ਸਿੰਘ ਕਾਂਗੜਾ ਮੈਂਬਰ (ਪੀ.ਪੀ.ਸੀ.ਸੀ.) ਨੇ ਪ੍ਰਗਟ ਕੀਤੇ। ਉਹ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਬਰਨਾਲਾ ਵਿਖੇ ਹੋ ਰਹੀ ਇਹ ਮਨਰੇਗਾ ਬਚਾਓ ਰੈਲੀ ਇਤਿਹਾਸਿਕ ਸਾਬਿਤ ਹੋਵੇਗੀ। ਸ੍ਰੀ ਕਾਂਗੜਾ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਯੋਜਨਾ ਨੂੰ ਕਮਜ਼ੋਰ ਕਰਨ ਤੇ ਇਸ ਨੂੰ ਬਦਲਵੇਂ ਰੂਪ 'ਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਗਰੀਬ ਤੇ ਮਜ਼ਦੂਰ ਵਰਗ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।ਅਖੀਰ ਵਿੱਚ ਸ੍ਰੀ ਕਾਂਗੜਾ ਨੇ ਜ਼ਿਲ੍ਹਾ ਸੰਗਰੂਰ ਤੇ ਬਰਨਾਲਾ ਸਣੇ ਆਸ-ਪਾਸ ਇਲਾਕਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ 28 ਫਰਵਰੀ ਨੂੰ ਸਵੇਰੇ 10 ਵਜੇ ਆਪਣੇ ਆਪਣੇ ਕਾਫਲਿਆਂ ਸਮੇਤ ਬਰਨਾਲਾ ਪੁੱਜ ਕੇ ਇਸ ਇਤਿਹਾਸਕ ਰੈਲੀ ਦਾ ਹਿੱਸਾ ਬਣਨ ਤੇ ਮਜ਼ਦੂਰ ਵਰਗ ਦੀ ਆਵਾਜ਼ ਨੂੰ ਮਜ਼ਬੂਤ ਕਰਨ।

## ਹਰਸ਼ਿਤ ਅਰੋੜਾ ਦਾ ਜੇ ਈ ਈ ਮੇਨ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਕੋਟਕਪੂਰਾ (ਰਛਪਾਲ ਭੁੱਲਰ)**-ਪਿਛਲੇ ਦੋ ਸਾਲਾਂ ਤੋਂ ਜ਼ਿਲ੍ਹੇ ਵਿੱਚ ਉੱਚ ਪੱਧਰੀ ਸਿੱਖਿਆ ਸੇਵਾਵਾਂ ਪ੍ਰਦਾਨ ਕਰ ਰਹੀ ਸੰਸਥਾ ਸੰਕਲਪ ਕੋਟਾ ਕਲਾਸਿਸ ਨੇ ਇੱਕ ਵਾਰ ਫਿਰ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਸੰਸਥਾ ਦੇ ਹੋਣਹਾਰ ਵਿਦਿਆਰਥੀ ਹਰਸ਼ਿਤ ਅਰੋੜਾ ਨੇ ਜੇ.ਈ.ਈ. ਮੇਨ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 98.9 ਪ੍ਰਸੈਂਟਾਈਲ ਤੇ ਮੈਥ ਵਿਸ਼ੇ ਵਿੱਚ 99.25 ਪ੍ਰਸੈਂਟਾਈਲ ਪ੍ਰਾਪਤ ਕੀਤੀ।ਮੈਨੇਜਮੈਂਟ ਵੱਲੋਂ ਹਰਸ਼ਿਤ ਅਰੋੜਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਸ ਨੂੰ ਐਵਾਰਡ ਤੇ ਰਿਵਾਰਡ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ।ਅਧਿਆਪਕ ਵਰਗ ਤੇ ਮਾਪਿਆਂ ਨੇ ਵੀ ਇਸ ਕਾਮਯਾਬੀ 'ਤੇ ਗਰਵ ਮਹਿਸੂਸ ਕੀਤਾ।ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਅਨਮੋਲ ਗੋਇਲ ਨੇ ਕਿਹਾ ਕਿ ਸੰਕਲਪ ਕੋਟਾ ਕਲਾਸਿਸ ਦਾ ਮੁੱਖ ਉਦੇਸ਼ ਫਰੀਦਕੋਟ ਜ਼ਿਲ੍ਹੇ ਦੇ ਵਿਦਿਆਰਥੀਆਂ ਨੂੰ ਘਰ ਦੇ ਨੇੜੇ ਹੀ ਕੋਟਾ-ਲੇਵਲ ਦੀ ਕੋਚਿੰਗ ਪ੍ਰਦਾਨ ਕਰਨਾ ਹੈ, ਤਾਂ ਜੋ ਬੱਚਿਆਂ ਨੂੰ ਬਾਹਰਲੇ ਸ਼ਹਿਰਾਂ ਵਿੱਚ ਜਾਣ ਦੀ ਲੋੜ ਨਾ ਪਵੇ। ਉਨ੍ਹਾਂ ਦੱਸਿਆ ਕਿ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਨੀਟ, ਯੂ. ਜੀ. ਸੀ. ਤੇ ਜੇ.ਈ.ਈ. ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਜਰਬੇਕਾਰ ਫੈਕਲਟੀ ਦੁਆਰਾ ਤਿਆਰ ਕਰਵਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪਹਿਲਾਂ ਚੰਡੀਗੜ੍ਹ, ਕੋਟਾ ਜਾਂ ਬਠਿੰਡਾ ਜਾਣ ਦੀ ਯੋਜਨਾ ਬਣਾਉਂਦੇ ਸਨ, ਉਹ ਹੁਣ ਫਰੀਦਕੋਟ ਵਿੱਚ ਰਹਿ ਕੇ ਹੀ ਉੱਚ-ਪੱਧਰੀ ਤਿਆਰੀ ਕਰ ਸਕਦੇ ਹਨ।ਜ਼ਿਲ੍ਹਾ ਵਾਸੀਆਂ ਲਈ ਇਹ ਸੰਸਥਾ ਇੱਕ ਭਰੋਸੇਯੋਗ ਤੇ ਸ਼ਾਨਦਾਰ ਵਿਕਲਪ ਵਜੋਂ ਉੱਭਰੀ ਹੈ।ਅਖੀਰ ਵਿੱਚ ਮੈਨੇਜਮੈਂਟ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਮਹਿਨਤ, ਸਹੀ ਦਿਸ਼ਾ ਤੇ ਅਨੁਸ਼ਾਸਨ ਨਾਲ ਕੋਈ ਵੀ ਲਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ।

## ਪਰੌਂਡ 'ਚ ਬੀ ਕੇ ਯੂ ਸ਼ਾਦੀਪੁਰ ਦੀ ਮੀਟਿੰਗ, ਬਰਨਾਲਾ ਰੈਲੀ ਲਈ ਤਿਆਰੀਆਂ ਤੇਜ਼



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਿੰਡ ਪਰੌਂਡ ਵਿਖੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਇਕ ਅਹਿਮ ਮੀਟਿੰਗ ਅਮਰਜੀਤ ਸਿੰਘ ਰੰਧਾਵਾ ਤੇ ਸੁਰਜੀਤ ਸਿੰਘ ਠੇਕੇਦਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਵਿੱਚ ਯੂਨੀਅਨ ਦੇ ਪ੍ਰਧਾਨ ਤੇ ਐੱਸਕੇਐੱਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਦੌਰਾਨ ਵੱਡੀ ਗਿਣਤੀ ਵਿੱਚ ਨੌਜਵਾਨ ਕਿਸਾਨਾਂ ਤੇ ਮਜ਼ਦੂਰਾਂ ਨੇ ਹਾਜ਼ਰੀ ਭਰੀ।ਮੀਟਿੰਗ ਦੌਰਾਨ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪਿੰਡ ਪੱਧਰ 'ਤੇ ਕਮੇਟੀਆਂ ਬਣਾਉਣ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।ਇਸ ਦੇ ਨਾਲ ਹੀ 10 ਮਾਰਚ ਨੂੰ ਬਰਨਾਲਾ ਵਿੱਚ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਵੱਖ-ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੌਕੇ ਜਥੇਬੰਦੀ ਦੇ ਆਗੂ ਦਿਲਬਾਗ ਸਿੰਘ ਬੱਖਾ, ਰੁਪਿੰਦਰ ਖਰੌੜ, ਲੱਖਾ ਸਿੰਘ, ਗੁਰਮੁਖ ਸਿੰਘ, ਸਰਜੀਤ ਸਿੰਘ ਸਰਪੰਚ, ਖੁਡਾ, ਵਸਣ ਸਿੰਘ ਨੰਬਰਦਾਰ, ਸਰਦੂਲ ਸਿੰਘ, ਸੁਰਿੰਦਰ ਸਿੰਘ, ਮੱਖਣ ਸਿੰਘ, ਜਸਵੰਤ ਸਿੰਘ ਉਲਟਪੁਰ, ਰਨਵੀਰ ਰਾਣਾ, ਗੁਰਪ੍ਰੀਤ ਸਿੰਘ ਗੋਪੀ, ਅਬੇ ਕਟਕੇੜੀ, ਪ੍ਰਿੰਸ, ਹਰਪ੍ਰੀਤ, ਮਨਿੰਦਰ ਪਾਣੀ, ਯੁਵਰਾਜ, ਸੰਤੋਖ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਗਗਨਦੀਪ ਸਿੰਘ, ਮਨਜੀਤ ਸਿੰਘ, ਵਿਕਰਮਜੀਤ ਸਿੰਘ, ਗੁਰਜੀਤ ਸਿੰਘ ਤੇ ਹੋਰ ਕਈ ਕਿਸਾਨ ਤੇ ਮਜ਼ਦੂਰ ਸਾਥੀ ਹਾਜ਼ਰ ਸਨ।

# ਕਲਾ ਕ੍ਰਿਤੀ ਦੇ 'ਛੱਲਾ' ਨਾਟਕ ਨੇ ਦਰਸ਼ਕਾਂ ਦੇ ਮਨਾਂ 'ਤੇ ਛੱਡੀ ਡੂੰਘੀ ਛਾਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਲਾ ਕ੍ਰਿਤੀ ਪਟਿਆਲਾ ਤੇ ਨਟਰਾਜ ਆਰਟਸ ਥੀਏਟਰ ਦੇ ਸਾਂਝੇ ਯਤਨਾਂ ਸਦਕਾ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ 2 ਰੋਜ਼ਾ ਬਸੰਤ ਰੁੱਤ ਦੇ ਨਾਟਕ ਮੇਲੇ ਦੌਰਾਨ ਪਹਿਲੇ ਦਿਨ ਕਾਲੀਦਾਸ ਆਡੀਟੋਰੀਅਮ ਵਿਰਸਾ ਵਿਹਾਰ ਕੇਂਦਰ ਨਜ਼ਦੀਕ ਭਾਸ਼ਾ ਵਾਗ ਪੰਜਾਬ ਸ਼ੇਰਾਂਵਾਲਾ ਗੇਟ ਪਟਿਆਲਾ ਵਿਖੇ ਨਾਟਕਕਾਰ ਡਾਕਟਰ ਕੁਲਦੀਪ ਸਿੰਘ ਦੀਪ ਦਾ ਲਿਖਿਆ ਤੇ ਉੱਘੀ ਨਾਟ ਨਿਰਦੇਸ਼ਕਾ, ਅਦਾਕਾਰਾ, ਕਲਾਕ੍ਰਿਤੀ ਦੀ ਡਾਇਰੈਕਟਰ ਸ੍ਰੀਮਤੀ ਪਰਮਿੰਦਰ ਪਾਲ ਕੌਰ ਦੇ ਨਿਰਦੇਸ਼ਨ ਹੇਠ 'ਛੱਲਾ' ਨਾਟਕ ਦਾ ਸ਼ਾਨਦਾਰ ਮੰਚਨ ਕੀਤਾ ਗਿਆ, ਜਿਸ ਨੇ ਦਰਸ਼ਕਾਂ ਦੇ ਮਨਾਂ 'ਤੇ ਗਹਿਰੀ ਛਾਪ ਛੱਡੀ। ਨਾਟਕ ਦਾ ਸਮੁੱਚਾ ਘਟਨਾਕ੍ਰਮ ਉਨ੍ਹਾਂ ਸਾਰੇ ਛੱਲਿਆਂ ਦੇ ਨਾਂ... ਜੋ ਘਰਾਂ ਤੋਂ ਜ਼ਿੰਦਗੀ ਦੀਆਂ ਝਨਾਵਾਂ ਤਰਨ ਲਈ ਨਿਕਲੇ ਸੀ, ਪਰ ਸਿਸਟਮ ਦੀ ਹਨੇਰੀ ਉਨ੍ਹਾਂ ਨੂੰ ਰਾਹਾਂ ਵਿੱਚ ਹੀ ਖਾ ਗਈ ਤੇ ਇਹ ਦੁਆ ਕੀਤੀ ਕਿ ਮੁੜ ਇਸ ਪੂਰੀ ਧਰਤੀ ਦੇ ਕਿਸੇ ਵੀ ਕੋਨੇ ਤੋਂ ਕਦੇ ਛੱਲੇ ਨਾ ਜੰਮਣ।ਨਾਟਕ ਵਿੱਚ ਅੱਗੇ 2014 ਵਿੱਚ ਇਰਾਕ ਦੇ ਸ਼ਹਿਰ ਮੈਸੂਲ ਵਿੱਚੋਂ ਆਈ ਐੱਸ (ਇਸਲਾਮਿਕ ਸਟੇਟ) ਨਾਂ ਦੀ ਜਥੇਬੰਦੀ ਦੁਆਰਾ ਅਗਵਾ ਕੀਤੇ 40 ਛੱਲਿਆਂ (ਭਾਰਤੀ ਨੌਜਵਾਨਾਂ) ਦੇ ਨਾਂ, ਜਿਨ੍ਹਾਂ ਬਾਰੇ ਭਾਰਤ ਦੀ ਸੱਤਾ ਤਿੰਨ ਸਾਲ ਉਨ੍ਹਾਂ ਦੇ ਜਿਉਂਦੇ ਹੋਣ ਦਾ ਡਰਾਮਾ ਕਰਦੀ ਰਹੀ।ਇਨ੍ਹਾਂ 40 ਛੱਲਿਆਂ ਵਿੱਚੋਂ 39 ਨੂੰ ਆਈ ਐੱਸ ਨੇ ਗੋਲੀਆਂ ਨਾਲ ਉਡਾ ਦਿੱਤਾ ਸੀ, ਜਿਹੜਾ ਇੱਕ ਬਚ ਗਿਆ ਸੀ ਉਹ ਇਸ ਨਾਟਕ ਦੇ ਕਲਪਿਤ ਪਾਤਰ ਪ੍ਰੋਫੈਸਰ ਦੇ ਰੂਪ ਵਿੱਚ ਆਪਣੀਆਂ ਹੱਡ ਬੀਤੀਆਂ ਸੁਣਾਈਆਂ ਜਿਸ ਨਾਲ ਨਾਟਕ ਦੇ ਇਸ ਦੁਖਾਂਤ ਨੇ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ।ਇਸ ਨਾਟਕ ਵਿਚਲੇ ਸਾਰੇ ਪਾਤਰਾਂ ਨੂੰ ਨਿਭਾਉਣ ਵਾਲੇ ਕਲਾਕਾਰਾਂ ਦੇ ਵਿੱਚ ਮੁੱਖ ਤੌਰ ਉੱਤੇ ਸੀਨੀਅਰ ਕਲਾਕਾਰ ਮੋਹਨ ਕੰਬੋਜ, ਵਿਨੋਦ ਕੌਸ਼ਲ, ਜੋਗਾ ਸਿੰਘ, ਜਸਵੀਰ ਜੱਸੀ, ਕੁਲਦੀਪ ਸਿੰਘ, ਅਜੇ ਜੈਠੀ, ਇਸ਼ਾਨ ਅਰੋੜਾ, ਤਾਨੀਆ ਸਿੰਘ, ਨਿਰਮਲ, ਅੰਜਲੀ ਬਿਡਲਾ, ਹਰੀਸ਼ ਖੁਰਾਨਾ ਨੇ ਆਪੋ ਆਪਣੀਆਂ ਭੂਮਿਕਾਵਾਂ ਨੂੰ ਬਾਖੂਬੀ ਨਿਭਾਇਆ।

ਪ੍ਰਸਿੱਧ ਸੰਗੀਤਕਾਰ ਹਰਜੀਤ ਗੁੱਡੂ ਦੇ ਸੰਗੀਤ ਤੇ ਉਨ੍ਹਾਂ ਵੱਲੋਂ ਗਾਏ ਗੀਤਾਂ ਦੇ ਬੋਲਾਂ ਨੇ ਨਾਟਕ ਨੂੰ ਸਫਲ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ।ਸਮੁੱਚੇ ਨਾਟਕ ਦੇ ਪ੍ਰੋਡਕਸ਼ਨ ਇੰਚਾਰਜ ਗੋਪਾਲ ਸ਼ਰਮਾ ਸਨ।ਇਸ ਮੌਕੇ ਮੁੱਖ ਮਹਿਮਾਨ ਇਸ ਮੌਕੇ ਮੁੱਖ ਮਹਿਮਾਨ ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਤੇ ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਸਵਰਾਜ ਸਿੰਘ, ਵਿਸ਼ਵ ਚਿੰਤਕ ਤੇ ਸ਼੍ਰੋਮਣੀ ਦਾਰਸ਼ਨਿਕ ਅਵਾਰਡੀ ਦੇ ਨਾਲ ਜਤਿੰਦਰ ਪਾਲ ਸ਼ਰਮਾ ਡਿਪਟੀ ਡਿਸਟ੍ਰਿਕਟ ਅਟਾਰਨੀ ਪਟਿਆਲਾ ਸਨ।

# ਪੁਲਸ ਵੱਲੋਂ ਨਸ਼ਾ ਤਸਕਰ ਦੀ 1.27 ਕਰੋੜ ਦੀ ਜਾਇਦਾਦ ਅਟੈਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਸ਼ਾ ਤਸਕਰ ਜਸਦੇਵ ਸਿੰਘ ਜੱਸਾ ਦੀ ਜ਼ਮੀਨ, ਮਕਾਨ ਤੇ ਨਵੀਂ ਗੱਡੀ, ਜਿਨ੍ਹਾਂ ਦੀ ਕੁੱਲ ਕੀਮਤ 1.27 ਕਰੋੜ ਰੁਪਏ ਬਣਦੀ ਹੈ, ਨੂੰ ਅਟੈਚ ਕਰ ਲਿਆ ਗਿਆ। ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਜਸਦੇਵ ਸਿੰਘ ਜੱਸਾ ਦੇ ਘਰ ਪਹੁੰਚੀ, ਜਿੱਥੇ ਉਕਤ ਸਾਰੇ ਪ੍ਰਾਪਰਟੀ ਅਟੈਚ ਕਰਨ ਦਾ ਨੋਟਿਸ ਲਗਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਐੱਸ.ਐੱਸ.ਪੀ. ਖੰਨਾ ਦਰਪਣ ਆਹਲੂਵਾਲੀਆ ਦੇ ਨਿਰਦੇਸ਼ ਹਨ ਕਿ ਜਿਹੜੇ ਵੀ ਨਸ਼ਾ ਤਸਕਰਾਂ ਨੇ ਪੰਜਾਬ ਦੀ ਜਵਾਨੀ ਤਬਾਹ ਕਰਕੇ ਜਾਇਦਾਦਾਂ ਬਣਾਈਆਂ ਹਨ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਦੀਆਂ ਪ੍ਰਾਪਰਟੀਆਂ ਅਟੈਚ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜਸਦੇਵ ਸਿੰਘ ਜੱਸਾ ਵਾਸੀ ਮਾਛੀਵਾੜਾ ਉੱਪਰ ਨਸ਼ੇ ਦੇ 5 ਮਾਮਲੇ ਦਰਜ ਹਨ, ਜਿਸ ਦੀ ਪ੍ਰਾਪਰਟੀ ਅਟੈਚ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ, ਜਿਸ ਤਹਿਤ 11 ਮਰਲੇ 'ਚ ਬਣਿਆ ਉਸ ਦਾ ਆਲੀਸ਼ਾਨ ਮਕਾਨ, 8 ਕਨਾਲ ਜ਼ਮੀਨ ਤੇ 1 ਇੱਕ ਨਵੀਂ ਸਕਾਰਪਿਓ ਗੱਡੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮਾਛੀਵਾੜਾ ਪੁਲਸ ਦੀ ਇੱਕ ਵਧੀਆ ਕਾਰਗੁਜ਼ਾਰੀ ਹੈ, ਜਿਸ ਨੇ ਅਜਿਹੇ ਨਸ਼ਾ ਤਸਕਰਾਂ ਖਿਲਾਫ਼ ਇਹ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ। ਇਸ ਮੌਕੇ ਉਨ੍ਹਾਂ ਨਾਲ ਥਾਣਾ ਮੁਖੀ ਪਵਿੱਤਰ ਸਿੰਘ, ਫਾਈਨਾਂਸ ਅਫ਼ਸਰ ਗਗਨਦੀਪ ਸਿੰਘ, ਮੀਡੀਆ ਇੰਚਾਰਜ ਰਜਿਤ ਕੁਮਾਰ ਵੀ ਮੌਜੂਦ ਸਨ। ਜਾਣਕਾਰੀ ਅਨੁਸਾਰ ਨਸ਼ਾ ਤਸਕਰ ਜਸਦੇਵ ਸਿੰਘ ਜੱਸਾ ਖਿਲਾਫ਼ ਨਸ਼ਾ ਤਸਕਰੀ ਦੇ 5 ਮਾਮਲੇ ਦਰਜ ਕੀਤੇ ਹਨ, ਜਿਸ ਵਿੱਚ ਸੰਨ 2015 'ਚ 12 ਕਿੱਲੋ ਭੁੱਕੀ ਦਾ ਮਾਮਲਾ, ਸੰਨ 2017 'ਚ 250 ਗ੍ਰਾਮ ਅਫ਼ੀਮ ਤੇ 8 ਕਿਲੋ ਭੁੱਕੀ, ਸੰਨ 2025 'ਚ 5 ਗ੍ਰਾਮ ਹੈਰੋਇਨ ਤੋਂ ਇਲਾਵਾ 21.90 ਗ੍ਰਾਮ ਹੈਰੋਇਨ ਤੇ 4100 ਰੁਪਏ ਡਰੱਗ ਮਨੀ ਸ਼ਾਮਲ ਹੈ।

# ਨਸ਼ਾ ਮੁਕਤ ਸਮਾਜ ਲਈ ਪੁਲਸ ਤੇ ਨੌਜਵਾਨਾਂ ਦਾ ਇੱਕਜੁੱਟ ਹੋਣਾ ਜ਼ਰੂਰੀ : ਜਗਦਲੇ

### ਸਰਕਾਰੀ ਬ੍ਰਜਿੰਦਰਾ ਕਾਲਜ ਵਿਖੇ ਵਿਦਿਆਰਥੀਆਂ ਨਾਲ ਸਿੱਧਾ ਸੰਵਾਦ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਫਰੀਦਕੋਟ ਪੁਲਸ ਵੱਲੋਂ ਸਥਾਨਕ ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਓਪਨ ਥੀਏਟਰ ਵਿਖੇ ਇੱਕ ਵਿਸ਼ੇਸ਼ 'ਸੰਪਰਕ ਸਮਾਗਮ' ਕਰਵਾਇਆ ਗਿਆ।ਇਸ ਮੌਕੇ ਆਈ. ਜੀ. ਫਰੀਦਕੋਟ ਰੇਂਜ ਸ਼੍ਰੀਮਤੀ ਨਿਲਾਬਰੀ ਜਗਦਲੇ ਤੇ ਐੱਸ.ਐੱਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਵਿਚਾਰ ਸਾਂਝੇ ਕੀਤੇ ਤੇ ਉਨ੍ਹਾਂ ਨੂੰ ਨਸ਼ਾ ਮੁਕਤ ਭਵਿੱਖ ਸਿਰਜਣ ਲਈ ਆਪਣੀ ਜ਼ਿੰਮੇਵਾਰੀ ਪਛਾਨਣ ਦਾ ਸੱਦਾ ਦਿੱਤਾ।ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਈ.ਜੀ. ਨਿਲਾਬਰੀ ਜਗਦਲੇ ਨੇ ਕਿਹਾ ਕਿ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਿਰਫ਼ ਕਾਨੂੰਨੀ ਕਾਰਵਾਈ ਕਾਫੀ ਨਹੀਂ ਹੈ, ਸਗੋਂ ਇਸ ਲਈ ਸਮਾਜਿਕ ਜਾਗਰੂਕਤਾ ਤੇ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਲਾਜ਼ਮੀ ਹੈ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਜਾਰੀ 'ਸੇਫ ਪੰਜਾਬ ਐਂਟੀ-ਡਰੱਗ ਹੈਲਪਲਾਈਨ' (93946-93946) ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਨੌਜਵਾਨ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਬੁਰਾਈਆਂ ਵਿਰੁੱਧ ਵੀ ਸੰਵੇਦਨਸ਼ੀਲ ਬਣਨ।

ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਇੱਕ ਸਾਂਝੀ ਸਮਾਜਿਕ ਜ਼ਿੰਮੇਵਾਰੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ ਨਸ਼ਾ ਤਸਕਰੀ ਜਾਂ ਕਿਸੇ ਵੀ ਮਾੜੇ ਅਨਸਰ ਬਾਰੇ ਜਾਣਕਾਰੀ ਹੈ, ਤਾਂ ਉਹ ਬਿਨਾਂ ਕਿਸੇ ਡਰ ਦੇ ਪੁਲਸ ਨਾਲ ਸਾਂਝੀ ਕਰਨ।ਉਨ੍ਹਾਂ ਭਰੋਸਾ ਦਿੱਤਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਪੁਲਸ ਦੀ ਮੁੱਖ ਤਰਜੀਹ ਹੈ।ਸਮਾਗਮ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਦਰਸਾਉਂਦਾ ਇੱਕ ਪ੍ਰਭਾਵਸ਼ਾਲੀ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ ਨੇ ਵਿਦਿਆਰਥੀਆਂ ਨੂੰ ਭਾਵੁਕ ਵੀ ਕੀਤਾ ਤੇ ਸੋਚਣ ਲਈ ਮਜਬੂਰ ਵੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਗੁਲਸ਼ਨ ਕੁਮਾਰ ਨੇ ਪੁਲਸ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਧੰਨਵਾਦ ਪ੍ਰਗਟਾਇਆ।ਇਸ ਮੌਕੇ ਐੱਸ. ਪੀ. (ਸਥਾਨਕ) ਮਨਵਿੰਦਰ ਬੀਰ ਸਿੰਘ, ਡੀ.ਐੱਸ.ਪੀ. ਤਰਲੋਚਨ ਸਿੰਘ, ਐੱਸ.ਐੱਚ.ਓ. ਸਿਟੀ ਰਾਜਵੰਤ ਸਿੰਘ ਤੇ ਸਾਂਝ ਕੇਂਦਰ ਦਾ ਸਟਾਫ ਹਾਜ਼ਰ ਸੀ।

# ਆਈ ਟੀ ਆਈ ਇੰਸਟਰਕਟਰਜ਼ ਕੈਬਨਿਟ ਮੰਤਰੀਆਂ ਦੇ ਘਿਰਾਓ ਕਰਕੇ ਕਰਨਗੇ ਆਰ-ਪਾਰ ਦੀ ਲੜਾਈ : ਗੁਰਪ੍ਰੀਤ ਟਿੱਬਾ



**ਚੌਕੀਮਾਨ (ਇੰਜੀ ਬਲਬੀਰ ਸਿੰਘ ਮਾਨ)**-ਪੰਜਾਬ ਦੀਆਂ ਸਰਕਾਰੀ ਆਈ ਟੀ ਆਈ ਵਿੱਚ ਕੰਮ ਕਰਦੇ 700 ਕੱਚੇ ਇੰਸਟਰਕਟਰਾਂ ਨੇ ਮੁੱਖ ਮੰਤਰੀ ਦੀ ਕੋਠੀ ਤੇ ਬਾਕੀ ਕੈਬਨਿਟ ਮੰਤਰੀਆਂ ਦੀਆਂ ਕੋਠੀਆਂ ਦਾ ਘਿਰਾਓ ਕਰਨ ਲਈ ਰੋਡ ਮੈਪ ਤਿਆਰ ਕਰ ਲਿਆ ਹੈ।ਇਨ੍ਹਾਂ ਸ਼ਬਦਾਂ ਪ੍ਰਗਟਾਵਾ ਜਥੇਬੰਦੀ ਦੇ ਆਗੂ ਗੁਰਪ੍ਰੀਤ ਸਿੰਘ ਟਿੱਬਾ ਨੇ ਕੀਤਾ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਨੇ ਤਰਨਤਾਰਨ ਪੱਕੇ ਮੋਰਚੇ ਲਾਇਆ ਸੀ, ਫਿਰ ਸੁਨਾਮ ਧਰਨਾ ਦਿੱਤਾ ਤੇ ਹੁਣ ਤਕਨੀਕੀ ਸਿੱਖਿਆ ਵਿਭਾਗ ਸੈਕਟਰ 36 ਏ ਚੰਡੀਗੜ੍ਹ ਵਿਖੇ 22-12-2025 ਤੋਂ ਪੱਕਾ ਮੋਰਚਾ ਚੱਲ ਰਿਹਾ ਹੈ ਤੇ 37 ਦਿਨਾਂ ਤੋਂ ਭੁੱਖ ਹੜਤਾਲ ਚੱਲ ਰਹੀ ਹੈ। ਅਫ਼ਸੋਸ ਦੀ ਗੱਲ ਕਿ ਪੰਜਾਬ ਸਰਕਾਰ 3 ਵਾਰ ਗੱਲਬਾਤ ਤੋਂ ਭੱਜ ਗਈ ਹੈ, ਜਿਸ ਤੋਂ ਜਾਪਦਾ ਹੈ ਕਿ ਸਰਕਾਰ ਮੁਲਾਜ਼ਮਾਂ ਦੀ ਮੰਗਾਂ ਪ੍ਰਤੀ ਬਿਲਕੁਲ ਵੀ ਸੀਰੀਅਸ ਨਹੀਂ ਹੈ, ਜਿਸਦੇ ਰੋਸ ਵਜੋਂ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਜਥੇਬੰਦੀ ਦੀ ਸੂਬਾ ਕਮੇਟੀ ਨੇ ਫ਼ੈਸਲਾ ਕੀਤਾ ਕਿ ਉਹ ਹੁਣ ਪੰਜਾਬ ਸਰਕਾਰ ਵਿਰੁੱਧ ਖੁੱਲ੍ਹ ਕੇ ਲੜਾਈ ਲੜਨਗੇ।ਜਥੇਬੰਦੀ ਦੇ ਰੋਡ ਮੈਪ ਅਨੁਸਾਰ ਜੇਕਰ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ ਉਹ ਮਿਤੀ 16.03.2026 ਤੋਂ 19.03.2026 ਤੱਕ ਸੰਸਥਾਵਾਂ 'ਚ ਹਰ ਰੋਜ਼ ਗੇਟ ਰੈਲੀਆਂ ਕੀਤੀਆਂ ਜਾਣਗੀਆਂ। 20 ਮਾਰਚ ਨੂੰ ਸੰਸਥਾਵਾਂ ਦੇ ਗੇਟ ਅੱਗੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ।ਜੇਕਰ ਫਿਰ ਵੀ ਪੰਜਾਬ ਸਰਕਾਰ ਹੱਲ ਨਹੀਂ ਕਰਦੀ ਤਾਂ 23 ਮਾਰਚ ਤੋਂ 27 ਮਾਰਚ ਤੱਕ ਸੰਗਰੂਰ ਧਰਨੇ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਵਾਈਜ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਵਿੱਚ ਸੰਗਰੂਰ ਧਰਨੇ ਵਿੱਚ ਪੰਜਾਬ ਦੀਆਂ ਸਾਰੀਆਂ ਮੁਲਾਜ਼ਮ ਜਥੇਬੰਦੀਆਂ, ਸੰਯੁਕਤ ਕਿਸਾਨ ਮੋਰਚੇ ਦੀਆਂ 32 ਜਥੇਬੰਦੀਆਂ, ਸਟੂਡੈਂਟ ਯੂਨੀਅਨਾਂ ਤੇ ਪਰਵਾਰਾਂ ਸਮੇਤ ਵੱਡਾ ਇਕੱਠ ਕਰਨ ਲਈ ਲਾਮਬੰਦ ਕੀਤਾ ਜਾਵੇਗਾ। 28 ਮਾਰਚ ਨੂੰ ਸੰਗਰੂਰ ਵਿਖੇ ਪੱਕਾ ਮੋਰਚਾ ਸਿਰਫ਼ ਕਰਕੇ ਸੂਬਾ ਪੱਧਰੀ ਵੱਡਾ ਧਰਨਾ ਦੇ ਕੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। 26 ਅਪ੍ਰੈਲ ਨੂੰ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਦਿੜ੍ਹਬਾ ਵਿਖੇ ਕੀਤਾ ਜਾਵੇਗਾ। 30 ਮਈ ਨੂੰ ਪਾਰਟੀ ਪ੍ਰਧਾਨ ਅਮਨ ਅਰੋੜਾ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। 28 ਜੂਨ ਨੂੰ ਤਕਨੀਕੀ ਸਿੱਖਿਆ ਮੰਤਰੀ ਦੀ ਕੋਠੀ ਦਾ ਗੰਭੀਰਪੁਰ ਵਿਖੇ ਘਿਰਾਓ ਕੀਤਾ ਜਾਵੇਗਾ। 01 ਅਗਸਤ ਨੂੰ ਗੁਰਮੀਤ ਸਿੰਘ ਮੀਤ ਹੇਅਰ ਦੀ ਕੋਠੀ ਦਾ ਘਿਰਾਓ ਬਰਨਾਲਾ ਵਿਖੇ ਕੀਤਾ ਜਾਵੇਗਾ ਅਤੇ ਫੇਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਸੰਗਰੂਰ ਵਿਖੇ ਕੀਤਾ ਜਾਵੇਗਾ।

## 'ਮੇਰੀ ਰਸੋਈ' ਤਹਿਤ ਮੁਫਤ ਰਾਸ਼ਨ ਦੇਣ ਦਾ ਫ਼ੈਸਲਾ ਇਤਿਹਾਸਕ : ਬਲਜਿੰਦਰ ਢਿੱਲੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੇਰੀ ਰਸੋਈ ਯੋਜਨਾ ਤਹਿਤ 40 ਲੱਖ ਪਰਵਾਰਾਂ ਨੂੰ ਮੁਫਤ ਰਾਸ਼ਨ ਦੇਣ ਦਾ ਐਲਾਨ ਕੀਤਾ। ਗਰੀਬ ਤੇ ਜ਼ਰੂਰਤਮੰਦ ਪਰਵਾਰਾਂ ਲਈ ਰਾਸ਼ਨ ਪ੍ਰਣਾਲੀ ਨੂੰ ਹੋਰ ਮਜ਼ਬੂਤ ਤੇ ਪਾਰਦਰਸ਼ੀ ਬਣਾਉਣ ਲਈ ਅਹਿਮ ਫੈਸਲੇ ਦਾ ਸੁਆਗਤ ਕਰਦੇ ਹੋਏ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ ਕਿ ਹਰ ਜ਼ਰੂਰਤਮੰਦ ਪਰਵਾਰ ਤੱਕ ਸਮੇਂ ਸਿਰ ਤੇ ਪੂਰਾ ਰਾਸ਼ਨ ਪੁਚਾਇਆ ਜਾਵੇ। ਉਨ੍ਹਾਂ ਦੱਸਿਆ ਕਿ ਮੇਰੀ ਰਸੋਈ ਯੋਜਨਾ ਤਹਿਤ 40 ਲੱਖ ਪਰਵਾਰਾਂ ਨੂੰ ਫੂਡ ਕਿੱਟਾਂ ਪ੍ਰਦਾਨ ਕੀਤੀ ਜਾਵੇਗੀ।ਹਰੇਕ ਕਿੱਟ ਵਿੱਚ ਮਹੀਨਾਵਾਰ ਖਪਤ ਲਈ ਦੋ ਕਿਲੋ ਦਾਲ, ਦੋ ਕਿਲੋ ਖੰਡ, ਇੱਕ ਕਿਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਹੋਵੇਗਾ।ਇਹ ਫੂਡ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਯੋਗ ਲਾਭਪਾਤਰੀਆਂ ਨੂੰ ਪਹਿਲਾਂ ਵੰਡੀ ਜਾ ਰਹੀ ਕਣਕ ਤੋਂ ਵੱਖਰੇ ਤੌਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ ।ਢਿੱਲੋਂ ਨੇ ਅੱਗੇ ਕਿਹਾ ਕਿ ਮੇਰੀ ਰਸੋਈ ਯੋਜਨਾ ਨੂੰ ਜਾਰੀ ਰੱਖਦੇ ਹੋਏ ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ। ਸਰਕਾਰ ਯੋਗ ਪਰਵਾਰਾਂ ਦੀ ਨਵੀਂ ਪਛਾਣ ਕਰਕੇ ਉਨ੍ਹਾਂ ਨੂੰ ਵੀ ਸਕੀਮ ਨਾਲ ਜੋੜੇਗੀ, ਤਾਂ ਜੁ ਕੋਈ ਵੀ ਹੱਕਦਾਰ ਪਰਿਵਾਰ ਵਾਂਝਾ ਨਾ ਰਹੇ।ਢਿੱਲੋਂ ਨੇ ਕਿਹਾ ਕਿ ਇਹ ਕਦਮ ਪੰਜਾਬ ਵਿੱਚ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਸੰਬਧੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇਸ ਨਾਲ ਲੋਕਾਂ ਦਾ ਸਰਕਾਰ 'ਤੇ ਭਰੋਸਾ ਹੋਰ ਵੀ ਵਧੇਗਾ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ – ਤੀਸਰੀ/ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰ, ਆਖਰੀ ਮਿਤੀ ਆਖਰੀ ਮਿਤੀ **18.03.2026** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ** |
| 24.02.2026 | 04.03.2026 | 18.03.2026/ 15:00 ਵਜੇ |

| ਲੜੀ ਨੰਬਰ | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | |
|---|---|---|---|---|
| 1. | 236-2025-26 -ADEN-I-ASR | ਸਹਾਇਕ ਮੰਡਲ ਇੰਜੀਨੀਅਰ-ਪਹਿਲੀ/ਅੰਮ੍ਰਿਤਸਰ ਖੰਡ ਵਿਚ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਵਾਸ਼ਿੰਗ ਲਾਇਨ ਨੰਬਰ 4 ਅਤੇ ਸਿਕ ਲਾਈਨ/ਏਸੀ ਪਿਟ ਦੇ ਸੁਧਾਰ ਕੰਮ । | | |
| | | **ਵਿਗਿਆਪਨ ਮੂਲ (ਰੁ:)** | **ਬਿਆਨਾ ਰਾਸ਼ੀ** | **ਆਫਰ ਦੀ ਵੈਧਤਾ** / **ਪੂਰਾ ਕਰਨ ਦਾ ਸਮਾਂ** |
| | | 1,81,55,144.98/- | 2,40,800.00/- | 60 ਦਿਨ / 12 ਮਹੀਨੇ |

**ਸਮਾਨ ਪ੍ਰਕ੍ਰਿਤੀ ਦਾ ਕੰਮ :–** ਹੇਠਾ ਲਿਖੇ ਕੰਮਾਂ ਵਿਚ ਸ਼ਾਮਿਲ ਕੋਈ ਵੀ ਕੰਮ:- "1. ਸੀਸੀ ਏਪ੍ਰਨ / ਵਾਸ਼ੇਬਲ ਏਪ੍ਰਨ / ਬੈਲਾਸਟਲੇਸ ਟ੍ਰੈਕ (ਬੀਐਲਟੀ) ਦਾ ਨਿਰਮਾਣ ਅਤੇ/ਜਾਂ 2. ਸੀਸੀ ਏਪ੍ਰਨ /ਵਾਸ਼ੇਬਲ / ਬੈਲਾਸਟਲੇਸ ਟ੍ਰੈਕ (ਬੀਐਲਟੀ) ਦੀ ਮੁਰੰਮਤ/ਪੁਨਰਨਿਰਮਾਣ ਅਤੇ/ਜਾਂ 3. ਪੁਲਾਂ ਵਿਚ ਕੰਕਰੀਟ ਦਾ ਕੰਮ।"

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਨੰ: 236-2025-26-ADEN-I-ASR ਮਿਤੀ: 25.02.2026 640/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਿਟਾਈਜੇਸ਼ਨ ਅਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 11.11.2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਬੋਹੜ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਤਲਵੰਡੀ ਨਿਪਾਲਾ, ਫਿਰੋਜ਼ਪੁਰ ਪੰਜਾਬ-142044, 2. ਸ੍ਰੀਮਤੀ ਸੁਖਵਿੰਦਰ ਪਾਲ ਕੌਰ ਪਤਨੀ ਬੋਹੜ ਸਿੰਘ ਵਾਸੀ ਤਲਵੰਡੀ ਨਿਪਾਲਾਂ ਫਿਰੋਜ਼ਪੁਰ, ਮਖੂ, ਪੰਜਾਬ-142044, 3. ਪ੍ਰਤਾਪ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ, ਮਖੂ, ਪੰਜਾਬ-142044 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ ਜਸਵੰਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਤਲਵੰਡੀ ਨਿਪਾਲਾਂ, ਫਿਰੋਜ਼ਪੁਰ, ਪੰਜਾਬ-142044 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/013602004761 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 11,43,906.15/- ਉਕਤ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/013602004761 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 11,43,906.15/- ਮਿਤੀ 11.11.2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਕੁਲੈਟਰਲ ਸਕਿਉਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2023-24/119/1/509 ਮਿਤੀ 03-08-2023 ਰਾਹੀਂ ਸ੍ਰੀ ਬੋਹੜ ਸਿੰਘ ਪੁੱਤਰ ਪ੍ਰਤਾਪ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 14 ਮਰਲਾ, ਪਿੰਡ ਤਲਵੰਡੀ ਨਿਪਾਲਾਂ, ਤਹਿਸੀਲ ਜ਼ੀਰਾ। ਜ਼ਿਲ੍ਹਾ ਫਿਰੋਜ਼ਪੁਰ ਸਬ-ਰਜਿਸਟਰਾਰ ਮਖੂ (ਪੰਜਾਬ) ਦੇ ਦਫਤਰ 'ਚ ਦਰਜ ਨਾਲ ਸੰਬੰਧਤ ਸਭ ਕੁਝ।

ਮਿਤੀ : 25.02.2026 ਸਹੀ/-
ਸਥਾਨ : ਪਿੰਡ ਤਲਵੰਡੀ ਨਿਪਾਲਾਂ, ਤਹਿਸੀਲ ਜ਼ੀਰਾ (ਅਧਿਕਾਰਤ ਅਫਸਰ)



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜ੍ਹੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 31-03-2026 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਮੈਸਰਜ਼ ਐੱਸ ਵੀ ਟੈਕਸਟਾਇਲ, ਮਕਾਨ ਨੰ. 900-901, ਗਲੀ ਨੰ. 4, ਬਸਤੀ ਜੋਧੇਵਾਲ, ਲੁਧਿਆਣਾ ਰਾਹੀਂ ਇਸ ਦੇ ਮਾਲਕ ਸ੍ਰੀ ਪਾਰੁਲ ਸ਼ਰਮਾ ਪੁੱਤਰ ਸ੍ਰੀ ਸੰਦੀਪ ਸ਼ਰਮਾ ਵਾਸੀ ਮਕਾਨ ਨੰ. 1024, ਗਲੀ ਨੰ. 8, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ-141007 (ਸੀ ਸੀ 'ਚ ਕਰਜ਼ਦਾਰ)<br>ਸ੍ਰੀ ਪਾਰੁਲ ਸ਼ਰਮਾ ਪੁੱਤਰ ਸ੍ਰੀ ਸੰਦੀਪ ਸ਼ਰਮਾ ਵਾਸੀ ਮਕਾਨ ਨੰ. 1024, ਗਲੀ ਨੰ. 8, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ-141007<br>ਨਾਲ ਹੀ : ਮਕਾਨ ਨੰ. 898, ਗਲੀ ਨੰ. 04, ਨੇੜੇ ਪੈਟਰੋਲ ਪੰਪ, ਵਾਰਡ ਨੰ. 8, ਬਸਤੀ ਜੋਧੇਵਾਲ, ਲੁਧਿਆਣਾ।<br>ਨਾਲ ਹੀ : ਮਕਾਨ ਨੰ. 642, ਐੱਨ ਆਰ ਆਈ ਪੁਲਸ ਸਟੇਸ਼ਨ, ਸੈਕਟਰ, 39, ਫੋਕਲ ਪੁਆਇੰਟ, ਲੁਧਿਆਣਾ-141010 (ਐੱਲ ਏ ਪੀ 'ਚ ਕਰਜ਼ਦਾਰ)<br>ਸ੍ਰੀਮਤੀ ਵੀਨਾ ਸ਼ਰਮਾ ਪਤਨੀ ਸ੍ਰੀ ਸੰਦੀਪ ਸ਼ਰਮਾ ਵਾਸੀ ਮਕਾਨ ਨੰ. 898, ਗਲੀ ਨੰ. 4, ਵਾਰਡ ਨੰ. 8, ਜੋਧੇਵਾਲ ਬਸਤੀ, ਲੁਧਿਆਣਾ-141007<br>ਨਾਲ ਹੀ : ਮਕਾਨ ਨੰ. 1024, ਗਲੀ ਨੰ. 8, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ-141007 (ਐੱਲ ਏ ਪੀ 'ਚ ਕਰਜ਼ਦਾਰ)<br>ਸ੍ਰੀਮਤੀ ਸਜਨੀ ਸ਼ਰਮਾ ਪਤਨੀ ਸ੍ਰੀ ਯੋਗੇਸ਼ ਸ਼ਰਮਾ ਵਾਸੀ ਮਕਾਨ ਨੰ. 898, ਗਲੀ ਨੰ. 04, ਵਾਰਡ ਨੰ. 8, ਜੋਧੇਵਾਲ ਬਸਤੀ, ਲੁਧਿਆਣਾ।<br>ਨਾਲ ਹੀ : ਮਕਾਨ ਨੰ. 1024, ਗਲੀ ਨੰ. 8, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ-141007 (ਐੱਲ ਏ ਪੀ 'ਚ ਕਰਜ਼ਦਾਰ)<br>ਸ੍ਰੀ ਸੰਦੀਪ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਹਿੰਦਰ ਪਾਲ ਸ਼ਰਮਾ ਵਾਸੀ ਮਕਾਨ ਨੰ. 1024, ਗਲੀ ਨੰ. 08, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ।<br>ਅਤੇ ਨਾਲ ਹੀ : ਮਕਾਨ ਨੰ. 898, ਗਲੀ ਨੰ. 4, ਬਸਤੀ ਜੋਧੇਵਾਲ, ਲੁਧਿਆਣਾ।<br>ਸ੍ਰੀਮਤੀ ਸਜਨੀ ਸ਼ਰਮਾ ਪਤਨੀ ਸ੍ਰੀ ਯੋਗੇਸ਼ ਸ਼ਰਮਾ ਵਾਸੀ ਮਕਾਨ ਨੰ. 898, ਗਲੀ ਨੰ. 04, ਵਾਰਡ ਨੰ. 8, ਜੋਧੇਵਾਲ ਬਸਤੀ, ਲੁਧਿਆਣਾ। (ਸੀ ਸੀ 'ਚ ਗਰੰਟਰ)<br>ਸ੍ਰੀਮਤੀ ਵੀਨਾ ਸ਼ਰਮਾ ਪਤਨੀ ਸ੍ਰੀ ਸੰਦੀਪ ਸ਼ਰਮਾ ਵਾਸੀ ਮਕਾਨ ਨੰ. 898, ਗਲੀ ਨੰ. 04, ਵਾਰਡ ਨੰ. 8, ਜੋਧੇਵਾਲ ਬਸਤੀ, ਲੁਧਿਆਣਾ-141007 (ਸੀ ਸੀ 'ਚ ਗਰੰਟਰ)<br>ਸ੍ਰੀ ਸੰਦੀਪ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਹਿੰਦਰ ਪਾਲ ਸ਼ਰਮਾ ਵਾਸੀ ਮਕਾਨ ਨੰ. 1024, ਗਲੀ ਨੰ. 08, ਵਿਸ਼ਵਕਰਮਾ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ।<br>ਨਾਲ ਹੀ : ਮਕਾਨ ਨੰ. 898, ਗਲੀ ਨੰ. 04, ਨੇੜੇ ਪੈਟਰੋਲ ਪੰਪ, ਬਸਤੀ ਜੋਧੇਵਾਲ, ਲੁਧਿਆਣਾ। (ਐੱਲ ਏ ਪੀ 'ਚ ਗਰੰਟਰ) |
| ਬਕਾਇਆ ਰਾਸ਼ੀ<br>CC/150300000001<br>LAP/150602000023 | Rs. 56,09,621/-<br>Rs. 32,15,998/-<br>(ਅਤੇ ਮਿਤੀ 01-02-2026 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ ਰਕਬਾ 100 ਵਰਗ ਗਜ਼, ਪਿੰਡ ਬਸਤੀ ਜੋਧੇਵਾਲ ਵਿਖੇ ਸਥਿਤ, ਹੱਦਬਸਤ ਨੰ. 77, ਲੁਧਿਆਣਾ, ਸ੍ਰੀਮਤੀ ਸਜਨੀ ਸ਼ਰਮਾ ਪਤਨੀ ਸ੍ਰੀ ਯੋਗੇਸ਼ ਕੁਮਾਰ ਦੀ ਮਲਕੀਅਤ ਵਾਸੀ 898, ਗਲੀ ਨੰ. 04, ਬਸਤੀ ਜੋਧੇਵਾਲ, ਲੁਧਿਆਣਾ, ਟਾਈਟਲ ਡੀਡ ਨੰ. 1536 ਮਿਤੀ 12.07.2010 ਅਤੇ 100 ਵਰਗ ਗਜ਼, ਪਿੰਡ ਬਸਤੀ ਜੋਧੇਵਾਲ, ਹੱਦਬਸਤ ਨੰ. 77, ਲੁਧਿਆਣਾ, ਸ੍ਰੀਮਤੀ ਵੀਨਾ ਸ਼ਰਮਾ ਪਤਨੀ ਸ੍ਰੀ ਸੰਦੀਪ ਸ਼ਰਮਾ ਵਾਸੀ 898, ਗਲੀ ਨੰ. 4, ਬਸਤੀ ਜੋਧੇਵਾਲ, ਲੁਧਿਆਣਾ, ਟਾਈਟਲ ਡੀਡ ਨੰ. 1532 ਮਿਤੀ 12-07-2010 ਅਨੁਸਾਰ। |
| ਰਾਖਵੀਂ ਕੀਮਤ | ਰੁਪਏ 62 ਲੱਖ (ਰੁਪਏ ਬਾਹਠ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 31-03-2026 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ', 'ਉੱਥੇ ਜੋ ਵੀ ਹੈ' ਅਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 31-03-2026 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਸਮਰਾਲਾ ਚੌਕ, ਲੁਧਿਆਣਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 26-02-2026 (ਐੱਸ ਕੇ ਧਵਨ), ਅਧਿਕਾਰਤ ਅਫਸਰ



FORM NO. 14 [See Regulation 33(2)]
**OFFICE OF THE RECOVERY OFFICER - I/II**
**DEBTS RECOVERY TRIBUNAL CHANDIGARH (DRT 3)**
**Ground Floor, SCO 33-34-35, Sector 17-A, Chandigarh - 160017**
**DEMAND NOTICE**
**NOTICE UNDER SECTIONS 25 TO 28 OF THE RECOVERY OF DEBTS & BANKRUPTCY ACT, 1993 AND RULE 2 OF SECOND SCHEDULE TO THE INCOME TAX ACT, 1961.**
RC/18/2025 25-11-2025
**ASREC (INDIA) LTD. Versus M/S SHIVA TEX CONES AND ANOTHER.**

To, **(CD 1)** M/s Shiva Tex Cones Village Panjeta, Kohara Machiwara Road, Ludhiana Through Its Proprietor Smt. Rammy Sharma.
**(CD 2)** ) Smt. Rammy Sharma W/o Sh. Arun Kumar Sharma (Proprietor of M/s Shiva Tex Cones) R/o 1027 A, Basant Avenue, Dugri Phase-II, Ludhiana.
**(CD 3)** Sh. Arun Kumar Sharma S/o Sh. Manohar Lal Sharma R/o 1027 A, Basant Avenue, Dugri Phase-II, Ludhiana.

This is to notify that as per the Recovery Certificate issued in pursuance of orders passed by the Presiding Officer, DEBTS RECOVERY TRIBUNAL CHANDIGARH (DRT 3) in **OA/468/2017** an amount of **Rs. 3,87,44,299.00/- (Rupees Three Crore Eighty Seven Lakhs Forty Four Thousands Two Hundred Ninety Nine Only)** along with pendentellite and future interest @ 8.00 % Simple Interest Yearly w.e.f **08/08/2016** till realization and costs of **Rs. 150000/- (Rupees One Lakh Fifty Thousands Only)** has become due against you (Jointly and severally/ Fully / Limited).

2. You are hereby directed to pay the above sum within 15 days of the receipts of the notice, failing which the recovery shall be made in accordance with the Recovery of Debts Due to Banks and Financial Institutions Act, 1993 and Rules there under.
3. Whereas it has been shown to the satisfaction of the tribunal that it is not possible to serve you in the ordinary way therefore this notice is given by this publication directing you to put in appearances before this tribunal on **16.03.2026, at 10.30 AM**
4. You are hereby ordered to declare on an affidavit the particulars of yours assets on or before the next date of hearing.
5. In addition to the sum aforesaid, you will also be liable to pay:
**(a)** Such interests as is payable for the period commencing immediately after this notice of the certificate/execution proceedings.
**(b)** All costs, charges and expenses incurred in respect of the service of this notice and warrants and other processes and all other proceedings taken for recovering the amount due.
Given under my hand and the seal of the Tribunal, on this date: **25/11/2025**
**Recovery Officer, DEBTS RECOVERY TRIBUNAL CHANDIGARH (DRT 3)**



FORM NO. 14 [See Regulation 33(2)]
**OFFICE OF THE RECOVERY OFFICER - I/II**
**DEBTS RECOVERY TRIBUNAL CHANDIGARH (DRT 3)**
**Ground Floor, SCO 33-34-35, Sector 17-A, Chandigarh - 160017**
**DEMAND NOTICE**
**NOTICE UNDER SECTIONS 25 TO 28 OF THE RECOVERY OF DEBTS & BANKRUPTCY ACT, 1993 AND RULE 2 OF SECOND SCHEDULE TO THE INCOME TAX ACT, 1961.**
RC/20/2025 25-11-2025
**ASREC (INDIA) LTD. Versus MESSRS SHIVA IRON MANUFACTURING CO. PRIVATE LIMITED AND OTHERS**

To, **(CD 1)** M/s Shiva Iron Manufacturing Co. Private Limited, Village Panjeta, Kohara Machiwara Road, Ludhiana Through Its One of the Directors Shri Arun Kumar Sharma.
**(CD 2)** ) Sh. Arun Kumar Sharma S/o Sh. Manohar Lal Sharma (Director of M/s Shiva Iron Manufacturing Co. Pvt. Ltd.), R/o # 1027 A, Basant Avenue, Dugri PhaseII, Ludhiana.
**(CD 3)** Smt. Rammy Sharma W/o Sh. Arun Kumar Sharma (Director of M/s Shiva Iron Manufacturing Co. Pvt. Ltd.), R/o # 1027 A, Basant Avenue, Dugri Phase-II, Ludhiana.
**(CD 4)** M/s Shiva Tex Packagings (Through Its Proprietor Shri Arun Sharma) R/o Village Panjeta, Kohara Machiwara Road, Ludhiana.
**(CD 5)** Sh. Arun Kumar Sharma S/o Sh. Manohar Lal Sharma (Proprietor M/s Shiva Tex Packagings), R/o # 1027 A, Basant Avenue, Dugri Phase-II, Ludhiana.
**(CD 6)** M/s Shiva Tex Cones (Through Its Proprietor Smt. Rammy Sharma), R/o Village Panjeta, Kohara Machiwara Road, Ludhiana.
**(CD 7)** Smt. Rammy Sharma W/o Sh. Arun Kumar Sharma (Proprietor of M/s Shiva Tex Cones), R/o # 1027 A, Basant Avenue, Dugri Phase-II, Ludhiana.
**(CD 8)** M/s Shiva Cores (Through Its Partners Smt. Swaran Lata Sharma & Shri Arun Sharma), R/o Village Panjeta, Kohara Machiwara Road, Ludhiana.
**(CD 9)** Smt. Swaran Lata Sharma W/o Late Sh. Manohar Lal Sharma (Partner M/s Shiva Cores) R/o # 1027-A, Basant Avenue, Dugri Phase-II, Ludhiana.
**(CD 10)** Mr. Arun Sharma S/o Sh. Manohar Lal Sharma (Partner M/s Shiva Cores) R/o # 1027 A, Basant Avenue, Dugri Phase-II, Ludhiana.

This is to notify that as per the Recovery Certificate issued in pursuance of orders passed by the Presiding Officer, DEBTS RECOVERY TRIBUNAL CHANDIGARH (DRT 3) in **OA/700/2017** an amount of **Rs. 39,94,12,546/- (Rupees Thirty Nine Crores Ninety Four Lakhs Twelve Thousands Five Hundred Forty Six Only)** along with pendentellite and future interest @ 8.00 % Simple Interest Yearly w.e.f **25/07/2016** till realization and costs of **Rs. 150000/- (Rupees One Lakh Fifty Thousands Only)** has become due against you (Jointly and severally/ Fully/ Limited).

2. You are hereby directed to pay the above sum within 15 days of the receipts of the notice, failing which the recovery shall be made in accordance with the Recovery of Debts Due to Banks and Financial Institutions Act, 1993 and Rules there under.
3. Whereas it has been shown to the satisfaction of the tribunal that it is not possible to serve you in the ordinary way therefore this notice is given by this publication directing you to put in appearances before this tribunal on **16.03.2026, at 10.30 AM**
4. You are hereby ordered to declare on an affidavit the particulars of yours assets on or before the next date of hearing.
5. In addition to the sum aforesaid, you will also be liable to pay:
**(a)** Such interests as is payable for the period commencing immediately after this notice of the certificate/execution proceedings.
**(b)** All costs, charges and expenses incurred in respect of the service of this notice and warrants and other processes and all other proceedings taken for recovering the amount due.
Given under my hand and the seal of the Tribunal, on this date: **25/11/2025**
**Recovery Officer, DEBTS RECOVERY TRIBUNAL CHANDIGARH (DRT 3)**



**asrec (India) Limited** Regd. Office: 201/202A, Building No. 2, Solitaire Corporate Park, Andheri Ghatkopar Lind Road, Chakala, Andheri (E), Mumbai – 400093. **Branch Office**- 402, 4th floor, APRA Tower, SCO-130-131-132, Feroze Gandhi Market Ludhiana, Punjab -141001

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਤਹਿਤ ਤੀਹ ਦਿਨਾ ਈ-ਨਿਲਾਮੀ ਵਿਕਰੀ ਨੋਟਿਸ।**

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ, ਗਰੰਟਰ (ਗਰੰਟਰਾਂ) ਨੂੰ ਅਤੇ (ਰਹਿਣਕਾਰ) ਰਹਿਣਕਾਰਾਂ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਐਸਰੈੱਕ (ਇੰਡੀਆ) ਲਿਮਟਿਡ (ASREC (INDIA) LTD) 'ਕੰਪਨੀ' ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਸਕਿਉਰਡ ਕ੍ਰੈਡਿਟਰ ਵੱਲੋਂ ਕਬਜ਼ਾ ਹਾਸਲ ਕਰ ਲਿਆ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ', 'ਜਿਸ ਵੀ ਹਾਲਤ 'ਚ ਉੱਥੇ ਹੈ' ਅਤੇ 'ਨੋ ਰੀਕੋਰਸ' 'ਤੇ ਜੋਖਮ ਸ਼ਾਮਲ, ਜੇਕਰ ਕੋਈ ਹੈ, ਦੇ ਆਧਾਰ 'ਤੇ ਈ-ਨਿਲਾਮੀ ਰਾਹੀਂ ਨੂੰ ਕੀਤੀ ਜਾਵੇਗੀ।

**ਸਕਿਉਰਡ ਐਸਟਸ (ਅਚੱਲ ਜਾਇਦਾਦਾਂ ਦਾ ਵੇਰਵਾ)**

| | |
|---|---|
| ਕਰਜ਼ਦਾਰਾਂ/ ਗਰੰਟਰਾਂ/ ਰਹਿਣਕਾਰਾਂ ਦਾ ਨਾਂਅ ਅਤੇ ਪਤਾ | ਮੈਸਰਜ਼ ਸ੍ਰੀ ਕ੍ਰਿਸ਼ਨਾ ਇੰਡਸਟ੍ਰੀਜ਼ ਰਜਿਸਟਰਡ ਦਫ਼ਤਰ ਪਤਾ : ਪਿੰਡ ਭੱਟੀਆਂ, ਸਾਹਮਣੇ ਜਗਤ ਪ੍ਰਾਪਰਟੀ ਡੀਲਰ, ਜਲੰਧਰ ਬਾਈਪਾਸ, ਲੁਧਿਆਣਾ<br>ਭਾਈਵਾਲ/ਗਰੰਟਰ/ਰਹਿਣਕਾਰ :<br>1. ਸ੍ਰੀ ਪੰਕਜ ਧਮੀਜਾ ਪੁੱਤਰ ਵਿਜੇ ਧਮੀਜਾ, ਪਤਾ : ਮਕਾਨ ਨੰ. 294, ਗਲੀ ਨੰ. 2, ਪੁਰਾਣੀ ਦੁਸਹਿਰਾ ਗਰਾਊਂਡ, ਮੋਗਾ।<br>2. ਸ੍ਰੀ ਅਮਨ ਤਾਇਲ ਪੁੱਤਰ ਰਾਜਿੰਦਰ ਤਾਇਲ ਪਤਾ : ਏ) ਮਕਾਨ ਨੰ. 122, ਫਰੈਂਡਜ਼ ਕਾਲੋਨੀ, ਮੋਗਾ ਬੀ) 482 ਬਾਗ ਗਲੀ, ਮੋਗਾ।<br>3. ਸ੍ਰੀ ਗੁਰਇਕਬਾਲ ਸਿੰਘ ਪੁੱਤਰ ਅਜੈਬ ਸਿੰਘ ਪਤਾ : ਪਿੰਡ ਤੇ ਡਾਕ. ਰਾਮੂਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ।<br>4. ਸ੍ਰੀ ਪਲਵਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਪਤਾ : ਪਿੰਡ ਤੇ ਡਾਕ. ਬੱਧਨੀ ਕਲਾਂ, ਮੋਗਾ। |
| ਏ) ਡਿਮਾਂਡ ਨੋਟਿਸ [13(2)] ਦੀ ਮਿਤੀ<br>ਬੀ) ਕਬਜ਼ਾ ਨੋਟਿਸ [13(4)] ਦੀ ਮਿਤੀ<br>ਸੀ) ਡੀ ਆਰ ਟੀ ਚੰਡੀਗੜ੍ਹ ਵੱਲੋਂ ਜਾਰੀ ਆਰ ਸੀ ਮੁਤਾਬਕ ਦਾਅਵਾ ਰਕਮ<br>ਡੀ) 31.01.2026 ਨੂੰ ਟੀ ਓ ਐੱਸ | ਏ) 15.12.2011<br>ਬੀ) 04.04.2012<br>ਸੀ) ਮਿਤੀ 09.10.2012 ਨੂੰ ਰੁਪਏ 4,45,82,099.00/- (ਚਾਰ ਕਰੋੜ ਪੰਜਤਾਲੀ ਲੱਖ ਬਿਆਸੀ ਹਜ਼ਾਰ ਨੜਿੰਨਵੇਂ ਰੁਪਏ ਕੇਵਲ) ਜਮ੍ਹਾਂ ਵਸੂਲੀ ਦੀ ਮਿਤੀ ਤੱਕ ਵਿਆਜ ਅਤੇ ਲਾਗਤਾਂ, ਚਾਰਜਿਜ਼ ਅਤੇ ਖਰਚੇ।<br>ਡੀ) ਰੁਪਏ 18,50,38,340.00 (ਅਠਾਰਾਂ ਕਰੋੜ ਪੰਜਾਹ ਲੱਖ ਅਠੱਤੀ ਹਜ਼ਾਰ ਤਿੰਨ ਸੌ ਚਾਲੀ ਰੁਪਏ ਕੇਵਲ) |
| ਕਬਜ਼ੇ ਦੀ ਕਿਸਮ | ਖਾਲੀ ਪਲਾਟ/ਸੰਕੇਤਕ ਕਬਜ਼ਾ |
| ਸਕਿਉਰਡ ਐਸਟਸ ਦਾ ਵੇਰਵਾ | ਸ੍ਰੀ ਪਲਵਿੰਦਰ ਸਿੰਘ ਪੁੱਤਰ ਸ੍ਰੀ ਕੁਲਦੀਪ ਸਿੰਘ ਦੇ ਨਾਂਅ ਰਿਹਾਇਸ਼ੀ ਪਲਾਟ ਰਕਬਾ 5 ਕਨਾਲਾਂ 19 ਮਰਲੇ, ਪਿੰਡ ਰਣਸੀਂਹ ਖੁਰਦ ਵਿਖੇ ਸਥਿਤ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਬੈਨਾਮਾ ਨੰ. 1390 ਮਿਤੀ 28.10.2009 ਜਮ੍ਹਾਂਬੰਦੀ ਸਾਲ 2004-05 ਹੇਠਾਂ ਅਨੁਸਾਰ :-<br>(i) 4 ਕਨਾਲ 10 ਮਰਲਾ, 16 ਕਨਾਲ ਦਾ 90/320 ਹਿੱਸਾ, ਖਸਰਾ ਨੰ. 125//11(8-0), 20/1(1-7), 20/2(6-13) ਖੇਵਟ ਨੰ. 335, ਖਤੌਨੀ ਨੰ. 534<br>(ii) 15 ਮਰਲੇ, 8 ਕਨਾਲ ਦਾ 15/160 ਹਿੱਸਾ, ਖਸਰਾ ਨੰ. 125//21 (8-0), ਖਤੌਨੀ ਨੰ. 535<br>(iii) 14 ਮਰਲੇ, 8 ਕਨਾਲ ਦਾ 14/160 ਹਿੱਸਾ, ਖਸਰਾ ਨੰ. 126//15 (8-0), ਖਤੌਨੀ ਨੰ. 537 |
| ਰਾਖਵੀਂ ਕੀਮਤ : ਰੁਪਏ 36,00,000.00/- (ਛੱਤੀ ਲੱਖ ਰੁਪਏ ਕੇਵਲ) | |
| ਰਕਮ ਬਿਆਨਾ ਜਮ੍ਹਾਂ : ਰੁਪਏ 3,60,000.00/- (ਤਿੰਨ ਲੱਖ ਸੱਠ ਹਜ਼ਾਰ ਰੁਪਏ ਕੇਵਲ) | |
| ਘੱਟੋ-ਘੱਟ ਬੋਲੀ ਵਾਧਾ ਰਕਮ : ਰੁਪਏ 1,00,000.00/- (ਇੱਕ ਲੱਖ ਰੁਪਏ ਕੇਵਲ) | |
| ਏਸਰੈਕ (ਇੰਡੀਆ) ਲਿਮਟਿਡ ਵਜੋਂ ਜਾਣੇ ਜਾਂਦੇ ਸਕਿਉਰਡ ਐਸਟਸ ਦੇ ਸੰਬੰਧ 'ਚ ਦਾਅਵੇ/ਆਰਡਰਜ਼ | ਕਿਸੇ ਦਾਅਵੇ ਦੀ ਜਾਣਕਾਰੀ ਨਹੀਂ<br>ਜਾਇਦਾਦ ਅਣਪਛਾਤੀ ਅਤੇ ਮਾਰਕਾ ਰਹਿਤ |
| ਜਾਇਦਾਦ ਨਿਰੀਖਣ ਦੀ ਮਿਤੀ ਅਤੇ ਸਮਾਂ : **26.03.2026** (01.00 ਵਜੇ ਦੁਪਹਿਰ ਤੋਂ 2.00 ਵਜੇ ਦੁਪਹਿਰ) | |
| ਬੋਲੀ ਜਮ੍ਹਾਂ ਕਰਾਉਣ ਦੀ ਅੰਤਮ ਮਿਤੀ : **07.04.2026** (ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਦਫਤਰੀ ਸਮੇਂ ਮੁਤਾਬਕ) | |
| ਈ-ਨਿਲਾਮੀ ਦੀ ਮਿਤੀ ਤੇ ਸਮਾਂ : **08.04.2026** ਸਵੇਰੇ 11.00 ਵਜੇ ਤੋਂ ਸਵੇਰੇ 11.30 ਵਜੇ ਤੱਕ (ਦੀ ਕਿਰਿਆਸ਼ੀਲ ਉਲਟ ਬੋਲੀ ਦੇ ਸਮੇਂ ਤੋਂ ਹਰੇਕ 5 ਮਿੰਟਾਂ ਦਾ ਵਾਧਾ) | |

ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਕ੍ਰਿਪਾ ਕਰਕੇ ASREC (INDIA) LTD, ਵੈੱਬਸਾਈਟ www.asrecindia.co.in ਵੱਲੋਂ ਪ੍ਰਦਾਨ ਕੀਤੇ ਲਿੰਕ ਨੂੰ ਵੇਖੋ ਜੋ ਕਿ ਵੈੱਬਸਾਈਟ 'ਤੇ ਵੀ ਸੁਲੱਭ ਹੈ : **https://sarfaesi.auctiontiger.net of e-auction Service Provider E-Procurement Technologies Ltd., Auction Tiger, Ahmedabad.** ਪ੍ਰਸਤਾਵਿਤ ਬੋਲੀਦਾਤਾ ਕੋਲ ਜਾਇਜ਼ ਈ-ਮੇਲ ਪਤਾ ਹੋਵੇ। ਸੰਪਰਕ ਕਰੋ : ਮੈਸ. ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਸ੍ਰੀ ਰਾਮ ਪ੍ਰਸਾਦ, ਮੋਬਾਇਲ ਨੰ. 80000-23297, ਸਪੋਰਟ ਹੈਲਪ ਡੈਸਕ ਨੰ. ਹਨ : 92655-62818/92655-62819/92655-62821 ਕਿਸੇ ਵੀ ਪੁੱਛਗਿੱਛ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਰਾਜੀਵ ਘਈ ਸੰਪਰਕ ਨੰ. 7011926017, ਲੈਂਡਲਾਈਨ ਨੰ. 0161-4625488, ਈਮੇਲ ਆਈ ਡੀ - **asrec.ludhiana@asrecindia.co.in** ਨਾਲ ਕੰਮ-ਕਾਜ ਵਾਲੇ ਦਿਨ (ਸ਼ਨੀਵਾਰ ਤੋਂ ਇਲਾਵਾ) ਦਫਤਰ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।
ਇਹ ਵਿਕਰੀ ਨੋਟਿਸ ਸਰਫੇਸੀ ਲਈ ਇੰਟਰੈਸਟ (ਇਨਫੋਰਸਮੈਂਟ) ਰੂਲ 2002 ਦੇ ਰੂਲ 9(1) ਅਧੀਨ ਉਕਤ ਕਰਜ਼ਦਾਰਾਂ ਅਤੇ ਗਰੰਟਰਾਂ/ਰਹਿਣਕਾਰਾਂ ਅਤੇ 30 ਦਿਨਾਂ ਦਾ ਵਿਧਾਨਕ ਵਿਕਰੀ ਨੋਟਿਸ ਦੇ ਤੌਰ 'ਤੇ ਮੰਨਿਆ ਜਾਵੇ, ਜਿਸ ਦੇ ਤਹਿਤ ਉਨ੍ਹਾਂ ਨੂੰ ਉਕਤ ਦੱਸੀ ਮਿਤੀ ਅਤੇ ਸਮੇਂ ਨੂੰ ਨਿਲਾਮੀ/ਵਿਕਰੀ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ ਉਕਤ ਦੱਸੀ ਬਕਾਇਆ ਰਾਸ਼ੀ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਖਰਚੇ ਦਾ ਭੁਗਤਾਨ ਕਰਕੇ ਉਕਤ ਜਾਇਦਾਦ ਪ੍ਰਾਪਤ ਕਰ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਪ੍ਰਾਪਰਟੀ ਸਿਕਿਉਰਿਟੀ ਇੰਟਰੈੱਸਟ (ਐਨਫੋਰਸਮੈਂਟ) ਰੂਲ 2002 ਦੇ ਅਧੀਨ ਕਿਸੇ ਵੀ ਨਿਰਧਾਰਤ ਢੰਗ ਨਾਲ ਵੇਚਣਾ ਅਧਿਕਾਰਤ ਅਫਸਰ/ ਸਕਿਉਰਡ ਕ੍ਰੈਡਿਟਰ 'ਤੇ ਨਿਰਭਰ ਕਰੇਗਾ ਅਤੇ ਬਕਾਇਆ ਜੇਕਰ ਕੋਈ ਹੈ, ਵਿਆਜ, ਲਾਗਤਾਂ ਅਤੇ ਚਾਰਜਜ਼ ਸਮੇਤ ਵਸੂਲੀ ਕੀਤੀ ਜਾਵੇਗੀ।

ਸਹੀ/- ਅਧਿਕਾਰਤ ਅਫਸਰ
ਮਿਤੀ : 27.02.2026, ਸਥਾਨ : ਲੁਧਿਆਣਾ ਏਸਰੈਕ-ਪੀ ਐੱਸ 03/2017-18 ਟਰੱਸਟ ਦੀ ਹੈਸੀਅਤ ਵਜੋਂ

27 Feb Page 8.qxd 2/26/2026 11:05 PM Page 1



# ਸੈਦਪੁਰਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਸੱਤਵੀਂ ਬੱਸ ਰਵਾਨਾ




**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਲਕਾ ਡੇਰਾਬੱਸੀ ਦੇ ਪਿੰਡ ਸੈਦਪੁਰਾ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਵਿੱਤਰ ਨਗਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਸੰਗਤਾਂ ਦੀ ਸੱਤਵੀਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਵਿਧਾਇਕ ਰੰਧਾਵਾ ਨੇ ਸੰਗਤ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਵਧਾਈਆਂ ਅਤੇ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਉਦੇਸ਼ ਬਜ਼ੁਰਗਾਂ ਅਤੇ ਹੋਰ ਸ਼ਰਧਾਲੂਆਂ ਨੂੰ ਸਰਕਾਰੀ ਪੱਧਰ 'ਤੇ ਸੁਵਿਧਾਜਨਕ ਅਤੇ ਸੁਰੱਖਿਅਤ ਤਰੀਕੇ ਨਾਲ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ।ਵਿਧਾਇਕ ਨੇ ਸੰਗਤ ਦੀ ਸੁਖਮਈ ਅਤੇ ਸੁਰੱਖਿਅਤ ਯਾਤਰਾ ਲਈ ਅਰਦਾਸ ਵੀ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਧਾਰਮਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਸੰਭਾਲ ਲਈ ਵਚਨਬੱਧ ਹੈ। ਉਨ੍ਹਾਂ ਨੇ ਦੱਸਿਆ ਕਿ ਹਲਕਾ ਡੇਰਾਬੱਸੀ ਤੋਂ ਲਗਾਤਾਰ ਯਾਤਰੀਆਂ ਨੂੰ ਇਸ ਯੋਜਨਾ ਤਹਿਤ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਸੰਗਤ ਦੇ ਆਉਣ ਜਾਣ, ਰਹਿਣ ਸਹਿਣ ਅਤੇ ਖਾਣ-ਪੀਣ ਦੇ ਪ੍ਰਬੰਧ ਸਰਕਾਰ ਵੱਲੋਂ ਕੀਤੇ ਜਾਣਗੇ।ਇਹ ਯਾਤਰੀ ਆਪਣੀ ਤਿੰਨ ਦਿਨਾਂ ਯਾਤਰਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕ ਤੀਰਥ ਸਥਲ ਦੇ ਦਰਸ਼ਨ ਕਰਨ ਤੋਂ ਇਲਾਵਾ ਇਤਿਹਾਸਕ ਧਰੋਹਰ ਜਲ੍ਹਿਆਂਵਾਲਾ ਬਾਗ਼ ਅਤੇ ਵਾਹਗਾ ਬਾਰਡਰ ਵਿਖੇ ਰੀਟ੍ਰੀਟ ਸੈਰੇਮਨੀ ਵੀ ਦੇਖਣਗੇ। ਇਸ ਮੌਕੇ ਸਥਾਨਕ ਆਗੂ, ਪੰਚਾਇਤੀ ਪ੍ਰਤਿਨਿਧੀ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸਨ।

# ਕਾਂਗਰਸ ਲੋਕ ਵਿਰੋਧੀ ਨੀਤੀਆਂ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ : ਸਿੱਧੂ

**ਮੋਹਾਲੀ, (ਗੁਰਜੀਤ ਬਿੱਲਾ)**- ਹਲਕਾ ਮੋਹਾਲੀ ਦੇ ਇੰਡਸਟਰੀਅਲ ਏਰੀਆ ਫੇਜ਼-1 ਸਥਿਤ ਦਫ਼ਤਰ ਵਿੱਚ ਸਾਬਕਾ ਸਿਹਤ ਮੰਤਰੀ ਪੰਜਾਬ ਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਵੱਲੋਂ 28 ਫ਼ਰਵਰੀ ਨੂੰ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਬਰਨਾਲਾ ਵਿਖੇ ਹੋਣ ਵਾਲੀ 'ਮਨਰੇਗਾ ਬਚਾਓ ਸੰਘਰਸ਼ ਮਹਾਂ ਰੈਲੀ' ਦੇ ਸੰਬੰਧ ਵਿੱਚ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਖਾਸ ਤੌਰ 'ਤੇ ਪੰਜਾਬ ਕਾਂਗਰਸ ਕਮੇਟੀ ਵੱਲੋਂ ਜ਼ਿਲ੍ਹਾ ਮੋਹਾਲੀ ਦੇ ਲਗਾਏ ਗਏ



ਇੰਚਾਰਜ ਮਨਜੀਤ ਸਿੰਘ ਝੱਲਬੂਟੀ, ਮੋਹਾਲੀ ਜ਼ਿਲ੍ਹਾ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ, ਕੋਆਰਡੀਨੇਟਰ ਰਾਜੇਸ਼ ਗੁਪਤਾ, ਮੋਹਾਲੀ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਦੀ ਆਮਦ ਨਾਲ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਮੀਟਿੰਗ ਵਿੱਚ ਮੋਹਾਲੀ ਨਗਰ ਨਿਗਮ ਦੇ ਮੌਜੂਦਾ ਅਤੇ ਸਾਬਕਾ ਕੌਂਸਲਰਾਂ, ਸਰਪੰਚਾਂ, ਪੰਚਾਂ, ਰੈਜ਼ੀਡੈਂਟਸ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਤੇ ਕਾਂਗਰਸ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਬਰਨਾਲਾ ਵਿਖੇ ਹੋਣ ਵਾਲੀ 'ਮਨਰੇਗਾ ਬਚਾਓ ਸੰਘਰਸ਼ ਮਹਾਂ ਰੈਲੀ' ਵਿੱਚ ਮੋਹਾਲੀ ਤੋਂ ਰਿਕਾਰਡ ਤੋੜ ਇਕੱਠ ਪਹੁੰਚੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਗਰੀਬ, ਮਜ਼ਦੂਰ ਅਤੇ ਕਿਸਾਨ ਵਰਗ ਦੀ ਹਿਮਾਇਤ ਲਈ ਡਟ ਕੇ ਖੜ੍ਹੀ ਰਹੀ ਹੈ ਅਤੇ ਇਸ ਰੈਲੀ ਰਾਹੀਂ ਲੋਕਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਮਿਲੇਗੀ।

# ਭਲਕੇ ਬਰਨਾਲਾ ਵਿਖੇ ਕੇਂਦਰ ਦੀਆਂ ਮਾਰੂ ਨੀਤੀਆਂ ਖਿਲਾਫ਼ ਹੋਵੇਗੀ ਇਤਿਹਾਸਕ ਰੈਲੀ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)** ਬਰਨਾਲਾ ਵਿਖੇ 28 ਫਰਵਰੀ ਨੂੰ ਹੋਣ ਵਾਲੀ ਕਾਂਗਰਸ ਪਾਰਟੀ ਦੀ ਰੈਲੀ ਸਬੰਧੀ ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਵੀਰਵਾਰ ਨੂੰ ਇਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਰੈਲੀ ਨੂੰ ਕਾਮਯਾਬ ਬਣਾਉਣ ਲਈ ਵਰਕਰਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਜਾਣਕਾਰੀ ਦਿੰਦਿਆਂ ਅਜੇ ਮੰਗੂਪੁਰ ਨੇ ਦੱਸਿਆ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 28 ਫਰਵਰੀ ਨੂੰ ਬਰਨਾਲਾ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਰੈਲੀ ਵਿੱਚ ਸ਼ਮੂਲੀਅਤ ਕਰਕੇ ਪਾਰਟੀ ਦੀ ਇਕਜੁੱਟਤਾ ਦਰਸਾਉਣਗੇ। ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਨੇ ਕਿਹਾ, ਇਹ ਰੈਲੀ ਸਿਰਫ ਸਿਆਸੀ ਇਕੱਠ ਨਹੀਂ, ਸਗੋਂ ਲੋਕਾਂ ਦੇ ਅਧਿਕਾਰਾਂ ਦੀ ਅਵਾਜ਼ ਹੈ। ਰਾਹੁਲ ਗਾਂਧੀ ਦੀ ਹਾਜ਼ਰੀ ਇਸ ਨੂੰ ਇਤਿਹਾਸਕ ਬਣਾਏਗੀ। ਅਜੇ ਮੰਗੂਪੁਰ ਨੇ ਮਨਰੇਗਾ ਬਾਰੇ ਬੋਲਦਿਆਂ ਕਿਹਾ ਕਿ ਇਹ ਯੋਜਨਾ ਗ੍ਰਾਮੀਣ ਪਰਵਾਰਾਂ ਨੂੰ ਸਾਲ ਵਿੱਚ 100 ਦਿਨਾਂ ਦਾ ਰੋਜ਼ਗਾਰ ਯਕੀਨੀ ਬਣਾਉਣ ਲਈ ਬਣਾਈ ਗਈ ਸੀ, ਜੋ ਗਰੀਬ ਅਤੇ ਮਜ਼ਦੂਰ ਵਰਗ ਲਈ ਜੀਵਨ ਰੇਖਾ ਸਾਬਤ ਹੋਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਵੱਲੋਂ ਬਜਟ ਵਿੱਚ ਕਟੌਤੀਆਂ,



ਭੁਗਤਾਨਾਂ ਵਿੱਚ ਦੇਰੀ ਅਤੇ ਨਵੇਂ ਨਿਯਮਾਂ ਰਾਹੀਂ ਮਨਰੇਗਾ ਦੀ ਪ੍ਰਭਾਵਸ਼ੀਲਤਾ ਘਟਾਈ ਜਾ ਰਹੀ ਹੈ, ਜਿਸ ਨਾਲ ਪਿੰਡਾਂ ਦੇ ਮਜ਼ਦੂਰ ਵਰਗ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਰੈਲੀ ਦੌਰਾਨ ਮਨਰੇਗਾ ਦੀ ਮਜ਼ਬੂਤੀ, ਸਮੇਂ-ਸਿਰ ਭੁਗਤਾਨ ਅਤੇ ਪਿੰਡਾਂ ਵਿੱਚ ਰੋਜ਼ਗਾਰ ਦੇ ਵਾਧੇ ਦੀ ਮੰਗ ਉਠਾਈ ਜਾਵੇਗੀ। ਇਸ ਦੇ ਨਾਲ ਜਿਹੜੇ ਕੇਂਦਰ ਸਰਕਾਰ ਨੇ ਕਿਸਾਨੀ ਨੂੰ ਖਤਮ ਕਰਨ ਲਈ ਅਮਰੀਕਾ ਨਾਲ ਸਮਝੌਤੇ ਕੀਤੇ ਹਨ, ਉਸ ਨਾਲ ਕਿਸਾਨੀ ਸੰਕਟ ਵਿੱਚ ਆਵੇਗੀ ਅਤੇ ਬੇਰੁਜ਼ਗਾਰੀ ਅਤੇ ਮਹਿੰਗਾਈ ਵਧੇਗੀ। ਮੀਟਿੰਗ ਦੇ ਅੰਤ ਵਿੱਚ ਸਭ ਆਗੂਆਂ ਅਤੇ ਵਰਕਰਾਂ ਨੇ ਇਕਜੁਟ ਹੋ ਕੇ ਰੈਲੀ ਨੂੰ ਸਫਲ ਬਣਾਉਣ ਦਾ ਸੰਕਲਪ ਲਿਆ।ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਅੰਗਦ ਸੈਣੀ ਸਾਬਕਾ ਵਿਧਾਇਰ ਨਵਾਂਸ਼ਹਿਰ, ਬਲਵਿੰਦਰ ਭੂੰਬਲਾ ਮੀਤ ਪ੍ਰਧਾਨ ਡੀ.ਸੀ.ਸੀ., ਮੀਨਾ ਸੂੰਢ ਪਤਨੀ ਸਵ. ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਰਾਜ ਕੁਮਾਰ ਜ਼ਿਲ੍ਹਾ ਪਧਾਨ ਸੇਵਾ ਦਲ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਬੀ ਸੀ ਸੈੱਲ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਰੋਹਿਤ ਚੋਪੜਾ ਬਲਾਕ ਪ੍ਰਧਾਨ ਨਵਾਂਸ਼ਹਿਰ-1, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਰਾਜਿੰਦਰ ਸ਼ਰਮਾ ਮੀਤ ਪ੍ਰਧਾਨ ਡੀਸੀਸੀ, ਮਨਦੀਪ ਸਿੰਘ ਥਾਂਦੀ ਜ਼ਿਲ੍ਹਾ ਇੰਚਾਰਜ ਸੋਸ਼ਲ ਮੀਡੀਆ, ਸਤਵਿੰਦਰ ਰੱਕੜ ਪ੍ਰਧਾਨ ਸੇਵਾ ਦਲ ਬਲਾਚੌਰ, ਬਲਵੀਰ ਚੌਧਰੀ ਬਲਾਕ ਸੰਮਤੀ, ਸਰਦਾਰਾ ਸਿੰਘ ਸਕੱਤਰ ਡੀਸੀਸੀ, ਅਜੀਤ ਸਿੰਘ ਜਨਰਲ ਸਕੱਤਰ ਡੀਸੀਸੀ, ਹਰਭਜਨ ਸਿੰਘ ਜਨਰਲ ਸਕੱਤਰ, ਹਰਪਾਲ ਸਿੰਘ ਸਕੱਤਰ ਡੀਸੀਸੀ ਆਦਿ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਹਾਜ਼ਰ ਸਨ।

# ਪ ਸ ਸ ਫ ਨੇ ਕੌਮੀ ਮੰਗ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1406-22ਬੀ ਚੰਡੀਗੜ੍ਹ ਵੱਲੋਂ ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ ਸੱਦੇ 'ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅੰਦਰ ਕੌਮੀ ਮੰਗ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਅਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਵਾਈਸ ਪ੍ਰਧਾਨ ਤੀਰਥ ਸਿੰਘ ਬਾਸੀ ਨੇ ਕੌਮੀ ਮੰਗ ਦਿਵਸ ਮਨਾਉਣ ਸਮੇਂ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਭੇਜੇ ਗਏ ਮੰਗ ਪੱਤਰ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਵੱਖ ਵੱਖ ਸਕੀਮਾਂ ਅਧੀਨ ਵੱਖ ਵੱਖ ਵਿਭਾਗਾਂ ਵਿੱਚ ਸਮੂਹ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਸਮੂਹ ਵਿਭਾਗਾਂ ਵਿੱਚ ਖਾਲੀ ਪੋਸਟਾਂ ਨੂੰ ਪੂਰੇ ਪੂਰੇ ਗ੍ਰੇਡਾਂ 'ਤੇ ਤੁਰੰਤ ਭਰਨ ਲਈ, ਫਾਈਨਾਂਸ ਬਿੱਲ 2025 ਵਿੱਚ ਪੈਨਸ਼ਨ ਅਧਿਨਿਯਮ ਨੂੰ ਰੱਦ ਕਰਨ, ਪੀ ਐੱਫ ਆਰ ਡੀ ਏ ਬਿੱਲ ਰੱਦ ਕਰਨ, ਐੱਨ ਪੀ ਐੱਸ/ਯੂ ਪੀ ਐੱਸ ਨੂੰ ਤੁਰੰਤ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਚਾਰ ਕਿਰਤ ਕੋਡਾਂ ਨੂੰ ਰੱਦ ਕਰਨ, ਅੱਠਵਾਂ ਪੇ ਕਮਿਸ਼ਨ ਨੂੰ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ 'ਤੇ ਇੱਕ ਸਾਰ ਲਾਗੂ ਕਰਨ, ਵੱਖ ਵੱਖ ਰਾਜਾਂ ਵਿੱਚ ਡੀ ਏ/ਡੀ ਆਰ ਦੀ ਕਿਸ਼ਤਾਂ ਦਾ ਬਕਾਇਆ ਤੁਰੰਤ ਦੇਣ, ਸੰਵਿਧਾਨ ਦੀ ਧਾਰਾ 310,311(2) (ਏ ਬੀ ਸੀ) ਨੂੰ ਰੱਦ ਕਰਨ, ਨਵੀਂ ਸਿੱਖਿਆ ਨੀਤੀ 2020 ਅਤੇ ਟੈੱਟ ਪਾਸ ਕਰਨ ਦੀ ਜਬਰੀ ਠੋਸੀ ਸ਼ਰਤ ਨੂੰ ਰੱਦ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੈਸ਼ਲੈਸ ਹੈਲਥ ਸਕੀਮ ਲਾਗੂ ਕਰਨ,



ਸੰਵਿਧਾਨ ਅਨੁਸਾਰ ਧਰਮ ਨਿਰਪੱਖਤਾ ਬਣਾ ਕੇ ਰੱਖਣ ਅਤੇ ਫਿਰਕਾਪ੍ਰਸਤੀ ਦੇ ਵਿਰੁੱਧ ਸੰਘਰਸ਼ ਕਰਨੇ ਆਦਿ ਮੰਗਾਂ ਦੇ ਮੰਗ ਪੱਤਰ ਡਿਪਟੀ ਕਮਿਸ਼ਨਰਾਂ ਅਤੇ ਐਸ ਡੀ ਐਮ ਰਾਹੀਂ ਮੁੱਖ ਸਕੱਤਰ ਨੂੰ ਭੇਜੇ ਗਏ। ਇਸ ਸਮੇਂ ਪੁਸ਼ਪਿੰਦਰ ਕੁਮਾਰ ਵਿਰਦੀ, ਨਿਰਮੋਲਕ ਸਿੰਘ ਹੀਰਾ, ਓਮ ਪ੍ਰਕਾਸ਼, ਬਲਬੀਰ ਸਿੰਘ, ਕੁਲਦੀਪ ਸਿੰਘ ਕੌੜਾ, ਰਤਨ ਸਿੰਘ, ਬਲਵਿੰਦਰ ਕੁਮਾਰ, ਮਨੋਹਰ ਲਾਲ, ਹਰੀ ਰਾਮ, ਮੋਹਨ ਸਿੰਘ ਭੱਟੀ, ਜੋਗਿੰਦਰ ਸਿੰਘ ਅਤੇ ਸੁਰਵਿੰਦਰ ਕੁਮਾਰ ਹਾਜ਼ਰ ਸਨ।

# ਫਿਲੀ ਪਾਈਨ ਦੇ ਗੁਰੂ ਘਰ 'ਚ ਸੰਤ ਸੀਚੇਵਾਲ ਦਾ ਸਨਮਾਨ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- ਰਾਜ ਸਭਾ ਮੈਂਬਰ ਅਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਫਿਲੀਪਾਈਨ ਦੀ ਧਾਰਮਿਕ ਫੇਰੀ ਦੌਰਾਨ ਉਰਦਾਨੇਤਾ ਵਿੱਚ ਸਥਿਤ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਹਾਜ਼ਰੀ ਭਰਕੇ ਸੰਗਤਾਂ ਨਾਲ ਮੁਲਾਕਾਤ ਕੀਤੀ। ਸਮਾਗਮ ਦੌਰਾਨ ਸੰਗਤਾਂ ਵੱਲੋਂ ਸੰਤ ਸੀਚੇਵਾਲ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਨਿਭਾਈਆਂ ਗਈਆਂ ਮਨੁੱਖਤਾ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਗਈ। ਮਨਜਿੰਦਰ ਸਿੰਘ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਦੇ ਸਮੇਂ ਸੰਤ ਸੀਚੇਵਾਲ ਨੇ ਹਮੇਸ਼ਾ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਕੇ ਰਾਹਤ ਕਾਰਜਾਂ ਦੀ ਅਗਵਾਈ ਕੀਤੀ ਤੇ ਹਜ਼ਾਰਾਂ ਪਰਵਾਰਾਂ ਤੱਕ ਸਹਾਇਤਾ ਪਹੁੰਚਾਈ, ਜੋ ਸੇਵਾ ਭਾਵਨਾ ਦੀ ਉੱਚੀ ਮਿਸਾਲ ਹੈ। ਇਸ ਤੋਂ ਇਲਾਵਾ, ਰਾਜ ਸਭਾ ਵਿੱਚ ਮਾਂ ਬੋਲੀ ਪੰਜਾਬੀ ਨੂੰ ਬਨਦਾ ਮਾਣ ਦਿਵਾਉਣ ਤੇ ਸੰਸਦੀ ਕਾਰਵਾਈ ਦੌਰਾਨ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਲਈ ਸੰਤ ਸੀਚੇਵਾਲ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਵੀ ਵਿਸ਼ੇਸ਼ ਸਰਾਹਨਾ ਕੀਤੀ ਗਈ। ਬਲਬੀਰ ਸਿੰਘ ਨੇ ਕਿਹਾ ਕਿ ਸੰਤ ਸੀਚੇਵਾਲ ਵੱਲੋਂ ਪਾਰਲੀਮੈਂਟ ਵਿੱਚ ਪਹਿਲਾਂ ਮੁੱਦਾ ਹੀ ਮਾਂ ਬੋਲੀ ਪੰਜਾਬੀ ਦਾ ਉਠਾਉਣਾ ਬਹੁਤ ਵੱਡਾ ਕਦਮ ਸੀ। ਜਿਹਨਾਂ ਦੀ ਪਹਿਲਕਦਮੀ ਸਦਕਾ ਸੰਸਦ ਦੇ ਦੋਵਾਂ ਸਦਨਾਂ ਵਿੱਚ ਪੰਜਾਬੀ ਸਮੇਤ ਹੋਰ ਖੇਤਰੀ ਭਾਸ਼ਾਵਾਂ ਨੂੰ ਮਾਨਤਾ ਮਿਲੀ। ਸਮਾਗਮ ਦੇ ਅੰਤ ਵਿੱਚ ਗੁਰਦੁਆਰਾ



ਪ੍ਰਬੰਧਕ ਕਮੇਟੀ ਵੱਲੋਂ ਸੰਤ ਸੀਚੇਵਾਲ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਸਮਾਗਮ ਵਿੱਚ ਹੈਡਗ੍ਰੰਥੀ ਬਲਜੀਤ ਸਿੰਘ, ਸੇਵਾਦਾਰ ਅੰਗਰੇਜ਼ ਸਿੰਘ, ਗੁਰਦੀਪ ਸਿੰਘ, ਹਰਜਿੰਦਰ ਸਿੰਘ, ਰਮਨਦੀਪ ਸਿੰਘ ਸਮੇਤ ਸਥਾਨਕ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਰਹੀਆਂ।

# ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਲਹਿਰ ਸੰਬੰਧੀ ਇਕੱਤਰਤਾ

**ਸੁਲਤਾਨਪੁਰ ਲੋਧੀ (ਹਨੀ)**- ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੇਖਰੇਖ ਹੇਠ ਤੇ ਪੰਥ ਦੀਆਂ ਸਮੂਹ ਜਥੇਬੰਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਦੇ ਸਹਿਯੋਗ ਨਾਲ ਭਾਈ ਤਾਰਾ ਸਿੰਘ ਵਾਂ ਅਤੇ ਸਮੂਹ ਸ਼ਹੀਦਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਲਕਾ ਸੁਲਤਾਨਪੁਰ ਲੋਧੀ ਫਗਵਾੜਾ 'ਚ ਗੁਰਮਤਿ ਸਮਾਗਮ ਕਰਨ ਤੇ ਅੰਮ੍ਰਿਤ ਸੰਚਾਰ ਲਹਿਰ ਸਬੰਧੀ ਵਿਸ਼ੇਸ਼ ਮੀਟਿੰਗ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਦੇਖ ਰੇਖ ਹੇਠ ਕੀਤੀ ਗਈ, ਜਿਸ ਵਿੱਚ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਮੁੱਖ ਪ੍ਰਚਾਰਕ ਨਿਗਰਾਨ ਜ਼ਿਲ੍ਹਾ ਕਪੂਰਥਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਹਰ ਸ਼ਤਾਬਦੀ ਸਮਾਗਮ 'ਚ ਪ੍ਰਚਾਰਕ, ਢਾਡੀ ਕਵੀਸ਼ਰ ਸਾਹਿਬਾਨ ਬਹੁਤ ਤਨਦੇਹੀ ਨਾਲ ਸੇਵਾਵਾਂ ਨਿਭਾਉਂਦੇ ਹਨ ਤੇ ਇਸ ਮੌਕੇ ਦੋ ਪੰਥ ਵਲੋਂ ਭਾਈ ਤਾਰਾ ਸਿੰਘ ਵਾਂ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ ਉਸ ਵਿੱਚ ਵਿੱਚ ਪ੍ਰਚਾਰਕ ਸਾਹਿਬਾਨ ਤੇ ਜਥੇ ਪਿੰਡ ਪਿੰਡ ਜਾ ਕੇ ਸੰਗਤਾਂ ਨੂੰ ਜਾਣਕਾਰੀ ਦੇ ਰਹੇ ਹਨ। ਇਸ ਮੌਕੇ ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਪ੍ਰਚਾਰਕ ਨਿਗਰਾਨ ਜ਼ਿਲ੍ਹਾ ਕਪੂਰਥਲਾ ਨੇ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਦੇ ਸਾਰੇ ਹਲਕਿਆਂ ਵਿੱਚ ਪ੍ਰਚਾਰਕ, ਢਾਡੀ



ਕਵੀਸ਼ਰ ਸਾਹਿਬਾਨ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ ਵੱਖ ਹਲਕਿਆਂ ਚ ਮੈਂਬਰ ਸਾਹਿਬਾਨ ਦੀ ਦੇਖ ਰੇਖ ਹੇਠ ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਸਮਾਗਮ ਉਲੀਕੇ ਗਏ ਹਨ। ਇਸ ਮੌਕੇ ਬੀਬੀ ਗੁਰਪ੍ਰੀਤ ਕੌਰ, ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ, ਭਾਈ ਦਵਿੰਦਰ ਸਿੰਘ ਪ੍ਰਚਾਰਕ , ਧਾਰਮਿਕ ਅਧਿਆਪਕ ਬੀਬੀ ਰੁਪਿੰਦਰਜੀਤ ਕੌਰ ਆਦਿ ਸ਼ਾਮਿਲ ਹੋਏ।

# ਡੀ ਆਈ ਜੀ ਨਵੀਨ ਸਿੰਗਲਾ ਵੱਲੋਂ ਪੰਜਾਬ ਪ੍ਰੈੱਸ ਕਲੱਬ ਦਾ ਦੌਰਾ




**ਜਲੰਧਰ (ਸ਼ੈਲੀ ਐਲਬਰਟ, ਲਖਵਿੰਦਰ ਸਿੰਘ ਆਧੀ)**- ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਪੁਲਸ ਨਵੀਨ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਪੰਜਾਬ ਪ੍ਰੈੱਸ ਕਲੱਬ ਜਲੰਧਰ ਦਾ ਦੌਰਾ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਦੀ ਅਗਵਾਈ ਹੇਠ ਸੀਨੀਅਰ ਉਪ ਪ੍ਰਧਾਨ ਰਾਜੇਸ਼ ਥਾਪਾ, ਉਪ ਪ੍ਰਧਾਨ ਬੀਬੀ ਤੇਜਿੰਦਰ ਕੌਰ ਥਿੰਦ ਤੇ ਪਰਮਜੀਤ ਸਿੰਘ ਰੰਗਪੁਰੀ, ਸਕੱਤਰ ਰਾਜੇਸ਼ ਯੋਗੀ, ਜਾਇੰਟ ਸਕੱਤਰ ਸੁਕਰਾਂਤ ਸਫਰੀ, ਖਜ਼ਾਨਚੀ ਸ਼ਿਵ ਸ਼ਰਮਾ ਅਤੇ ਜਨਰਲ ਮੈਨੇਜਰ ਜਤਿੰਦਰ ਪਾਲ ਸਿੰਘ ਵੱਲੋਂ ਡੀ.ਆਈ.ਜੀ. ਨਵੀਨ ਸਿੰਗਲਾ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਡੀ.ਆਈ.ਜੀ. ਨਵੀਨ ਸਿੰਗਲਾ ਨੇ ਪ੍ਰੈੱਸ ਕਲੱਬ ਦੇ ਮੈਂਬਰਾਂ ਨਾਲ ਖੁੱਲ੍ਹੀ ਗੱਲਬਾਤ ਦੌਰਾਨ ਦੋਆਬਾ ਖੇਤਰ ਦੀ ਸੁਰੱਖਿਆ ਵਿਵਸਥਾ, ਅਪਰਾਧ ਨਿਯੰਤਰਣ ਅਤੇ ਟ੍ਰੈਫਿਕ ਸੰਬੰਧੀ ਸਮੱਸਿਆਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਮੀਡੀਆ ਦੋਵੇਂ ਸਮਾਜ ਦੇ ਅਹਿਮ ਸਤੰਭ ਹਨ ਅਤੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਦੋਹਾਂ ਵਿਚਕਾਰ ਸਹਿਯੋਗ ਬਹੁਤ ਜ਼ਰੂਰੀ ਹੈ। ਸ੍ਰੀ ਸਿੰਗਲਾ ਨੇ ਅਪਰਾਧਾਂ ਦੀ ਜਾਂਚ ਅਤੇ ਉਨ੍ਹਾਂ ਦੀ ਪੜਤਾਲ ਦੌਰਾਨ ਆਪਣੇ ਲੰਬੇ ਤਜਰਬੇ ਸਾਂਝੇ ਕਰਦੇ ਹੋਏ ਦੱਸਿਆ ਕਿ ਤਕਨੀਕੀ ਸਾਧਨਾਂ, ਗੁਪਤ ਸੂਚਨਾਵਾਂ ਅਤੇ ਟੀਮ ਵਰਕ ਨਾਲ ਜਟਿਲ ਤੋਂ ਜਟਿਲ ਕੇਸ ਵੀ ਸੁਲਝਾਏ ਜਾ ਸਕਦੇ ਹਨ। ਸਮਾਗਮ ਬਹੁਤ ਸੁਹਾਵਣੇ ਮਾਹੌਲ ਵਿੱਚ ਹੋਇਆ।

# ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਨੂੰ ਸ਼ਰਧਾਂਜਲੀਆਂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਠੱਕਰਵਾਲ ਦੇ ਡੇਰਾ ਸੰਤਪੁਰੀ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਮੁੱਖ ਸੇਵਾਦਾਰ ਤੇ ਵਾਇਸ ਚੇਅਰਮੈਨ ਨਿਰਮਲਾ ਸੰਤ ਮੰਡਲ ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਬੀਤੀ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਦੇ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਨ੍ਹਾਂ ਦੱਸਿਆ ਕਿ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਦੇ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਏ ਗਏ। ਉਪਰੰਤ ਭਾਈ ਜਗਤ ਸਿੰਘ ਠੱਕਰਵਾਲ, ਭਾਈ ਕਰਮ ਸਿੰਘ ਜਲੰਧਰ, ਭਾਈ ਜਸਵਿੰਦਰ ਸਿੰਘ ਠੱਕਰਵਾਲ, ਭਾਈ ਅਵਤਾਰ ਸਿੰਘ ਧਾਰੋਵਾਲ, ਭਾਈ ਬਲਜੀਤ ਸਿੰਘ ਸਿੱਦਕੀ ਹੁਸ਼ਿਆਰਪੁਰ, ਭਾਈ ਗੁਰਬਖ਼ਸ਼ ਸਿੰਘ ਮਨੀਲਾ, ਭਾਈ ਗੁਰਮੁੱਖ ਸਿੰਘ ਫਗਵਾੜਾ ਆਦਿ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਸੰਤ ਬਾਬਾ ਅਜੀਤ ਸਿੰਘ ਇੰਗਲੈਂਡ, ਸੰਤ ਬਾਬਾ ਜਸਵੰਤ ਸਿੰਘ ਖੇੜਾ, ਸੰਤ ਬਾਬਾ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਬਾਬਾ ਜੋਗਿੰਦਰ ਸਿੰਘ ਅਟਾਰੀ, ਸੰਤ ਬਾਬਾ ਜਗਤਾਰ ਸਿੰਘ ਕੋਟ ਫਤੂਹੀ, ਸੰਤ ਬਾਬਾ ਗੁਰਵਿੰਦਰ ਸਿੰਘ ਹਜ਼ਾਰਾ, ਸੰਤ ਬਾਬਾ ਸਤਨਾਮ ਸਿੰਘ ਮਜਾਰੀ, ਸੰਤ ਬਾਬਾ ਸਤਨਾਮ ਸਿੰਘ ਪੰਡੋਰੀ ਲੱਧਾ



ਸਿੰਘ, ਸੰਤ ਬਾਬਾ ਮੇਜਰ ਦਾਸ ਹੱਲੂਵਾਲ, ਸੰਤ ਬਾਬਾ ਜਸਵਿੰਦਰ ਸਿੰਘ ਜੰਡਿਆਲਾ, ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਬਾਹੋਵਾਲ, ਸੰਤ ਬਾਬਾ ਮੱਖਣ ਸਿੰਘ ਬਾਹੋਵਾਲ, ਸੰਤ ਬਾਬਾ ਸੰਤੋਖ ਸਿੰਘ ਭੀਖੋਵਾਲ ਪ੍ਰਧਾਨ ਨਿਰਮਲਾ ਮੰਡਲ ਸੰਤ ਮੰਡਲ ਪੰਜਾਬ, ਸੰਤ ਬਾਬਾ ਸਤਨਾਮ ਸਿੰਘ ਅਜਨੋਹਾ, ਸੰਤ ਬਾਬਾ ਜਰਨੈਲ ਸਿੰਘ ਨੌਰਾ, ਸੰਤ ਬਾਬਾ ਜਗਤ ਨੰਦ ਹੁਸ਼ਿਆਰਪੁਰ, ਸੰਤ ਬਾਬਾ ਜਨਕ ਸਿੰਘ ਜੱਬੜ, ਸੰਤ ਬਾਬਾ ਸਰਵਣ ਸਿੰਘ ਜੱਬੜ, ਸੰਤ ਬਾਬਾ ਬਲਬੀਰ ਸਿੰਘ ਅਵਾਲਪੁਰ, ਸੁਆਮੀ ਅੰਬੀਕਾ ਭਾਰਤੀ ਲੁਧਿਆਣਾ, ਸੁਆਮੀ ਵਿਸ਼ਵ ਭਾਰਤੀ ਲੁਧਿਆਣਾ, ਸੰਤ ਬਾਬਾ ਗੁਰਚਰਨ ਸਿੰਘ ਬੱਡੋਂ, ਜਥੇਦਾਰ ਦਲਜੀਤ ਸਿੰਘ ਸੋਢੀ ਮਾਹਿਲਪੁਰ, ਸੰਤ ਬਾਬਾ ਗੁਰਚਨ ਸਿੰਘ ਪੰਡਵਾ, ਮਲਕੀਅਤ ਸਿੰਘ ਖਾਨਪੁਰ ਥਿਆੜਾ, ਸੰਤ ਬਾਬਾ ਜਸਵਿੰਦਰ ਸਿੰਘ ਡਾਂਡੀਆਂ, ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ, ਜਥੇਦਾਰ ਬਾਬਾ ਸਮਿੱਤਰ ਸਿੰਘ, ਸੰਤ ਬਾਬਾ ਮੱਖਣ ਸਿੰਘ ਦਰੀਆ, ਸੰਤ ਬਾਬਾ ਹਰਭਜਨ ਸਿੰਘ ਪੰਡੋਰੀ ਬੀਬੀ, ਸੰਤ ਰਤਨ ਸਿੰਘ, ਸੰਤ ਬਾਬਾ ਸੰਤੋਖ ਸਿੰਘ ਪਾਲਦੀ, ਸੰਤ ਬਾਬਾ ਤੇਜਾ ਸਿੰਘ ਖੁੱਡਾ, ਸੰਤ ਬਾਬਾ ਜਸਪਾਲ ਸਿੰਘ ਪੰਜੋੜਾ ਆਦਿ ਨੇ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸੰਤ ਸਮਾਜ ਵੱਲੋਂ ਬਾਬਾ ਸਰਬਜੀਤ ਸਿੰਘ ਅਤੇ ਬਾਬਾ ਗੁਰਪ੍ਰੀਤ ਸਿੰਘ ਦੇ ਦਸਤਾਰ ਬੰਦੀ ਕੀਤੀ ਗਈ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਨਿਰਮਲਾ ਸੰਤ ਮੰਡਲ ਪੰਜਾਬ ਦੇ ਪ੍ਰਧਾਨ ਸੰਤੋਖ ਸਿੰਘ ਭੀਖੋਵਾਲ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਰਧਾਂਜਲੀ ਸਮਾਗਮ ਮੌਕੇ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ, ਹਰਮਿੰਦਰ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਚੱਬੇਵਾਲ, ਅਵਤਾਰ ਸਿੰਘ ਭੁੰਗਰਨੀ ਅਕਾਲੀ ਆਗੂ, ਬੀਬੀ ਬਲਵੀਰ ਕੌਰ, ਸਰਬਜੀਤ ਸਿੰਘ, ਸਤਵੀਰ ਕੌਰ, ਹਰਜੀਤ ਕੌਰ, ਅੰਮ੍ਰਿਤ ਪਾਲ ਕੌਰ, ਦਰਸ਼ਨ ਸਿੰਘ ਰਾਜਾ, ਮਾਸਟਰ ਜਸਵਿੰਦਰ ਸਿੰਘ, ਸਰਪੰਚ ਜਸਵਿੰਦਰ ਸਿੰਘ ਲੰਬੜਦਾਰ ਠੱਕਰਵਾਲ, ਸਰਪੰਚ ਰਣਜਿੰਦਰ ਸਿੰਘ ਮੌਜੋਮਜਾਰਾ, ਬੀਬੀ ਸੰਤੋਸ਼ ਕੌਰ ਤੋਂ ਇਲਾਵਾ ਮਾਝਾ, ਮਾਲਵਾ ਅਤੇ ਦੋਆਬਾ ਦੀਆਂ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਡਾਇਰੈਕਟਰ ਡਾ. ਮਾਨਵ ਸੈਨੀ ਸਨਮਾਨਤ

**ਦਸੂਹਾ (ਕਰਨੈਲ ਮਾਂਗਟ)**- ਸਿੱਖਿਆ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਲਈ ਕੇ.ਐਮ.ਐਸ. ਕਾਲਜ ਆਫ਼ ਆਈ.ਟੀ. ਐਂਡ ਮੈਨੇਜਮੈਂਟ ਦਸੂਹਾ ਦੇ ਡਾਇਰੈਕਟਰ ਡਾ. ਮਾਨਵ ਸੈਣੀ ਨੂੰ ਪੰਜਾਬ ਅਨਏਡਿਡ ਕਾਲੇਜਿਜ਼ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਆਰਿਅਨ ਗਰੁੱਪ ਆਫ਼ ਕਾਲਜ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਤੇ ਆਸਟਰੇਲੀਆ ਤੋਂ ਐਮੀਰਾਈਟਸ ਪ੍ਰੋਫ਼ੈਸਰ ਮਾਈਕਲ ਕਲੀਮੈਂਟ ਵੱਲੋਂ ਚੰਡੀਗੜ੍ਹ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ। ਇਹ ਸਮਾਗਮ ਪੀ ਐੱਚ ਡੀ ਚੈਂਬਰ ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ 'ਏ.ਆਈ. ਦਾ ਵਿਕਸਿਤ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਯੋਗਦਾਨ' ਵਿਸ਼ੇ ਤੇ ਪ੍ਰੋਫ਼ੈਸਰ ਡਾ.ਮਨਪ੍ਰੀਤ ਸਿੰਘ ਮੰਨਾ, ਡਾ. ਮਨੀਸ਼ ਮਲਹੋਤਰਾ ਅਤੇ ਆਸਟਰੇਲੀਆ ਤੋਂ ਆਏ ਰਸਲ ਮਰਜ਼ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਵਿੱਚ ਰਾਜ ਸਭਾ ਮੈਂਬਰ ਸਰਦਾਰ ਸਤਨਾਮ ਸਿੰਘ ਸੰਧੂ, ਚੀਫ਼ ਗੈਸਟ ਵਜੋਂ ਸ਼ਾਮਿਲ ਹੋਏ।



## ਖੂਨ-ਦਾਨ ਕਰਕੇ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੇ ਮਦਰ ਮੈਰੀ ਨਰਸਿੰਗ ਕਾਲਜ ਦੀ ਵਿਦਿਆਰਥਣ ਮਿਸ ਖੁਸ਼ੀ ਨੇ ਆਪਣੇ ਜਨਮ ਦਿਨ ਮੌਕੇ ਨੂੰ ਮਾਨਵਤਾ ਦੀ ਸੇਵਾ ਕਰਨ ਨੂੰ ਸਮਰਪਿਤ ਪਹਿਲੀ ਵਾਰ ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ ਵਿਖੇ ਖੂਨ ਦਾਨ ਕਰਕੇ ਨੌਜਵਾਨਾਂ ਲਈ ਇੱਕ ਪ੍ਰੇਰਨਾ ਸਰੋਤ ਬਣੀ। ਜੰਮੂ ਨਿਵਾਸੀ ਮਿਸ ਖੁਸ਼ੀ ਦੀ ਮਾਤਾ ਵੀਨਾ ਦੇਵੀ ਤੇ ਪਿਤਾ ਸ਼੍ਰੀ ਰਮੇਸ਼ ਕੁਮਾਰ ਵੱਲੋਂ ਆਪਣੀ ਹੋਣਹਾਰ ਬੇਟੀ ਤੇ ਮਾਣ ਮਹਿਸੂਸ ਕੀਤਾ ਅਤੇ ਮੁਬਾਰਕਾਂ ਵੀ ਦਿੱਤੀਆਂ ਅਤੇ ਇਸ ਮਹਾਨ ਸੇਵਾ ਕਾਰਜ ਲਈ ਵਧਾਈਆਂ ਦਿੱਤੀਆਂ ਅਤੇ ਮਾਣ ਮਹਿਸੂਸ ਕੀਤਾ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਖੂਨ ਦਾਨੀ ਮਿਸ ਖੁਸ਼ੀ ਨੂੰ ਜਿਥੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਇਸ ਮਹਾਨ ਸੇਵਾ ਲਈ ਸਨਮਾਨਤ ਕੀਤਾ ਸਨਮਾਨਿਤ ਕੀਤਾ । ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਮਿਸ ਖੁਸ਼ੀ ਵਾਂਗ ਹੋਰਨਾਂ ਨੌਜਵਾਨਾਂ ਨੂੰ ਵੀ ਵਿਦਿਆ ਪ੍ਰਾਪਤੀ ਦੇ ਨਾਲ ਨਾਲ ਸਮਾਜ ਸੇਵੀ ਕਾਰਜਾਂ ਵਿੱਚ ਵੀ ਹਿੱਸਾ ਲੈਣਾ ਚਾਹੀਦਾ ਹੈ। ਵਿਸ਼ੇਸ਼ ਤੌਰ ਤੇ ਮਾਨਵਤਾ ਦੀ ਸੇਵਾ ਹਿੱਤ ਖੂਨ ਦਾਨ, ਨੇਤਰ ਦਾਨ ਅਤੇ ਹੋਰ ਅੰਗਾਂ ਨੂੰ ਦਾਨ ਕਰਨ ਸਬੰਧੀ ਪਾਏ ਜਾਂਦੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਤੇ ਉੱਘੀ ਸਮਾਜ ਸੇਵੀ ਲਖਵਿੰਦਰ ਕੌਰ ਡਿੰਪੀ, ਦਿਲਬਾਗ ਸਿੰਘ ਅਤੇ ਕਾਲਜ ਦੀ ਵਿਦਿਆਰਥਣ ਮਿਸ ਗੁਰਲੀਨ ਕੌਰ ਮਾਹਿਲਪੁਰ ਵੀ ਹਾਜ਼ਰ ਸਨ।ਭਾਈ ਘਨੱਈਆ ਜੀ ਚੈਰੀਟੇਬਲ ਬਲੱਡ ਬੈਂਕ ਵੱਲੋਂ ਖੂਨ ਦਾਨੀ ਮਿਸ ਖੁਸ਼ੀ ਨੂੰ ਜਨਮ ਦਿਨ ਸਬੰਧੀ ਵਿਸ਼ੇਸ਼ ਤੋਹਫ਼ਾ ਦੇ ਕੇ ਸਨਮਾਨਤ ਕੀਤਾ ਗਿਆ ।




# ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਦੇਸ਼ ਦੇ ਕਿਸਾਨਾਂ ਨਾਲ ਧੋਖਾ : ਰੌੜੀ, ਰੱਕੜ, ਟੋਰੋਵਾਲ

**ਪੋਜੇਵਾਲ/ਬਲਾਚੌਰ (ਰਾਮ ਲਾਲ/ਜਸਵਿੰਦਰ ਬੈਂਸ)** ਅਮਰੀਕਾ ਭਾਰਤ ਮੁਕਤ ਵਪਾਰ ਸਮਝੌਤਾ ਦੇਸ਼ ਦੀ ਖੇਤੀ ਤੇ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹੈ। ਇਹ ਵਪਾਰ



ਸਮਝੌਤਾ ਦੇਸ਼ ਦੀ ਖੇਤੀ ਤੇ ਕਿਸਾਨੀ ਨੂੰ ਬਰਬਾਦ ਕਰ ਦੇਵੇਗਾ। ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਮਝੌਤਾ ਕਰਨ ਲੱਗਿਆਂ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਸਮਝੌਤਾ ਅਮਰੀਕਾ ਦੀਆਂ ਸ਼ਰਤਾਂ ਅਧੀਨ ਕੀਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਦੇਸ਼ ਦੇ ਕਿਸਾਨਾਂ ਅਤੇ ਨਾਗਰਿਕਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਹੈ,ਜਦ ਕਿ ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਦੇਸ਼ ਦੇ ਕਰੋੜਾਂ ਲੋਕਾਂ ਦੇ ਹਿਤਾਂ ਨੂੰ ਤਿਲਾਂਜਲੀ ਦੇ ਕੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਖੁਸ਼ ਕਰਨ ਦਾ ਯਤਨ ਕੀਤਾ ਹੈ। ਇਹ ਸਮਝੌਤਾ ਦੇਸ਼ ਦੇ ਕਰੋੜਾਂ ਲੋਕਾਂ ਦੇ ਹਿਤਾਂ ਨੂੰ ਨੁਕਸਾਨ ਕਰੇਗਾ। ਇਸ ਸਮਝੌਤੇ ਨਾਲ ਦੇਸ਼ ਦੇ ਪੂੰਜੀਪਤੀਆਂ ਨੂੰ ਲਾਭ ਹੋਵੇਗਾ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੀਪੀਆਈ ਐਮ ਦੇ ਸੀਨੀਅਰ ਆਗੂ ਸਾਥੀ ਮਹਾਂ ਸਿੰਘ ਰੌੜੀ, ਪ੍ਰੇਮ ਰੱਕੜ ਸਰਪੰਚ ਅਤੇ ਅੱਛਰ ਸਿੰਘ ਟੋਰੋਵਾਲ ਨੇ ਉਪਰੋਕਤ ਵਪਾਰ ਸਮਝੌਤੇ ਦੀ ਨਿੰਦਾ ਕੀਤੀ ਅਤੇ ਸਮਝੌਤਾ ਰੱਦ ਕਰਨ ਦੀ ਮੰਗ ਕੀਤੀ। ਕਮਿਊਨਿਸਟ ਆਗੂਆਂ ਨੇ ਬੀਜ ਬਿਲ 2025 ਅਤੇ ਬਿਜਲੀ ਬਿੱਲ 2025 ਦੀ ਵੀ ਨਿਖੇਧੀ ਕਰਦੇ ਹੋਏ ਪਾਰਲੀਮੈਂਟ ਵਿੱਚੋਂ ਵਾਪਸ ਲੈਣ ਦੀ ਮੰਗ ਕੀਤੀ ਹੈ।ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਵੋਟਾਂ ਵਟੋਰਨ ਲਈ ਰਸੋਈ ਸਕੀਮ ਦੀ ਨਿਖੇਧੀ ਕਰਦੇ ਹੋਏ ਇਸ ਨੂੰ ਸੁਪਰੀਮ ਕੋਰਟ ਦੇ ਤਾਜ਼ਾ ਰੂਲਿੰਗ ਦੀ ਉਲੰਘਣਾ ਦੱਸਿਆ।

# ਸਰਕਾਰ ਸਰਬ ਸਿੱਖਿਆ ਅਭਿਆਨ ਤਹਿਤ ਦਫਤਰੀ ਕਰਮਚਾਰੀਆਂ ਨੂੰ ਰੈਗੂਲਰ ਕਰੇ : ਬੱਲੀ

**ਜਲੰਧਰ/ਮਹਿਤਪੁਰ ( ਰਾਜੇਸ਼ ਥਾਪਾ, ਰਾਜਾ)**- ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਿਕ) ਪੰਜਾਬ ਦੀ ਮੀਟਿੰਗ ਵਰਚੁਅਲ ਮਾਧਿਅਮ ਰਾਹੀਂ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਬਾਰੇ ਦੱਸਦਿਆਂ ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ ਅਤੇ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਜੋ ਪ੍ਰੀਖਿਆਵਾਂ ਹੋ ਰਹੀਆਂ ਹਨ, ਇਹਨਾਂ ਪ੍ਰੀਖਿਆਵਾਂ ਵਿੱਚ ਅਬਜ਼ਰਵਰਾਂ ਦੀਆਂ ਡਿਊਟੀਆਂ ਘਰ ਤੋਂ ਲਗਭਗ 60 ਕਿਲੋਮੀਟਰ ਦੂਰ ਲਗਾਈਆਂ ਗਈਆਂ ਹਨ ਜਿਸ ਦੀ ਜਥੇਬੰਦੀ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੀ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਤੋਂ ਮੰਗ ਕੀਤੀ ਕਿ ਅਬਜ਼ਰਵਰਾਂ ਦੀਆਂ ਡਿਊਟੀਆਂ ਜਿਥੇ ਕਰਮਚਾਰੀ ਪੜ੍ਹਾ ਰਿਹਾ ਹੈ, ਉਸ ਸਥਾਨ ਤੋਂ 20 ਕਿਲੋਮੀਟਰ ਦੇ ਘੇਰੇ ਅੰਦਰ- ਅੰਦਰ ਲਗਾਈਆਂ ਜਾਣ ਜੋ ਕਿ ਕਰਮਚਾਰੀਆਂ ਨੂੰ ਖੱਜਲ ਖ਼ੁਆਰੀ ਦਾ ਸਾਹਮਣਾ ਨਾ ਕਰਨਾ ਪਵੇ । ਸੂਬਾ ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਜੰਬਰ, ਜਤਿੰਦਰ ਸਿੰਘ ਸੋਨੀ ਕਿਹਾ ਕਿ ਪੰਜਾਬ ਸਰਕਾਰ ਨੇ ਦਫ਼ਤਰਾਂ ਵਿੱਚ ਸਰਵ ਸਿੱਖਿਆ ਅਭਿਆਨ ਦੇ ਤਹਿਤ ਕੰਮ ਕਰ ਰਹੇ ਦਫਤਰੀ ਕਰਮਚਾਰੀਆਂ ਨੂੰ ਉਹਨਾਂ ਦੀਆਂ ਤਨਖਾਹਾਂ ਘਟਾ ਕੇ ਬੇਸਿਕ ਪੇਅ 'ਤੇ ਰੈਗੂਲਰ ਕੀਤਾ ਗਿਆ ਹੈ, ਇਹ ਉਹਨਾਂ ਕਰਮਚਾਰੀਆਂ ਨਾਲ ਕੋਝਾ ਮਜ਼ਾਕ ਕੀਤਾ ਗਿਆ ਜੋ ਕਿ ਬਰਾਬਰ ਕੰਮ ਬਰਾਬਰ ਤਨਖਾਹ ਦੇ ਰੂਲ ਦੇ ਮੁਤਾਬਿਕ ਕਰਮਚਾਰੀਆਂ ਨੂੰ ਪੂਰੇ ਗਰੇਡਾਂ ਸਮੇਤ ਰੈਗੂਲਰ ਕਰਨਾ ਬਣਦਾ ਹੈ। ਇਸ ਸਬੰਧੀ ਰੈਲੀ ਕਰ ਰਹੇ ਇਹਨਾਂ ਕਰਮਚਾਰੀਆਂ ਉੱਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੀ ਜਥੇਬੰਦੀ ਨਿਖੇਧੀ ਕਰਦੀ ਹੈ ਅਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਹਨਾਂ ਮੁਲਾਜ਼ਮਾਂ ਨੂੰ ਪੂਰੀਆਂ ਤਨਖਾਹਾਂ 'ਤੇ ਰੈਗੂਲਰ ਕੀਤਾ ਜਾਵੇ। ਅੱਜ ਦੀ ਇਸ ਮੀਟਿੰਗ ਵਿੱਚ ਉਪਰੋਤਕ ਆਗੂਆਂ ਤੋਂ ਇਲਾਵਾ ਕੰਵਲਜੀਤ ਸਿੰਘ ਸੰਗੋਵਾਲ, ਗੁਰਜੀਤ ਸਿੰਘ ਮੋਹਾਲੀ, ਗੁਰਮੀਤ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਸੰਧੂ, ਲਾਲ ਚੰਦ ਨਵਾਂਸ਼ਹਿਰ, ਸੁੱਚਾ ਸਿੰਘ ਰੋਪੜ, ਜਗਤਾਰ ਸਿੰਘ ਖਮਾਣੋ, ਬਲਵੀਰ ਸਿੰਘ ਸੰਗਰੂਰ, ਜਰਨੈਲ ਜੰਡਾਲੀ, ਰਸ਼ਮਿੰਦਰ ਪਾਲ ਆਦਿ ਆਗੂ ਹਾਜ਼ਰ ਸਨ।

# 4500 ਸੁਰੱਖਿਆ ਕਰਮਚਾਰੀ ਰੱਖਣਗੇ ਸਮੁੱਚੇ ਮੇਲਾ ਖੇਤਰ 'ਤੇ ਨਜ਼ਰ : ਐੱਸ ਐੱਸ ਪੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਖਾਲਸਾਈ ਸ਼ਾਨ ਦੇ ਪ੍ਰਤੀਕ ਹੋਲਾ ਮਹੱਲਾ 2026 ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ ਜੀ ਪੀ ਗੌਰਵ ਯਾਦਵ ਵੱਲੋਂ ਪ੍ਰਬੰਧਾਂ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ।ਡੀ ਆਈ ਜੀ ਨਾਨਕ



ਸਿੰਘ ਨਾਲ ਵੀ ਵਿਸਥਾਰਪੂਰਵਕ ਮੀਟਿੰਗ ਹੋਈ, ਜਿਸ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆ ਲਈ ਵਧੇਰੇ ਫੋਰਸ ਦੀ ਮੰਗ ਤੇ ਤਾਇਨਾਤੀ 'ਤੇ ਸਹਿਮਤੀ ਬਣੀ। ਇਹ ਜਾਣਕਾਰੀ ਐੱਸ ਐੱਸ ਪੀ ਮਨਿੰਦਰ ਸਿੰਘ ਨੇ ਦਿੱਤੀ। ਉਹਨਾਂ ਦੱਸਿਆ ਕਿ ਹੋਲਾ ਮਹੱਲਾ ਦੌਰਾਨ ਲਗਭਗ 4500 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਪੂਰੇ ਖੇਤਰ ਨੂੰ 11 ਸੈਕਟਰਾਂ ਵਿੱਚ ਵੰਡ ਕੇ ਸੈਕਟਰ ਵਾਈਜ਼ ਮੈਪਿੰਗ ਤੇ ਡਿਊਟੀ ਪਲਾਨ ਤਿਆਰ ਕੀਤਾ ਗਿਆ ਹੈ। ਬੈਰੀਕੇਡਿੰਗ, 500 ਮੀਟਰ ਦੇ ਅੰਤਰਾਲ 'ਤੇ ਨਾਕਾਬੰਦੀ, ਸੀ ਸੀ ਟੀ ਵੀ ਨਿਗਰਾਨੀ ਤੇ ਡਰੋਨ ਰਾਹੀਂ ਟ੍ਰੈਫਿਕ ਪ੍ਰਬੰਧਾਂ ਤੇ ਨਜ਼ਰ ਰੱਖੀ ਜਾਵੇਗੀ। ਟ੍ਰੈਫਿਕ ਡਾਇਵਰਜ਼ਨ ਯੋਜਨਾ ਨੰਗਲ, ਮਨਾਲੀ ਅਤੇ ਰੂਪਨਗਰ ਵੱਲ ਜਾਣ ਵਾਲੇ ਰਸਤਿਆਂ 'ਤੇ ਸੁਚੱਜੀ ਤਰ੍ਹਾਂ ਲਾਗੂ ਰਹੇਗੀ। ਗੈਰ-ਸਮਾਜਿਕ ਤੱਤਾਂ 'ਤੇ ਨਜ਼ਰ ਰੱਖਣ ਲਈ ਸਪੈਸ਼ਲ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਆਰਡਰਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇਗੀ। ਸ਼ਰਧਾਲੂਆਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕੀਰਤਪੁਰ ਸਾਹਿਬ ਅਤੇ ਵਿਰਾਸਤ-ਏ-ਖਾਲਸਾ ਸਮੇਤ ਮੁੱਖ ਅਸਥਾਨਾਂ ਤੱਕ ਆਵਾਜਾਈ, ਪਾਰਕਿੰਗ ਅਤੇ ਦਿਸ਼ਾ-ਨਿਰਦੇਸ਼ਾਂ ਲਈ ਵਿਸਥਾਰਪੂਰਵਕ ਪ੍ਰਬੰਧ ਕੀਤੇ ਗਏ ਹਨ। ਪਾਰਕਿੰਗ ਸਪੌਟਸ ਤਿਆਰ ਕੀਤੇ ਗਏ ਹਨ ਅਤੇ ਬੱਸਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ ਹੈ। ਇਲੈਕਟ੍ਰਿਕ ਈ-ਰਿਕਸ਼ਾ ਸੇਵਾਵਾਂ ਵੀ ਵਧਾਈਆਂ ਗਈਆਂ ਹਨ ਤਾਂ ਜੋ ਸ਼ਰਧਾਲੂ ਆਸਾਨੀ ਨਾਲ ਦਰਸ਼ਨ ਕਰ ਸਕਣ।

## ਰੋਟਰੀ ਕਲੱਬ ਨੇ ਲਗਾਇਆ ਖੂਨਦਾਨ ਕੈਂਪ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਰੋਟਰੀ ਕਲੱਬ ਮੋਰਿੰਡਾ ਵੱਲੋਂ ਰੋਟਰੀ ਦੇ 121 ਵਰੇ ਪੂਰੇ ਹੋਣ ਤੇ ਪਰਮਜੀਤ ਕੌਰ ਰਾਏ ਪਤਨੀ ਹਰਨੇਕ ਸਿੰਘ ਸਹੇੜੀ ਦੀ ਮਿੱਠੀ ਯਾਦ ਨੂੰ ਸਮਰਪਤ ਖੂਨ ਦਾਨ ਕੈਂਪ ਸਥਾਨਕ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਵਿਖੇ ਲਗਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਸੀਨੀਅਰ ਆਗੂ ਡਾ.ਨਿਰਮਲ ਧੀਮਾਨ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਰੋਟਰੀ ਬਲੱਡ ਬੈਂਕ ਸੈਕਟਰ 37 ਚੰਡੀਗੜ੍ਹ ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਗਿਆ। ਖੂਨ ਲੈਣ ਤੋਂ ਪਹਿਲਾਂ ਖੂਨ ਦਾਨੀਆਂ ਦੀ ਮੈਡੀਕਲ ਜਾਂਚ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਸਮੇਂ 45 ਵਿਅਕਤੀਆਂ ਨੇ ਖ਼ੂਨ ਦਾਨ ਕੀਤਾ। ਇਸ ਸਮੇਂ ਡਾ. ਨਿਰਮਲ ਧੀਮਾਨ ਨੇ ਆਖਿਆ ਕਿ ਖੂਨ ਦਾਨੀਆਂ ਤੋਂ ਇਕੱਤਰ ਇਕ ਇਕ ਬੂੰਦ ਪਰਮ ਪਿਤਾ ਵੱਲੋਂ ਮਿਲੀ ਅਨਮੋਲ ਜ਼ਿੰਦਗੀ ਨੂੰ ਬਚਾਉਣ ਲਈ ਸਹਾਈ ਹੋਵੇਗਾ ਜੋ ਮਰੀਜ਼ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹੁੰਦੇ ਹਨ।ਇਸ ਸਮੇਂ ਕਲੱਬ ਦੇ ਸੀਨੀਅਰ ਮੈਂਬਰ ਐਨ ਆਰ ਆਈ ਹਰਨੇਕ ਸਿੰਘ ਰਾਏ ਦੇ ਪਰਵਾਰ ਵੱਲੋਂ ਰੋਟਰੀ ਭਵਨ ਲਈ 21 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਲੱਬ ਦੇ ਚੇਅਰਮੈਨ ਮਨਜੀਤ ਭਾਟੀਆ, ਕਰਨਲ ਮਲਕੀਤ ਸਿੰਘ, ਜਗਤਾਰ ਸਿੰਘ ਨਿਤਿਨ ਗੁਪਤਾ, ਸੰਦੀਪ ਸਿੰਗਲਾ, ਰਜਿੰਦਰ ਸਚਦੇਵਾ, ਤੇਜਿੰਦਰ ਸਿੰਘ ਕਲਸੀ, ਗੁਰਵਿੰਦਰ ਸਿੰਘ ਰੀਹਲ, ਅਮਰਜੀਤ ਸਿੰਘ ਕੰਗ, ਗੁਰਦੇਵ ਸਿੰਘ ਤੂਰ, ਜਤਿੰਦਰ ਸਿੰਘ ਰਾਏ, ਜਸਪਾਲ ਸਿੰਘ ਰਾਏ, ਜਸਪਾਲ ਸਿੰਘ ਮਾਨ, ਦਵਿੰਦਰ ਸਿੰਘ, ਹਰਪਾਲ ਸਿੰਘ, ਡਾ. ਗੁਰਪ੍ਰੀਤ ਸਿੰਘ ਮਾਵੀ, ਜਗਦੀਸ਼ ਵਰਮਾ, ਮਾ. ਹਾਕਮ ਸਿੰਘ, ਸੁਖਵਿੰਦਰ ਬਾਂਸਲ, ਹਰਪ੍ਰੀਤ ਸਿੰਘ, ਪਰਮਾਤਮਾ ਸਿੰਘ ਢੀਂਡਸਾ, ਰਜਿੰਦਰ ਗੁੰਬਰ ਆਦਿ ਨੇ ਖੂਨਦਾਨੀਆਂ ਦੀ ਹੌਸਲਾ ਅਫਜਾਈ ਕੀਤੀ।



# ਸੰਤ ਕ੍ਰਿਸ਼ਨ ਨਾਥ ਚਹੇੜੂ ਨੇ ਕੀਤਾ ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਦਫ਼ਤਰ ਦਾ ਉਦਘਾਟਨ

## • ਬੇ.ਗਮਪੁਰਾ ਏਡ ਨੇ ਮਨੁੱਖਤਾ ਦੀ ਸੇਵਾ 'ਚ ਬਣਾਈ ਵੱਖਰੀ ਪਹਿਚਾਣ : ਕਰੀਮਪੁਰੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਮਾਜ ਸੇਵੀ ਸੰਸਥਾ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵੱਲੋਂ ਭਾਰਤ ਬਰਾਂਚ ਦਾ ਦਫ਼ਤਰ ਗਲੀ ਨੰਬਰ 1 ਸ਼ਾਮ ਨਗਰ, ਫਗਵਾੜਾ ਵਿਖੇ ਖੋਲ੍ਹਿਆ ਗਿਆ ਹੈ। ਜਿਸ ਦਾ ਉਦਘਾਟਨ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਅਤੇ ਗ੍ਰੰਥੀ ਤੀਰਥ ਸਿੰਘ ਵਲੋਂ ਸਰਬੱਤ ਦੇ ਭਲੇ ਅਤੇ ਬੇ.ਗਮਪੁਰਾ ਏਡ ਦੀ ਚੜ੍ਹਦੀ ਕਲਾ ਲਈ ਅਰਦਾਸ ਉਪਰੰਤ ਡੇਰਾ 108 ਸੰਤ ਫੂਲਨਾਥ ਚਹੇੜੂ ਦੇ ਗੱਦੀਨਸ਼ੀਨ ਸੰਤ ਕ੍ਰਿਸ਼ਨ ਨਾਥ ਵਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ। ਉਹਨਾਂ ਕਿਹਾ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਟੀਮ ਸਮਾਜ ਸੇਵਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀ ਹੈ। ਉਦਘਾਟਨੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਡਾ. ਅਵਤਾਰ ਸਿੰਘ ਸਾਬਕਾ ਮੈਂਬਰ ਰਾਜ ਸਭਾ ਸ਼ਾਮਲ ਹੋਏ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਫਗਵਾੜਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਹਰਜਿੰਦਰ ਮੱਲ, ਸ੍ਰੀਮਤੀ ਚੰਚਲ ਮੱਲ ਕੇਨੈਡਾ, ਕੇਵਲ ਕ੍ਰਿਸ਼ਨ ਬੋਲੀਨਾ, ਸੁਰਿੰਦਰ ਪਾਲ ਚੁੰਬਰ ਯੂ.ਐਸ.ਏ., ਤਜਿੰਦਰ ਸਿੰਘ ਜੋਸ਼ਨ, ਅਮਰਜੀਤ ਸਿੰਘ ਚੰਨੀ, ਜਰਨੈਲ ਸਿੰਘ ਬਿੰਦ, ਅਮਰ ਭੋਰੀਆ, ਮਨਜੀਤ ਸਿੰਘ ਗੋਰਸੀਆਂ, ਚਮਨ ਲਾਲ ਫਰਾਂਸ, ਹੰਸਰਾਜ ਲਾਲੀ ਹਾਲੈਂਡ, ਬਸਪਾ ਦੇ ਸੂਬਾ ਜਨਰਲ ਕੁਲਦੀਪ ਸਿੰਘ ਸਰਦੂਲਗੜ੍ਹ, ਪ੍ਰਵੀਨ ਬੰਗਾ, ਬਲਵਿੰਦਰ ਕੁਮਾਰ ਅੰਬੇਡਕਰੀ ਅਤੇ ਮਾ. ਹਰਭਜਨ ਸਿੰਘ ਬਾਲਾਲੋਂ, ਜੱਸੀ ਤੱਲਣ ਪ੍ਰਧਾਨ ਗੁਰੂ ਰਵਿਦਾਸ ਟਾਈਗਰ ਫੋਰਸ, ਚੇਅਰਮੈਨ ਯਸ਼ ਬਰਨਾ ਆਦਿ ਸ਼ਾਮਲ ਹੋਏ। ਇਸ ਮੌਕੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵਲੋਂ ਮਨੁੱਖਤਾ ਦੀ ਸੇਵਾ ਲਈ ਖੋਲ੍ਹੇ ਅੱਜ ਭਾਰਤ ਬਰਾਂਚ ਦੇ



ਦਫ਼ਤਰ ਦਾ ਉਦਘਾਟਨ ਕਰਕੇ ਬਹੁਤ ਹੀ ਨੇਕ ਤੇ ਉੱਤਮ ਕਾਰਜ ਕੀਤਾ ਹੈ। ਇਸ ਨੇਕ ਕਾਰਜ ਲਈ ਬੇਗ਼ਮਪੁਰਾ ਏਡ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਅਤੇ ਉਨ੍ਹਾਂ ਦੀ ਸਮੁੱਚੀ ਨੂੰ ਵਧਾਈ ਦਿੱਤੀ। ਕਰੀਮਪੁਰੀ ਨੇ ਕਿਹਾ ਕਿ ਬਸਪਾ ਪੰਜਾਬ ਵਲੋਂ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਜਨਮ ਦਿਨ 15 ਮਾਰਚ ਨੂੰ ਬਹਿਰਾਮ ਦੀ ਦਾਨਾ ਮੰਡੀ ਵਿਖੇ ਸੂਬਾ ਪੱਧਰੀ ਸੱਤਾ ਪ੍ਰਾਪਤ ਕਰੋ ਰੈਲੀ ਕਰਕੇ ਮਨਾਇਆ ਜਾਵੇਗਾ। ਇਸ ਮੌਕੇ ਰਾਮ ਸਿੰਘ ਮੈਂਗੜਾ ਦੀ ਬੇਟੀ ਜੈਸਮੀਨ ਮੈਂਗੜਾ ਨੇ ਸਮਾਗਮ ਵਿੱਚ ਪਹੁੰਚੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਸਬੰਧੀ ਚਾਨਣਾ ਪਾਇਆ। ਜੈਸਮੀਨ ਮੈਂਗੜਾ ਨੇ ਦੱਸਿਆ ਕਿ ਸੰਸਥਾ ਵੱਲੋਂ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦੀ ਸੁਚੱਜੀ ਅਗਵਾਈ ਵਿੱਚ ਜਾਤ-ਪਾਤ ਤੋਂ ਉੱਪਰ ਉੱਠ ਕੇ ਲੋੜਵੰਦਾਂ ਦੀ ਮਦਦ ਕੀਤੀ ਜਾ ਰਹੀ ਹੈ ਅਤੇ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਭਾਰਤ ਬਰਾਂਚ ਦੇ ਪ੍ਰਧਾਨ ਲਛਮਣ ਲਾਲ ਬੰਗੜ, ਮਨਦੀਪ ਕੁਮਾਰ ਬੰਗੜ, ਵੰਦਨਾ ਮੈਂਗੜਾ, ਸੀਮਾ ਰਾਣੀ ਮੈਂਗੜਾ, ਸੁਰਿੰਦਰ ਕੌਰ ਬੰਗੜ, ਮਿਸ਼ਨਰੀ ਗੀਤਕਾਰ ਰੱਤੂ, ਮਿਸ਼ਨਰੀ ਗਾਇਕ ਜੀਵਨ ਮਹਿਮੀ, ਗੋਲਡੀ ਮਲਕ, ਗਾਇਕਾ ਪ੍ਰੇਮ ਲਤਾ, ਪ੍ਰੀਆ ਬੰਗਾ, ਸੱਤਿਅਮ ਬੋਧ, ਸੋਮ ਨਾਥ ਗੋਲਡ ਮੈਡਲਿਸਟ, ਅਮਨਦੀਪ ਕੌਂਸਲਰ, ਸਰਪੰਚ ਅਸ਼ੋਕ ਕੁਮਾਰ ਖੋਥੜਾਂ, ਸਰਪੰਚ ਮਨਜੀਤ ਮਾਨ ਗੰਢਵਾਂ, ਸਰਪੰਚ ਬਲਵਿੰਦਰ ਕੁਮਾਰ ਬਘਾਣਾ, ਰਾਮ ਮੂਰਤੀ ਖੇੜਾ, ਸਰਪੰਚ ਸ੍ਰੀਮਤੀ ਰਾਣੀ, ਅਮਰਜੀਤ ਖੁੱਤਣ, ਐਡਵੋਕੇਟ ਇੰਦਰਜੀਤ ਕਜਲਾ, ਮੁਖਤਿਆਰ ਮਹਿਮੀ ਸ਼ਿਵਪੁਰੀ, ਲੇਖਕ ਲਸ਼ਕਰ ਢੰਡਵਾੜਵੀ, ਬੀ.ਕੇ.ਰੱਤੂ, ਡਾ.ਮੋਹਣ ਲਾਲ ਬੱਧਣ, ਸੁਰਿੰਦਰ ਕਲੇਰ ਪਰਮਿੰਦਰਾ ਆਰਟਸ ਪ੍ਰੈਸ ਨੰਗਲ, ਮਨੀ ਅੰਬੇਡਕਰੀ ਪੀਪਾਰੰਗੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਪ੍ਰਵੀਨ ਬੰਗਾ ਤੇ ਪ੍ਰੀਆ ਬੰਗਾ ਨੇ ਨਿਭਾਈ। ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਬੇਗ਼ਮਪੁਰਾ ਏਡ ਵੱਲੋਂ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਯੂਥ ਕਲੱਬਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਯੁਵਕ ਸੇਵਾਵਾਂ, ਵਿਭਾਗ ਪੰਜਾਬ ਵੱਲੋਂ ਪ੍ਰਵਾਨਗੀ ਉਪਰੰਤ ਯੂਥ ਕਲੱਬ ਪਾਲਿਸੀ 2025 ਦੀ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ, ਜਿਸ ਦੀ ਰੌਸ਼ਨੀ ਵਿੱਚ ਗੈਰ-ਸਰਗਰਮ ਕਲੱਬਾਂ ਦੀ ਰਜਿਸਟ੍ਰੇਸ਼ਨ ਤੇ ਪੁਨਰ ਵਿਚਾਰ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ, ਮਨਤੇਜ ਸਿੰਘ ਚੀਮਾ, ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਦੱਸਿਆ ਕਿ ਯੂਥ ਕਲੱਬ ਐਫੀਲੀਏਸ਼ਨ ਪਾਲਿਸੀ 2025 ਦੇ ਤਹਿਤ ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਿਤ ਯੂਥ ਕਲੱਬਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਕੇ (ਗੈਰ-ਸਰਗਰਮ) ਯੂਥ ਕਲੱਬਾਂ ਦੀ ਰਜਿਸਟ੍ਰੇਸ਼ਨ ਨੂੰ ਰੱਦ ਕਰਨ ਦਾ ਫੈਸਲਾ ਮਿਤੀ 21 ਜਨਵਰੀ 2026 ਦੇ ਅਖ਼ਬਾਰਾਂ ਵਿੱਚ ਦਿੱਤੇ ਗਏ ਪਬਲਿਕ ਨੋਟਿਸ ਰਾਹੀਂ ਲਿਆ ਗਿਆ ਹੈ।

## ਜਥੇ. ਰਜਿੰਦਰ ਸਿੰਘ ਫੌਜੀ ਨਮਿਤ ਪਾਠ ਦਾ ਭੋਗ ਭਲਕੇ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਕਪੂਰਥਲਾ ਦੇ ਪ੍ਰੈੱਸ ਸਕੱਤਰ ਗੁਰਦਿਆਲ ਸਿੰਘ ਮਾਨਾਂਵਾਲੀ ਨੇ ਪ੍ਰੈੱਸ ਨੂੰ ਦੱਸਿਆ ਕਿ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਤੇ ਦੋਆਬਾ ਇੰਚਾਰਜ ਜਥੇਦਾਰ ਰਜਿੰਦਰ ਸਿੰਘ ਫੌਜੀ ਜੋ ਕਿ ਪਿਛਲੇ ਦਿਨੀਂ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਸਨ, ਨਮਿੱਤ ਅੰਤਿਮ ਅਰਦਾਸ 28 ਫਰਵਰੀ ਨੂੰ ਦੁਪਹਿਰ 12 ਤੋਂ 1 ਵਜੇ ਤੱਕ ਪਿੰਡ ਨਰੰਗਸ਼ਾਹਪੁਰ ( ਫਗਵਾੜਾ) ਵਿਖੇ ਹੋਵੇਗੀ।

27 Feb Page 9.qxd 2/26/2026 11:02 PM Page 1



# ਪੰਜਾਬੀ ਕੇਂਦਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਦਾ ਇਕਜੁੱਟ ਹੋ ਕੇ ਮੁਕਾਬਲਾ ਕਰਨ : ਪਾਸਲਾ

**ਚੰਡੀਗੜ੍ਹ-** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਵਲੋਂ ਸੈਕਟਰ 25 'ਚ ਕੀਤੀ ਗਈ ਵਿਸ਼ਾਲ ਰੈਲੀ 'ਚ ਪੰਜਾਬ ਦੇ ਸਮੂਹ ਲੋਕਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਵਲੋਂ ਕੀਤੇ ਜਾ ਰਹੇ ਫੈਡਰਲ ਅਧਿਕਾਰਾਂ ਦੇ ਨਿਰੰਤਰ ਘਾਣ, ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਤੇ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀਆਂ ਏਜੰਸੀਆਂ ਤੇ ਕੱਟੜਪੰਥੀਆਂ ਦੀਆਂ ਕੁਚਾਲਾਂ ਖਿਲਾਫ਼ ਗਰਜਵੀਂ ਆਵਾਜ ਬੁਲੰਦ ਕਰਨ ਦਾ ਸੱਦਾ ਦਿੱਤਾ ਗਿਆ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਨੇ ਅਮਨ-ਕਾਨੂੰਨ ਦੀ ਸਥਿਤੀ ਬਹਾਲ ਰੱਖਣ ਰਾਹੀਂ ਪ੍ਰਾਂਤ ਸਰਕਾਰ ਨੂੰ ਵੀ ਕਰੜੇ ਹੱਥੀਂ ਲਿਆ। ਵਿਸ਼ਾਲ ਰੈਲੀ ਨੂੰ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਰਾਜ ਕਮਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਸੂਬਾ ਸਕੱਤਰੇਤ ਦੇ ਮੈਂਬਰਾਨ ਕੁਲਵੰਤ ਸਿੰਘ ਸੰਧੂ, ਸੱਜਣ ਸਿੰਘ, ਡਾਕਟਰ ਸਤਨਾਮ ਸਿੰਘ ਅਜਨਾਲਾ, ਦਰਸ਼ਨ ਨਾਹਰ, ਧਰਮਿੰਦਰ ਸਿੰਘ ਮੁਕੇਰੀਆਂ ਨੇ ਸੰਬੋਧਨ ਕੀਤਾ। ਜਨਤਕ ਇਕੱਠ 'ਚ ਹੱਥਾਂ 'ਚ ਲਾਲ ਝੰਡੇ ਲੈ ਕੇ ਪੁੱਜੇ ਲੋਕਾਂ ਦੇ ਅਕਾਸ਼ ਗੂੰਜਾਊ ਨਾਅਰੇ ਸਮੁੱਚੇ ਵਾਤਾਵਰਣ ਨੂੰ ਇਨਕਲਾਬੀ ਰੰਗ 'ਚ ਰੰਗ ਰਹੇ ਸਨ।

ਬੁਲਾਰਿਆਂ ਨੇ ਕਿਹਾ ਕਿ ਇਹ ਡਾਢੇ ਦੁੱਖ ਤੇ ਰੋਸ ਦਾ ਵਿਸ਼ਾ ਹੈ ਕਿ ਬਦਲਾਅ ਦਾ ਨਾਅਰਾ ਲਾ ਕੇ ਪੰਜਾਬ ਦੀ ਰਾਜ ਸੱਤਾ 'ਤੇ ਕਾਬਜ਼ ਹੋਈ 'ਆਪ' ਸਰਕਾਰ ਲੋਕਾਂ ਨੂੰ ਕੰਗਾਲ ਕਰਕੇ ਧਨਾਢਾਂ ਦੇ ਖਜ਼ਾਨੇ ਭਰਪੂਰ ਕਰਨ ਵਾਲੀਆਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਨੀਤੀਆਂ 'ਤੇ ਹੂਬਹੂ ਅਮਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਪ੍ਰਾਂਤ 'ਚ ਹਕੀਕੀ ਲੋਕ ਪੱਖੀ ਬਦਲਾਅ ਲਿਆਉਣ ਲਈ ਖੱਬੀਆਂ ਧਿਰਾਂ ਦਾ ਏਕਾ ਕਾਇਮ ਕਰਨ ਦੇ ਯਤਨ ਜਾਰੀ ਰੱਖਦਿਆਂ ਦੇਸ਼ ਨੂੰ ਫਿਰਕੂ-ਫਾਸ਼ੀਵਾਦ ਦੇ ਹੱਲਿਆਂ ਤੋਂ ਮੁਕਤ ਕਰਨ ਦੀ ਫੌਰੀ ਲੋੜ ਦੇ ਸਨਮੁੱਖ ਖੱਬੀਆਂ, ਜਮਹੂਰੀ, ਧਰਮ ਨਿਰਪੱਖ ਸਿਆਸੀ ਧਿਰਾਂ, ਸਿਵਲ ਸੁਸਾਇਟੀ ਤੇ ਅਗਾਂਹਵਧੂ ਲਹਿਰ ਦੀ ਸਾਂਝ ਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਰੈਲੀ ਤੋਂ ਬਾਅਦ ਵਿਸ਼ਾਲ ਜਨਤਕ ਮਾਰਚ ਕੀਤਾ ਗਿਆ ਅਤੇ ਪ੍ਰਧਾਨ ਮੰਤਰੀ ਤੇ ਰਾਜ ਦੇ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਭੇਜੇ ਗਏ।ਰੈਲੀ ਦੀ ਪ੍ਰਧਾਨਗੀ ਰਤਨ ਸਿੰਘ ਰੰਧਾਵਾ, ਗੁਰਨਾਮ ਸਿੰਘ ਦਾਊਦ, ਨੱਥਾ ਸਿੰਘ ਡਢਵਾਲ, ਸੁਰਿੰਦਰ ਗਿੱਲ ਜੈਪਾਲ ਨੇ ਕੀਤੀ। ਮੰਚ ਸੰਚਾਲਕ ਦੇ ਫਰਜ ਰਾਜ ਕਮੇਟੀ ਦੇ ਖਜ਼ਾਨਚੀ ਪ੍ਰੋਫੈਸਰ ਜੈਪਾਲ ਸਿੰਘ ਨੇ ਨਿਭਾਏ।




# ਦਫਤਰੀ ਕਾਮਿਆਂ ਦੀ ਤਨਖਾਹ ਕਟੌਤੀ ਦੀ ਜੀ ਟੀ ਯੂ ਵੱਲੋਂ ਨਿਖੇਧੀ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)-** ਪਿਛਲੇ ਲੰਮੇ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਦਫਤਰੀ ਕਾਮਿਆਂ ਨੂੰ ਤਨਖਾਹ ਘਟਾ ਕੇ ਰੈਗੂਲਰ ਕਰਨ ਦੀ ਗੌਰਮਿੰਟ ਟੀਚਰਜ ਯੂਨੀਅਨ ਨਿਖੇਧੀ ਕਰਦੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ ਯੂਨੀਅਨ ਆਗੂ ਨਰਿੰਦਰ ਅਜਨੋਹਾ, ਪਵਨ ਗੋਇਲ, ਪਰਮਜੀਤ ਕਾਤਿਬ, ਅਸ਼ਵਨੀ ਰਾਣਾ ਅਤੇ ਉਂਕਾਰ ਸਿੰਘ ਨੇ ਮਾਹਿਲਪੁਰ ਵਿਖੇ ਇੱਕ ਮੀਟਿੰਗ ਵਿੱਚ ਕੀਤਾ।ਆਗੂਆਂ ਨੇ ਕਿਹਾ ਕਿ ਸਰਕਾਰ ਵਲੋਂ ਪੱਕੇ ਕਰਨ ਦੇ ਨਾਮ ਤੇ ਇਹਨਾਂ ਮੁਲਾਜਮਾਂ ਨੂੰ ਪਹਿਲਾਂ ਤਿੰਨ ਸਾਲ ਪਰਖ ਕਾਲ ਸਮੇਂ ਤੇ 19900 ਰੁਪਏ ਤੇ ਕੰਮ ਕਰਨਾ ਪਵੇਗਾ ਜਦਕਿ ਪਹਿਲਾਂ ਇਹ ਮੁਲਾਜਮ ਲਗਭਗ 40000 ਰੁਪਏ ਤਨਖਾਹ ਉੱਤੇ ਕੰਮ ਕਰ ਰਹੇ ਸਨ। ਸਰਕਾਰ ਵਲੋਂ ਇਹਨਾਂ ਮੁਲਾਜ਼ਮਾਂ ਨੂੰ ਘੱਟ ਤਨਖਾਹ ਉੱਪਰ ਪੱਕੇ ਕਰਨਾ ਇਹਨਾਂ ਨਾਲ ਕੋਝਾ ਮਜ਼ਾਕ ਹੈ।ਆਗੂਆਂ ਵਲੋਂ ਐਲਾਨ ਕੀਤਾ ਗਿਆ ਕਿ ਇਹਨਾਂ ਦਫਤਰੀ ਕਾਮਿਆਂ ਵਲੋਂ ਭਵਿੱਖ ਵਿੱਚ ਜਿਹੜਾ ਵੀ ਐਕਸ਼ਨ ਕੀਤਾ ਜਾਵੇਗਾ ਗੌਰਮਿੰਟ ਟੀਚਰਜ ਯੂਨੀਅਨ ਵੱਧ ਚੜ੍ਹ ਕੇ ਆਪਣਾ ਸਹਿਯੋਗ ਕਰੇਗੀ।

ਇਸ ਮੌਕੇ ਸੰਦੀਪ ਸਿੰਘ, ਨਰੇਸ਼ ਕੁਮਾਰ, ਜਸਵਿੰਦਰ ਸਿੰਘ, ਗੁਰਮੁੱਖ ਸਿੰਘ, ਸਗਲੀ ਰਾਮ, ਅਜੇ ਕੁਮਾਰ, ਬਲਜਿੰਦਰ ਸਿੰਘ, ਸਤਨਾਮ ਕੁਮਾਰ, ਰਜੇਸ਼ ਅਰੋੜਾ, ਜਸਵੀਰ ਸਿੰਘ, ਉਮੇਸ਼ ਕੁਮਾਰ, ਪਵਨ ਕੁਮਾਰ, ਮਨਜੀਤ ਸਿੰਘ, ਸਤਪਾਲ ਸਿੰਘ, ਮਨਜਿੰਦਰ ਸਿੰਘ, ਸੰਦੀਪ ਕੁਮਾਰ, ਪਵਨ ਕੁਮਾਰ, ਇੰਦਰਜੀਤ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ, ਰਾਜ ਕੁਮਾਰ, ਬਲਜੀਤ ਸਿੰਘ, ਸ਼ਿੰਗਾਰਾ ਸਿੰਘ, ਹਰਮਿੰਦਰ ਸਿੰਘ, ਸੁਰਿੰਦਰ ਸਿੰਘ, ਰਕੇਸ਼ ਕੁਮਾਰ ਆਦਿ ਅਧਿਆਪਕ ਹਾਜ਼ਰ ਸਨ।

## ਵਿਦਿਆਰਥੀਆਂ ਨੇ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਜ਼ ਦੀ ਐਨਐਸਐਸ ਯੂਨਿਟ ਨੇ ਪਿੰਡ ਬੋਹਾਨ ਦੇ ਪਿੰਡ ਵਾਸੀਆਂ ਨੂੰ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਇਹ ਪ੍ਰੋਗਰਾਮ ਵਾਈਸ ਚਾਂਸਲਰ ਡਾ. ਚੰਦਰ ਮੋਹਨ ਦੀ ਅਗਵਾਈ ਹੇਠ ਤੇ ਪ੍ਰਿੰਸੀਪਲ ਡਾ. ਮਨਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ ਸੀ। ਮੁਹਿੰਮ ਦੌਰਾਨ ਐੱਨ ਐੱਸ ਐੱਸ ਵਲੰਟੀਅਰ ਵਿਦਿਆਰਥੀਆਂ ਨੇ ਸਿੰਗਲ-ਯੂਜ਼ ਪਲਾਸਟਿਕ ਨਾਲ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਚਾਰਟ ਅਤੇ ਪੋਸਟਰਾਂ ਰਾਹੀਂ, ਵਿਦਿਆਰਥੀਆਂ ਨੇ ਵਾਤਾਵਰਣ ਸੁਰੱਖਿਆ, ਪ੍ਰਦੂਸ਼ਣ ਕੰਟਰੋਲ ਤੇ ਪਲਾਸਟਿਕ ਮੁਕਤ ਜੀਵਨ ਸ਼ੈਲੀ ਅਪਣਾਉਣ ਦਾ ਸੁਨੇਹਾ ਫੈਲਾਇਆ। ਪ੍ਰੋਗਰਾਮ ਦਾ ਸੰਚਾਲਨ ਸਹਾਇਕ ਪ੍ਰੋਫੈਸਰ ਨਮਰਤਾ, ਲੈਕਚਰਾਰ ਗੁਰਲੀਨ ਕੌਰ ਅਤੇ ਲੈਕਚਰਾਰ ਗੁਰਜੀਤ ਕੌਰ ਦੁਆਰਾ ਕੀਤਾ ਗਿਆ। ਪਿੰਡ ਦੇ ਸਰਪੰਚ ਗੁਰਚਰਨ ਸਿੰਘ, ਪੰਚਾਇਤ ਮੈਂਬਰਾਂ ਅਤੇ ਹੋਰ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ। ਰੈਲੀ ਦੌਰਾਨ, ਲੋਕਾਂ ਨੂੰ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ, ਰਹਿੰਦ-ਖੂੰਹਦ ਨੂੰ ਵੱਖ ਕਰਨ ਅਤੇ ਰੀਸਾਈਕਲਿੰਗ ਦੀ ਆਦਤ ਅਪਣਾਉਣ ਦੀ ਅਪੀਲ ਕੀਤੀ ਗਈ।




## ਪਾਠਕ ਸੱਥ ਵਲੋਂ 'ਕੈਂਪਸ 1996' ਲੋਕ ਅਰਪਣ

**ਬੰਗਾ (ਅਵਤਾਰ ਕਲੇਰ)-** ਪਾਠਕ ਸੱਥ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਇੱਕ ਸਮਾਗਮ ਦਾ ਆਯੋਜਨ ਬੇਗਮਪੁਰਾ ਕਿਤਾਬ ਘਰ ਬੇਗਮਪੁਰ ਵਿਖੇ ਕਰਵਾਇਆ ਗਿਆ। ਇਸ ਵਿੱਚ ਸੰਦੀਪ ਨਈਅਰ ਦੇ ਨਾਵਲ 'ਕੈਂਪਸ 1996' ਦਾ ਦੂਜਾ ਐਡੀਸ਼ਨ ਲੋਕ ਅਰਪਣ ਕੀਤਾ ਗਿਆ । ਨਾਵਲ ਬਾਰੇ ਇੰਜੀ. ਜਸਵੀਰ ਸਿੰਘ ਮੋਰੋਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਨਾਵਲ ਕਾਲਜ ਦੀ ਜ਼ਿੰਦਗੀ 'ਤੇ ਅਧਾਰਤ ਹੈ। ਨਿੱਜੀ ਅਦਾਰਿਆਂ ਕਾਰਨ ਸਿੱਖਿਆ ਮਹਿੰਗੀ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਸੰਦੀਪ ਨਈਅਰ ਨੇ ਕਿਹਾ ਕਿ ਮੇਰਾ ਇਹ ਪਹਿਲਾ ਨਾਵਲ ਹੈ। ਇਸ ਨੂੰ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਰਕੇ ਪੁਸਤਕ ਪਾਠਕ ਸੰਸਥਾ ਵਲੋਂ ਇਸ ਨੂੰ ਦੁਬਾਰਾ ਛਾਪਿਆ ਗਿਆ ਹੈ। ਇਸ ਮੌਕੇ ਭੁਪਿੰਦਰ ਬੇਗਮਪੁਰੀ ਸਰਪੰਚ ਬੇਗਮਪੁਰ, ਰਾਣਾ ਬੇਗਮਪੁਰੀ, ਮੈਡਮ ਨੀਲਮ ਅਤੇ ਸੰਤੋਸ਼ ਮੈਡਮ ਅਤੇ ਸੰਦੀਪ ਨਈਅਰ ਹਾਜ਼ਰ ਰਹੇ। ਜਸਵੀਰ ਬੇਗਮਪੁਰੀ ਨੇ ਲੇਖਕ ਨੂੰ ਵਧਾਈ ਦਿੰਦਿਆਂ ਸਮਾਗਮ ਵਿੱਚ ਹਾਜ਼ਰ ਹੋਏ ਸਭਨਾਂ ਦਾ ਧੰਨਵਾਦ ਕੀਤਾ।



# ਸੀ ਟੀ ਗਰੁੱਪ ਦਾ ਡਿਗਰੀ ਵੰਡ ਸਮਾਰੋਹ ਕਰਵਾਇਆ

## ਵਾਈਸ ਚਾਂਸਲਰ ਵੱਲੋਂ 1000 ਤੋਂ ਵੱਧ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ

**ਜਲੰਧਰ (ਸ਼ੈਲੀ ਐਲਬਰਟ)-** ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਆਪਣਾ 11ਵਾਂ ਡਿਗਰੀ ਵੰਡ ਸਮਾਰੋਹ ਸ਼ਾਨੋ -ਸ਼ੌਕਤ ਢੰਗ ਨਾਲ ਮਨਾਇਆ। ਸ਼ਾਹਪੁਰ ਅਤੇ ਮਕਸੂਦਾਂ ਕੈਂਪਸ ਦੇ 1000 ਤੋਂ ਵੱਧ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਗਿਆਨ ਦੀ ਜੋਤ ਅੱਗੇ ਵੱਧਦੀ ਹੈ ਥੀਮ ਹੇਠ ਆਯੋਜਿਤ ਇਸ ਸਮਾਰੋਹ ਨੇ ਗੌਰਵ ਤੇ ਉਤਸ਼ਾਹ ਦਾ ਮਾਹੌਲ ਕਾਇਮ ਕੀਤਾ। ਸਰਦਾਰਨੀ ਮਨਜੀਤ ਕੌਰ ਆਡੀਟੋਰੀਅਮ ਖੁਸ਼ੀ ਤੇ ਮਾਣ ਨਾਲ ਗੂੰਜ ਉਠਿਆ। ਇੰਜੀਨੀਅਰਿੰਗ, ਆਰਕੀਟੈਕਚਰ, ਮੈਨੇਜਮੈਂਟ, ਫਾਰਮੇਸੀ, ਹੋਸਪਿਟੈਲਿਟੀ, ਕਾਨੂੰਨ ਤੇ ਡਿਪਲੋਮਾ ਕੋਰਸਾਂ ਦੇ ਵਿਦਿਆਰਥੀਆਂ ਨੇ ਪਰੰਪਰਾਗਤ ਅਕਾਦਮਿਕ ਵਸਤ੍ਹਾਂ ਵਿੱਚ ਆਪਣੀ ਸਾਲਾਂ ਦੀ ਮਿਹਨਤ ਦਾ ਫਲ ਪ੍ਰਾਪਤ ਕੀਤਾ।ਮੁੱਖ ਮਹਿਮਾਨ ਪ੍ਰੋ. (ਡਾ.) ਸੁਸ਼ੀਲ ਮਿੱਤਲ, ਵਾਈਸ ਚਾਂਸਲਰ, ਆਈ ਕੇ ਜੀ-ਪੀ ਟੀ ਯੂ ਨੇ ਆਪਣੇ ਪ੍ਰੇਰਕ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਨਵਚੇਤਨਾ, ਨੈਤਿਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਡਿਜ਼ੀਟਲ ਯੁੱਗ ਵਿੱਚ ਪ੍ਰਾਪਤ ਗਿਆਨ ਨੂੰ ਇਮਾਨਦਾਰੀ ਅਤੇ ਸੰਵੇਦਨਸ਼ੀਲਤਾ ਨਾਲ ਵਰਤਣਾ ਹੀ ਅਸਲ ਕਾਮਯਾਬੀ ਹੈ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨਾਂ ਵਿੱਚ ਦੀਪਕ ਬਾਲੀ, ਡਾ. ਅਨੁਪਮ ਦੀਪ ਸ਼ਰਮਾ, ਸਰਵਜੀਤ ਸਿੰਘ ਸਮਰਾ, ਡਾ. ਨਵਦੀਪਕ ਸੰਧੂ ਤੇ ਸੁਸ਼੍ਰੀ ਕਾਮਨਾ ਅਗਰਵਾਲ ਸ਼ਾਮਲ ਸਨ।ਸਮਾਰੋਹ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸੋਨੇ ਦੇ ਤਮਗੇ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸਮਾਰੋਹ ਦੀ ਅਗਵਾਈ ਕਰਦੇ ਹੋਏ ਸੀਟੀ ਗਰੁੱਪ ਦੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਨੌਜਵਾਨ ਗਿਆਨ ਦੇ ਮਸ਼ਾਲਚੀ ਹਨ ਜੋ ਦੇਸ਼ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਣਗੇ।ਅੰਤ ਵਿੱਚ ਰਵਾਇਤੀ ਟੋਪੀਆਂ ਉਛਾਲਣ ਦੀ ਰਸਮ ਨਾਲ ਸਮਾਰੋਹ ਦਾ ਸਮਾਪਨ ਹੋਇਆ, ਜੋ ਨਵੇਂ ਐਲੂਮਨੀ ਦੇ ਰੌਸ਼ਨ ਭਵਿੱਖ ਦੀ ਨਿਸ਼ਾਨੀ ਬਣੀ।



# ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਤ ਸੈਮੀਨਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿਖੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੀ ਅਗਵਾਈ ਹੇਠ ਤੇ ਜੰਡਿਆਲਾ ਲੋਕ ਭਲਾਈ ਮੰਚ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਦੇ ਉਪਰਾਲੇ ਤਹਿਤ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਤੇ ਇਸ ਦੇ ਪ੍ਰਸਾਰ ਲਈ ਪ੍ਰੇਰਿਤ ਕਰਨਾ ਸੀ। ਇਸ ਸਮਾਗਮ ਵਿੱਚ ਦੀਪਕ ਬਾਲੀ (ਸਲਾਹਕਾਰ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ.ਵਰਿਆਮ ਸਿੰਘ ਸੰਧੂ (ਭਾਰਤੀ ਸਾਹਿਤ ਅਕਾਦਮੀ ਐਵਾਰਡੀ) ਇਸ ਸਮਾਗਮ ਦੇ ਮੁੱਖ ਵਕਤਾ ਸਨ।ਸ਼੍ਰੀ ਸਤਨਾਮ ਚਾਨਾ ਅਤੇ ਡਾ.ਜਸਪਾਲ ਸਿੰਘ ਰੰਧਾਵਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਇਸ ਮੌਕੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਆਏ ਹੋਏ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਤੇ ਨਿੱਘਾ ਸਵਾਗਤ ਕੀਤਾ । ਉਨ੍ਹਾਂ ਨੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀਆਂ ਵਧਾਈਆ ਦਿੱਤੀਆਂ ਅਤੇ ਵਰਤਮਾਨ ਸਮੇਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਤੇ ਪ੍ਰਸ਼ੰਸਾ ਯੋਗ ਚਾਨਣ ਪਾਇਆ। ਮੁੱਖ ਵਕਤਾ ਡਾ.ਸੰਧੂ ਵਿਦਿਆਰਥੀਆਂ ਦੇ ਰੂਬਰੂ ਹੋਏ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਮਾਂ ਬੋਲੀ ਦੀ ਮਹੱਤਤਾ ਸੰਬੰਧੀ ਜਾਣੂੰ ਕਰਵਾਉਂਦਿਆਂ ਪੰਜਾਬੀ ਮਾਂ ਬੋਲੀ ਦੀਆਂ ਕਿੱਤਾ ਮੁੱਖੀ ਸੰਭਾਵਨਾਵਾਂ ਪ੍ਰਤੀ ਉਤਸ਼ਾਹਿਤ ਕੀਤਾ ਅਤੇ ਮਾਂ ਬੋਲੀ ਦੀ ਪ੍ਰਫੁੱਲਿਤਾ ਲਈ ਅਹਿਦ ਵੀ ਲਿਆ। ਸ਼੍ਰੀ ਦੀਪਕ ਬਾਲੀ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਤ ਭਾਸ਼ਾ ਹੀ ਇੱਕ ਅਜਿਹਾ ਮਾਧਿਅਮ ਹੈ ਜੋ ਮਨੁੱਖ ਅੰਦਰ ਸਵੈ-ਵਿਸ਼ਵਾਸ, ਸਵੈ-ਮਾਣ ਤੇ ਸਵੈ-ਪਹਿਚਾਣ ਦਾ ਆਧਾਰ ਮਜਬੂਤ ਕਰਦੀ ਹੈ।ਸ਼੍ਰੀ ਸਤਨਾਮ ਚਾਨਾ ਨੇ ਵਿਦਿਆਰਥੀਆਂ ਨੂੰ ਪੰਜਾਬੀ ਮਾਂ ਬੋਲੀ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਅਪੀਲ ਕੀਤੀ। ਡਾ. ਜਸਪਾਲ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਸਾਰੀਆਂ ਭਾਸ਼ਾਵਾਂ ਖਾਸਕਰ ਮਾਂ ਬੋਲੀ ਵਿੱਚ ਪਰਪੱਕ ਹੋਣ ਦੀ ਗੁਜ਼ਾਰਿਸ਼ ਕੀਤੀ। ਇਸ ਮੌਕੇ ਕਾਲਜ ਇੰਚਾਰਜ ਜੌਹਲ ਨੇ ਤਰਸੇਮ ਸਿੰਘ,ਚਮਕੌਰ ਸਿੰਘ ਸੰਧੂ, ਬਲਵਿੰਦਰ ਗਿੱਲ, ਸਾਰੇ ਮਹਿਮਾਨਾਂ, ਵਕਤਾਵਾਂ ਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਵੱਡੀਆਂ ਸ਼ਖਸੀਅਤਾਂ ਵੱਲੋਂ ਵਿਦਿਆਰਥੀਆਂ ਨੂੰ ਅਨਮੁੱਲੇ ਗਿਆਨ ਤੇ ਵਿਚਾਰਾਂ ਦੀ ਸਾਂਝ ਵੰਡਣ ਲਈ ਤਹਿ ਦਿਲੋਂ ਸ਼ੁਕਰਾਨਾ ਕੀਤਾ।ਸਮੂਹ ਅਧਿਆਪਕ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਇਹ ਸਮਾਗਮ ਸਫ਼ਲਤਾ ਪੂਰਵਕ ਸੰਪੰਨ ਹੋਇਆ।ਮੰਚ ਸੰਚਾਲਨ ਡਾ.ਤਰਨਪ੍ਰੀਤ ਕੌਰ (ਪੰਜਾਬੀ ਵਿਭਾਗ) ਨੇ ਕੀਤਾ।



## ਕਣਕ ਖ਼ਰੀਦ ਸੀਜ਼ਨ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ, (ਗੁਰਜੀਤ ਬਿੱਲਾ)-** ਫ਼ਸਲੀ ਖ਼ਰੀਦ ਸਬੰਧੀ ਤਿਆਰੀਆਂ ਦੀ ਨਿਗਰਾਨੀ ਲਈ ਗਠਿਤ ਮੰਤਰੀ ਸਮੂਹ (ਜੀ ਓ ਐਮ) ਜਿਸ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ, ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਆਵਾਜਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਸ਼ਾਮਿਲ ਹਨ, ਨੇ ਆਉਣ ਵਾਲੇ ਕਣਕ ਖਰੀਦ ਸੀਜ਼ਨ 2026-27 ਦੀ ਵਿਆਪਕ ਸਮੀਖਿਆ ਕਰਨ ਲਈ ਮੀਟਿੰਗ ਕੀਤੀ।ਮੰਤਰੀ ਸਮੂਹ ਨੂੰ ਇਸ ਮੌਕੇ ਦੱਸਿਆ ਗਿਆ ਕਿ ਕਣਕ ਖ਼ਰੀਦ ਸੀਜ਼ਨ 1 ਅਪ੍ਰੈਲ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵੱਲੋਂ ਵਿਭਾਗ ਲਗਭਗ 132 ਲੱਖ ਮੀਟ੍ਰਿਕ ਟਨ (ਐੱਲ ਐੱਮ ਟੀ) ਉਪਜ ਦੀ ਖ਼ਰੀਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 2585 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ।



## ਜ਼ਿਲ੍ਹਾ ਰੈੱਡ ਕਰਾਸ ਸ਼ਾਖਾ ਵੱਲੋਂ ਵਾਜਿਬ ਫੀਸ 'ਤੇ ਕੰਪਿਊਟਰ ਕੋਰਸ ਕਰਵਾਏ ਜਾਣਗੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈਡ ਕਰਾਸ ਸ਼ਾਖਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਕੋਮਲ ਮਿੱਤਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਵਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਗਤੀਵਿਧੀਆਂ ਮਾਰਚ, 2026 ਤੋਂ ਆਮ ਲੋਕਾਂ ਲਈ ਕੰਪਿਊਟਰ ਕੋਰਸ (3 ਮਹੀਨੇ ਲਈ ਬੇਸਿਕ, 6 ਮਹੀਨੇ ਲਈ ਪ੍ਰੋਫੈਸ਼ਨਲ ਅਤੇ 3 ਮਹੀਨੇ ਲਈ ਸਪੇਸ਼ਲ ਅਕਾਊਂਟਿੰਗ ਕੋਰਸ) ਵੀ ਬਹੁਤ ਘੱਟ ਫੀਸ 'ਤੇ ਸ਼ੁਰੂ ਕੀਤੇ ਜਾ ਰਹੇ ਹਨ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ ਅਨੁਸਾਰ ਇਹ ਕੋਰਸ ਕੰਪਿਊਟਰ ਸੈਂਟਰ, ਗਰਾਊਂਡ ਫਲੋਰ, ਨੇੜੇ ਪੰਜਾਬ ਨੈਸ਼ਨਲ ਬੈਂਕ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਐਸ.ਏ.ਐਸ.ਨਗਰ ਵਿਖੇ ਚਲਾਏ ਜਾਣਗੇ ਅਤੇ ਇਨ੍ਹਾਂ ਸਬੰਧੀ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਚੁੱਕੀ ਹੈ।

# ਬੈੱਸਟ ਆਊਟ ਆਫ ਵੇਸਟ ਗਤੀਵਿਧੀ ਕਰਵਾਈ

**ਗੋਰਾਇਆ (ਬਿੰਦਰ ਸੁਮਨ)-** ਸ਼੍ਰੀ ਹਨੂੰਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਆਈ. ਐਮ. ਟੀ.) ਗੋਰਾਇਆ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਨੇ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਦੀ ਅਗਵਾਈ ਹੇਠ ਕੈਂਪਸ ਵਿੱਚ ਇੱਕ ਨਵੀਨਤਾਕਾਰੀ ਅਤੇ ਵਾਤਾਵਰਣ ਪੱਖੀ ਬੈਸਟ ਆਊਟ ਆਫ ਵੇਸਟ ਗਤੀਵਿਧੀ ਦਾ ਆਯੋਜਨ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰਚਨਾਤਮਕ ਢੰਗ ਨਾਲ ਸੋਚਣ ਤੇ ਫੈਸ਼ਨ ਦੇ ਖੇਤਰ ਵਿੱਚ ਟਿਕਾਊ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਪੂਰੇ ਵਿਭਾਗ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਮੁਕਾਬਲੇ ਵਿੱਚ ਹਿੱਸਾ ਲਿਆ ਤੇ ਰਹਿੰਦ-ਖੂੰਹਦ ਨੂੰ ਆਕਰਸ਼ਕ ਅਤੇ ਪੇਸ਼ਕਾਰੀ ਯੋਗ ਫੈਸ਼ਨ ਲੇਖਾਂ ਵਿੱਚ ਬਦਲ ਕੇ ਬੇਮਿਸਾਲ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਗਤੀਵਿਧੀ ਦਾ ਮੁੱਖ ਉਦੇਸ਼ ਫੈਸ਼ਨ ਡਿਜ਼ਾਈਨਿੰਗ ਵਿੱਚ ਸਥਿਰਤਾ ਅਤੇ ਵਾਤਾਵਰਣ ਚੇਤਨਾ ਨੂੰ ਉਤਸ਼ਾਹਿਤ ਕਰਨਾ ਸੀ। ਹਿੱਸਾ ਲੈਣ ਵਾਲਿਆਂ ਨੇ ਪੂਰੀ ਤਰ੍ਹਾਂ ਰੀਸਾਈਕਲੇਬਲ ਤੇ ਰੱਦ ਕੀਤੀ ਗਈ ਸਮੱਗਰੀ ਜਿਵੇਂ ਕਿ ਪੁਰਾਣੇ ਅਖ਼ਬਾਰਾਂ, ਮੈਗਜ਼ੀਨਾਂ, ਪਲਾਸਟਿਕ ਦੀਆਂ ਬੋਤਲਾਂ, ਪੋਲੀਥੀਨ ਬੈਗ, ਗੱਤੇ ਦੀਆਂ ਚਾਦਰਾਂ, ਰਹਿੰਦ-ਖੂੰਹਦ ਦੇ ਕੱਪੜੇ ਦੇ ਟੁਕੜੇ, ਅਲਮੀਨੀਅਮ ਫੁਆਇਲ, ਵਰਤੀਆਂ ਗਈਆਂ ਸੀ. ਡੀ., ਜੂਟ ਅਤੇ ਵੱਖ-ਵੱਖ ਪੈਕਿੰਗ ਸਮੱਗਰੀ ਦੀ ਵਰਤੋਂ ਕੀਤੀ। ਸਾਰੀਆਂ ਰਚਨਾਵਾਂ ਪੂਰੀ ਤਰ੍ਹਾਂ ਰਹਿੰਦ-ਖੂੰਹਦ ਜਾਂ ਰੀਸਾਈਕਲੇਬਲ ਚੀਜ਼ਾਂ ਤੋਂ ਬਣਾਈਆਂ ਗਈਆਂ ਸਨ, ਜੋ ਵਾਤਾਵਰਣ ਪ੍ਰਦੂਸ਼ਣ ਨੂੰ ਘਟਾਉਣ ਅਤੇ ਜ਼ਿੰਮੇਵਾਰ ਖਪਤ ਨੂੰ ਉਤਸ਼ਾਹਤ ਕਰਨ ਬਾਰੇ ਇੱਕ ਮਜ਼ਬੂਤ ਸੰਦੇਸ਼ ਦਿੰਦੀਆਂ ਹਨ। ਵਿਦਿਆਰਥੀਆਂ ਨੇ ਸੁੰਦਰਤਾ ਨਾਲ ਪ੍ਰਦਰਸ਼ਿਤ ਕੀਤਾ ਕਿ ਫੈਸ਼ਨ ਇੱਕੋ ਸਮੇਂ ਨਵੀਨਤਾਕਾਰੀ, ਅੰਦਾਜ਼ ਅਤੇ ਵਾਤਾਵਰਣ ਦੇ ਅਨੁਕੂਲ ਹੋ ਸਕਦਾ ਹੈ। ਜੱਜਾਂ ਦੇ ਪੈਨਲ ਵਿੱਚ ਸਹਾਇਕ ਪ੍ਰੋਫੈਸਰ (ਬੀ. ਸੀ. ਏ.) ਅਕਸ਼ਿਤ ਅਹੀਰ ਅਤੇ ਪ੍ਰਬੰਧਨ ਵਿਭਾਗ ਦੇ ਮੁਖੀ ਕਾਸ਼ੀਸ਼ ਮਿਗਲਾਨੀ ਸ਼ਾਮਲ ਸਨ। B.Sc. ਬੀ ਐੱਸ ਸੀ ਤੋਂ ਪ੍ਰਭਜੋਤ-ਚੌਥੇ ਸਮੈਸਟਰ ਫੈਸ਼ਨ ਡਿਜ਼ਾਈਨਿੰਗ ਨੇ ਪਹਿਲਾ, ਚੌਥੇ ਸਮੈਸਟਰ ਵਿੱਚ ਕਾਸ਼ਿਸ਼ ਨੇ ਦੂਜਾ ਅਤੇ ਚੌਥੇ ਸਮੈਸਟਰ ਵਿੱਚ ਜਸਵੀਰ ਨੇ ਤੀਜਾ ਸਥਾਨ ਹਾਸਲ ਕੀਤਾ। ਸਮਾਗਮ ਦੀ ਸਮਾਪਤੀ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਦੀ ਸ਼ਲਾਘਾ ਨਾਲ ਹੋਈ, ਜਿਨ੍ਹਾਂ ਨੇ ਸਮਾਜਿਕ ਜ਼ਿੰਮੇਵਾਰੀ ਦੇ ਨਾਲ ਰਚਨਾਤਮਕਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਵਾਲੀ ਇੱਕ ਸਾਰਥਕ ਅਤੇ ਜਾਗਰੂਕਤਾ-ਸੰਚਾਲਿਤ ਗਤੀਵਿਧੀ ਦੇ ਆਯੋਜਨ ਲਈ ਵਿਭਾਗ ਦੀ ਸ਼ਲਾਘਾ ਕੀਤੀ।



## ਸੰਤ ਬਾਬਾ ਪ੍ਰਗਟ ਨਾਥ ਸਨਮਾਨਤ

**ਨਕੋਦਰ (ਮਨਜੀਤ ਮਾਨ)-** ਸਮਾਲ ਇੰਡਸਟਰੀਜ਼ ਤੇ ਸਪੋਰਟਸ ਕੋਰਪ੍ਰੇਸ਼ਨ ਪੰਜਾਬ ਵਾਇਸ ਚੇਅਰਮੈਨ ਦਿਨੇਸ਼ ਢੱਲ ਹਲਕਾ ਇੰਚਾਰਜ ਨੋਰਥ ਜਲੰਧਰ ਆਮ ਆਦਮੀ ਪਾਰਟੀ ਤੇ ਸੁਖਵਿੰਦਰ ਥਾਪਰ ਵਾਇਸ ਪ੍ਰਧਾਨ ਸੈਂਟਰਲ ਵਾਲਮੀਕਿ ਯੂ ਕੇ ਪੰਜਾਬ ਵਲੋਂ ਬਾਲ ਯੋਗੀ ਸੰਤ ਬਾਬਾ ਪ੍ਰਗਟ ਨਾਥ ਨੂੰ ਪੰਜਾਬ ਸਰਕਾਰ ਵੱਲੋਂ ਭਗਵਾਨ ਸ੍ਰੀ ਵਾਲਮੀਕ ਜੀ ਆਸ਼ਰਮ ਅੰਮ੍ਰਿਤਸਰ ਦੇ ਸਲਾਹਕਾਰ ਕਮੇਟੀ ਦੇ ਚੇਅਰਮੈਨ ਲੱਗਣ ਤੇ ਸਨਮਾਨਤ ਕੀਤਾ ਗਿਆ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਤੇ ਦਿਨੇਸ਼ ਢੱਲ ਤੇ ਸੁਖਵਿੰਦਰ ਥਾਪਰ ਵਲੋਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਬਹੁਤ ਸ਼ਲਾਘਾਯੋਗ ਕਦਮ ਮਾਨ ਸਰਕਾਰ ਵਲੋਂ ਲਿਆ ਗਿਆ ਹੈ। ਇਸ ਨਾਲ ਪੂਰੇ ਵਾਲਮੀਕਿ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਤੇ ਬਾਬਾ ਜੀ ਵਲੋਂ ਦਿਨੇਸ਼ ਢੱਲ ਤੇ ਸੁਖਵਿੰਦਰ ਥਾਪਰ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਕੇ ਕੇ ਸੱਭਰਵਾਲ ਕੇ ਕੇ ਰਿਕਾਰਡਿੰਗ ਦੇ ਮਾਲਿਕ ਆਦਿ ਮੌਜੂਦ ਸਨ।



## ਡਾ. ਨਿਧੀ ਕੁਮੁਦ ਬੰਬਾਹ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਵਜੋਂ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ-** ਡਾ. ਨਿਧੀ ਕੁਮੁਦ ਬੰਬਾਹ ਨੇ ਹੁਸ਼ਿਆਰਪੁਰ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਵਜੋਂ ਅਹੁਦਾ ਸੰਭਾਲ ਲਿਆ ਹੈ। 2012 ਬੈਚ ਦੇ ਪੀ.ਸੀ.ਐਸ ਅਧਿਕਾਰੀ ਡਾ. ਬੰਬਾਹ ਨੇ ਡੀ ਐੱਮ ਸੀ, ਲੁਧਿਆਣਾ ਤੋਂ ਐੱਮ ਬੀ ਬੀ ਐੱਸ ਦੀ ਡਿਗਰੀ ਪ੍ਰਾਪਤ ਕੀਤੀ ਹੈ। ਇਸ ਤੋਂ ਪਹਿਲਾਂ ਉਹ ਫਿਰੋਜ਼ਪੁਰ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਵਜੋਂ ਸੇਵਾ ਨਿਭਾਅ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਮੋਗਾ, ਗੁਰਦਾਸਪੁਰ, ਅਜਨਾਲਾ, ਪਠਾਨਕੋਟ ਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੱਖ-ਵੱਖ ਪ੍ਰਸ਼ਾਸਕੀ ਅਹੁਦਿਆਂ 'ਤੇ ਕੰਮ ਕਰਕੇ ਵਿਆਪਕ ਤਜਰਬਾ ਹਾਸਲ ਕੀਤਾ ਹੈ। ਅਹੁਦਾ ਸੰਭਾਲਣ ਤੋਂ ਬਾਅਦ ਡਾ. ਨਿਧੀ ਕੁਮੁਦ ਬੰਬਾਹ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਦੀ ਮੁੱਖ ਤਰਜੀਹ ਯੋਗ ਨਾਗਰਿਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਪਾਰਦਰਸ਼ੀ, ਭ੍ਰਿਸ਼ਟਾਚਾਰ ਮੁਕਤ ਅਤੇ ਸਮੇਂ ਸਿਰ ਪ੍ਰਦਾਨ ਕਰਨਾ ਹੋਵੇਗੀ।



## ਡੀ ਸੀ ਨੇ ਉਦਯੋਗਾਂ ਨੂੰ ਦਰਪੇਸ਼ ਸਮੱਸਿਆਵਾਂ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਦੇ ਦਿੱਤੇ ਨਿਰਦੇਸ਼

**ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)-** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਉੱਚ ਪੱਧਰੀ ਮੀਟਿੰਗ ਕਰਦਿਆਂ ਅਧਿਕਾਰੀਆਂ ਨੂੰ ਉਦਯੋਗਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਦਯੋਗਾਂ ਨੂੰ ਪਹਿਲ ਦੇ ਅਧਾਰ 'ਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ, ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ (ਜ) ਦਿਵਿਆ ਪੀ ਵੀ ਮੌਜੂਦ ਸਨ। ਡਾ. ਅਗਰਵਾਲ ਨੇ ਸਬੰਧਤ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਦਯੋਗਿਕ ਇਲਾਕਿਆਂ ਵਿੱਚ ਸੜਕਾਂ, ਸੀਵਰੇਜ, ਸਟ੍ਰੀਟ ਲਾਈਟਾਂ, ਸਫਾਈ, ਪਾਣੀ ਨਾਲ ਸਬੰਧਤ ਮੁਸ਼ਕਲਾਂ ਦਾ ਨਿਪਟਾਰਾ ਤੁਰੰਤ ਪ੍ਰਭਾਵ ਨਾਲ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਦੌਰਾ ਕਰਕੇ ਮੌਕੇ ਦਾ ਜਾਇਜ਼ਾ ਲੈਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਨਿਰਦੇਸ਼ ਦਿੰਦਿਆਂ ਕਿਹਾ ਕਿ ਸਨਅਤਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਖਾਸ ਕਰ ਜ਼ਿਲ੍ਹਾ ਪੱਧਰ ਨਾਲ ਸਬੰਧਤ ਮੁਸ਼ਕਲਾਂ ਦੇ ਨਿਪਟਾਰੇ ਲਈ ਫੌਰੀ ਕਦਮ ਚੁੱਕੇ ਜਾਣ।



## ਰਾਹੁਲ ਗਾਂਧੀ ਦੀ ਮਨਰੇਗਾ ਬਚਾਓ ਰੈਲੀ ਭਲਕੇ

**ਮੋਹਾਲੀ (ਗੁਰਜੀਤ ਬਿੱਲਾ)-** ਹਲਕਾ ਮੋਹਾਲੀ ਦੇ ਇੰਡਸਟਰੀਅਲ ਏਰੀਆ ਫੇਜ਼-1 ਸਥਿਤ ਦਫ਼ਤਰ ਵਿੱਚ ਸਾਬਕਾ ਸਿਹਤ ਮੰਤਰੀ ਪੰਜਾਬ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਵੱਲੋਂ 28 ਫ਼ਰਵਰੀ ਨੂੰ ਰਾਹੁਲ ਗਾਂਧੀ ਦੀ ਅਗਵਾਈ ਹੇਠ ਬਰਨਾਲਾ ਵਿਖੇ ਹੋਣ ਵਾਲੀ 'ਮਨਰੇਗਾ ਬਚਾਓ ਸੰਘਰਸ਼ ਮਹਾਂ ਰੈਲੀ' ਦੇ ਸੰਬੰਧ ਵਿੱਚ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਖਾਸ ਤੌਰ 'ਤੇ ਪੰਜਾਬ ਕਾਂਗਰਸ ਕਮੇਟੀ ਵੱਲੋਂ ਜ਼ਿਲ੍ਹਾ ਮੋਹਾਲੀ ਦੇ ਲਗਾਏ ਗਏ ਇੰਚਾਰਜ ਮਨਜੀਤ ਸਿੰਘ ਝੱਲਬੂਟੀ, ਮੋਹਾਲੀ ਜ਼ਿਲ੍ਹਾ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ, ਕੋਆਰਡੀਨੇਟਰ ਰਾਜੇਸ਼ ਗੁਪਤਾ, ਮੋਹਾਲੀ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ ਜੀ ਨੇ ਸ਼ਿਰਕਤ ਕੀਤੀ। ਉਨ੍ਹਾਂ ਦੀ ਆਮਦ ਨਾਲ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।




# 'ਸੱਤਾ ਪ੍ਰਾਪਤ ਕਰੋ' ਰੈਲੀ ਦੇ ਸੰਬੰਧ 'ਚ ਮੀਟਿੰਗ

**ਬੰਗਾ (ਅਵਤਾਰ ਕਲੇਰ)-** ਬਹੁਜਨ ਸਮਾਜ ਪਾਰਟੀ ਦੀ ਇੱਕ ਅਹਿਮ ਦੋਆਬਾ ਪੱਧਰੀ ਮੀਟਿੰਗ ਬਹਿਰਾਮ ਵਿਖੇ ਹੋਈ। ਜਿਸ ਵਿੱਚ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੇਂਦਰੀ ਇੰਚਾਰਜ ਚੰਡੀਗੜ੍ਹ, ਡਾ ਅਵਤਾਰ ਸਿੰਘ ਕਰੀਮਪੁਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਇੱਕ ਵੱਡਾ ਐਲਾਨ ਕੀਤਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਨ ਦੇ ਸਬੰਧ ਵਿੱਚ 15 ਮਾਰਚ ਨੂੰ ਬਹਿਰਾਮ ਦੀ ਦਾਣਾ ਮੰਡੀ ਦੇ ਮੈਦਾਨ ਵਿੱਚ ਸੂਬਾ ਪੱਧਰੀ 'ਸੱਤਾ ਪ੍ਰਾਪਤ ਕਰੋ ਰੈਲੀ' ਆਯੋਜਿਤ ਕੀਤੀ ਜਾਵੇਗੀ।ਪੰਜਾਬ ਦੀ ਤਬਦੀਲੀ ਲਈ ਬਸਪਾ ਦਾ ਸੰਕਲਪ ਪ੍ਰੈਸ ਨੋਟ ਰਾਹੀਂ ਡਾ. ਕਰੀਮਪੁਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਸੁਧਾਰਨ ਲਈ ਬਸਪਾ ਹੀ ਇੱਕੋ-ਇੱਕ ਵਿਕਲਪ ਹੈ। ਉਨ੍ਹਾਂ ਨੇ ਰੈਲੀ ਦੇ ਮੁੱਖ ਏਜੰਡੇ ਤੇ ਪਾਰਟੀ ਦੇ ਸੰਕਲਪਾਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਬਸਪਾ ਦੀ ਸਰਕਾਰ ਆਉਣ 'ਤੇ ਹੇਠ ਲਿਖੇ ਮੁੱਦਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮਜ਼ਦੂਰਾਂ ਨੂੰ ਆਤਮ-ਨਿਰਭਰ ਬਣਾਉਣ ਲਈ ਵਿਸ਼ੇਸ਼ ਨੀਤੀਆਂ ਬਣਾਈਆਂ ਜਾਣਗੀਆਂ।ਮੁਲਾਜ਼ਮਾਂ ਦੀਆਂ ਮੰਗਾਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਦਿਆਂ ਉਨ੍ਹਾਂ ਦਾ 16% ਡੀ ਏ ਤੁਰੰਤ ਜਾਰੀ ਕੀਤਾ ਜਾਵੇਗਾ। ਡਾ. ਕਰੀਮਪੁਰੀ ਨੇ ਸਮੂਹ ਪੰਜਾਬੀਆਂ ਤੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ 15 ਮਾਰਚ ਦੀ ਇਸ ਰੈਲੀ ਵਿੱਚ ਵੱਧ-ਚੜ੍ਹ ਕੇ ਪਹੁੰਚਣ ਤਾਂ ਜੋ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਬਦਲਾਅ ਲਿਆਂਦਾ ਜਾ ਸਕੇ। ਇਸ ਮੌਕੇ ਚੌਧਰੀ ਗੁਰਨਾਮ ਸਿੰਘ, ਤੀਰਥ ਰਾਜਪੁਰਾ, ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਪਰਵੀਨ ਬੰਗਾ,ਠੇਕੇਦਾਰ ਭਗਵਾਨ ਦਾਸ, ਦਿਲਬਾਗ ਚੰਦ. ਬਲਾਚੌਰ, ਮਨਿੰਦਰ ਸ਼ੇਰਪੁਰੀ, ਸੁਖਦੇਵ ਬਿੱਟਾ, ਰਕੇਸ਼ ਕੁਮਾਰ,ਜਗਦੀਸ਼ ਸ਼ੇਰਪੁਰੀ, ਸਰਬਜੀਤ ਜਾਫਰਪਰ,ਦਲਜੀਤ ਰਾਏ, ਡਾ ਜਸਵੰਤ ਸਿੰਘ ਤੋਂ ਇਲਾਵਾ ਹੋਰ ਪਾਰਟੀ ਦੇ ਵਿਧਾਨ ਸਭਾ ਦੇ ਆਗੂ ਅਤੇ ਸੈਕਟਰਾਂ ਦੇ ਆਗੂ ਸਾਹਿਬਾਨ ਵੱਡੀ ਪੱਧਰ ਤੇ ਵਰਕਰ ਸਮਰਥਕ ਮੌਜੂਦ ਸਨ।




## ਦਿਵਿਆਂਗਜਨਾਂ ਲਈ ਕੈਂਪ 7 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਚਲਾਈ ਜਾ ਰਹੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ ਸਮੂਹ ਦਿਵਿਆਂਗਜਨਾਂ ਦੀ ਭਲਾਈ ਲਈ ਇੱਕ ਮਹੱਤਵਪੂਰਨ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਵਿੱਚ ਸੁਸਾਇਟੀ ਵੱਲੋਂ ਬਹੁਤ ਜਲਦ ਹੀ ਇੱਕ ਮੈਗਾ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਸਰੀਰਕ ਤੌਰ 'ਤੇ ਅਪੰਗ ਵਿਅਕਤੀਆਂ ਨੂੰ ਸਹਾਇਕ ਉਪਕਰਨ ਜਿਵੇਂ ਕਿ ਵੀਲ੍ਹ ਚੇਅਰਜ਼, ਕੰਨਾ ਦੀਆਂ ਮਸ਼ੀਨਾਂ, ਕੈਲੀਪਰ ਫਾਰ ਪੋਲੀਓ ਪੇਸ਼ੈਂਟ, ਬੈਸਾਖੀਆਂ, ਕੂਹਣੀ ਬੈਸਾਖੀਆਂ ਅਤੇ ਬਨਾਵਟੀ ਅੰਗ ਜਿਵੇਂ ਬਨਾਵਟੀ ਹੱਥ ਅਤੇ ਬਨਾਵਟੀ ਲੱਤਾ ਆਦਿ ਮੁਫ਼ਤ ਵੰਡੇ ਜਾਣਗੇ। ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਕਿਹਾ ਕਿ ਜਿਹੜੇ ਦਿਵਿਆਂਗ ਵਿਅਕਤੀ ਇਸ ਕੈਂਪ ਦਾ ਲਾਭ ਲੈਣਾ ਚਾਹੁੰਦੇ ਹਨ, ਉਹ ਮਿਤੀ 7 ਮਾਰਚ ਤੱਕ ਆਪਣੀਆਂ ਅਰਜੀਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਦੇ ਦਫ਼ਤਰ ਵਿਖੇ ਸੋਮਵਾਰ ਤੋਂ ਸ਼ੁੱਕਰਵਾਰ (ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ) ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਜਮ੍ਹਾਂ ਕਰਵਾ ਸਕਦੇ ਹਨ ਜਾਂ ਫਿਰ ਮੋਬਾਇਲ ਨੰਬਰ 81462-41296 'ਤੇ ਕਾਲ ਕਰਕੇ ਵੀ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਇਸ ਕੈਂਪ ਵਿੱਚ ਸ਼ਾਮਲ ਹੋਏ ਦਿਵਿਆਂਗਾਂ ਨੂੰ 30 ਦਿਨਾਂ ਦੇ ਅੰਦਰ- ਅੰਦਰ ਹੀ ਸਹਾਇਕ ਉਪਕਰਣ ਮੁਹੱਈਆ ਕਰਵਾਏ ਜਾਣਗੇ।

# ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ... (ਸ.ਫ਼ਾ 4 ਦੀ ਬਾਕੀ)

6 ਜੂਨ ਨੂੰ ਨੰਦਾਚੌਰ ਦਾ ਪਟਵਾਰੀ ਅਤਾ ਮੁਹੰਮਦ ਜੋ ਅਕਾਲੀਆਂ ਵਿਰੁੱਧ ਪੁਲਸ ਦੇ ਆਖੇ ਝੂਠੀਆਂ ਗਵਾਹੀਆਂ ਦਿਆ ਕਰਦਾ ਸੀ, ਧੰਨਾ ਸਿੰਘ ਕੋਟਲੀ, ਦਲੀਪਾ ਅਤੇ ਬੰਤਾ ਧਾਮੀਆਂ ਨੇ ਧਾਮੀਆਂ ਦੇ ਰਸਤੇ ਵਿੱਚ ਹੀ ਛਵੀਆਂ ਨਾਲ ਵੱਢ ਸੁੱਟਿਆ। ਹੁਣ ਦੁਆਬੇ ਵਿੱਚ ਬੱਬਰਾਂ 'ਤੇ ਸਖ਼ਤੀ ਵਧ ਰਹੀ ਸੀ ਤਾਂ ਬਾਬੂ ਸੰਤਾ ਸਿੰਘ ਨੇ ਸੰਤ ਕਰਤਾਰ ਸਿੰਘ ਪਰਾਗਪੁਰ ਦੇ ਆਖੇ ਲੱਗ ਕੇ ਮਾਲਵੇ ਵਿੱਚ ਉਸ ਦੇ ਦੱਸੇ ਟਿਕਾਣਿਆਂ 'ਤੇ ਦਿਨ ਕਟੀ ਕਰਨੀ ਚਾਹੀ। ਦਲੀਪਾ ਧਾਮੀਆ 'ਤੇ ਅਨੂਪ ਸਿੰਘ ਮਾਣਕੋ ਵੀ ਉਨ੍ਹਾਂ ਦੇ ਨਾਲ ਸੰਤ ਦੇ ਦੱਸੇ ਟਿਕਾਣੇ 'ਤੇ ਪੁੱਜ ਗਏ, ਜਿੱਥੇ ਅਗਲੇ ਦਿਨ ਸੰਤ ਵੀ ਆ ਗਿਆ। ਉਸ ਸੰਤਾ ਸਿੰਘ ਨੂੰ ਆਪਣੇ ਨਾਲ ਲੈ ਕੇ ਦੂਜਿਆਂ ਨੂੰ ਕਿਹਾ ਕਿ ਇਨ੍ਹਾਂ ਨੂੰ ਟਿਕਾਣੇ ਲਾ ਕੇ, ਫਿਰ ਤੁਹਾਨੂੰ ਵੀ ਲੈ ਜਾਵਾਂਗਾ। 19 ਜੂਨ 1923 ਦੀ ਰਾਤ ਸ੍ਰ. ਈਸ਼ਰ ਸਿੰਘ ਲਸੰਸੀਏ ਦੇ ਘਰ ਪਿੰਡ ਨਾਈਵਾਲੇ ਪੁੱਜ ਗਏ। ਸੰਤ ਦੇ ਕਹਿਣ 'ਤੇ 12 ਬੋਰ ਦੀਆਂ ਗੋਲੀਆਂ ਵੀ ਸਾਰੀਆਂ ਈਸ਼ਰ ਸਿੰਘ ਦੇ ਘਰ ਰੱਖ ਕੇ 20 ਜੂਨ ਨੂੰ ਬਾਬੂ ਜੀ ਤੇ ਸੰਤ ਬਰਨਾਲੇ ਪੁੱਜ ਗਏ। ਸੰਤ ਨੇ ਲਾਰਾ ਲਾਇਆ ਕਿ ਐਵੇਂ ਭਾਰ ਨਾ ਚੁੱਕੀ ਫਿਰੋ, ਜਦੋਂ ਲੋੜ ਹੋਈ, ਮੈਂ ਇਹ ਤੇ ਹੋਰ ਗੋਲੀਆਂ ਵੀ ਇੱਥੋਂ ਲੈ ਕੇ ਪੁੱਜਦੀਆਂ ਕਰਾਂਗਾ। ਬਾਬੂ ਨੂੰ ਬਰਨਾਲੇ ਸੰਤ ਨੇ ਟਿਕਟ ਦੇ ਕੇ ਗੱਡੀ 'ਤੇ ਬਿਠਾਇਆ ਅਤੇ ਇਸੇ ਦੌਰਾਨ ਉਹਨੇ ਪੁਲਸ ਨਾਲ ਸਾਰੀ ਗੱਲ ਮਿੱਥ ਲਈ ਸੀ। ਸੋ ਤਪੇ ਸਟੇਸ਼ਨ 'ਤੇ ਪੁਲਸ ਨੇ ਬਾਬੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਬਾਬੂ ਸੰਤਾ ਸਿੰਘ ਦੀ ਗਠੜੀ ਵਿੱਚ ਮਿਲੇ ਕਾਗਜ਼ਾਂ ਸਦਕਾ ਪੁਲਸ ਨੇ ਉਡਾਰੂ ਪ੍ਰੈੱਸ ਵੀ ਫੜ ਲਈ। ਬਾਬੂ ਜੀ ਦੇ ਬਿਆਨਾਂ ਦੇ ਆਧਾਰ 'ਤੇ 30 ਜੂਨ ਨੂੰ ਕਰਤਾਰ ਸਿੰਘ ਬੁੜੇ ਬਾੜੀਆਂ, 6 ਜੁਲਾਈ ਨੂੰ ਬੇਲਾ ਸਿੰਘ ਪਲਾਹੀ ਆਦਿ 9 ਹੋਰ ਬੱਬਰ ਪੁਲਸ ਦੇ ਕਾਬੂ ਆ ਗਏ। ਇਸੇ ਕਾਰਨ ਦਲੇਲ ਸਿੰਘ ਮੰਨਣਹਾਨਾ ਵੀ ਫੜਿਆ ਗਿਆ। ਜਗਤ ਸਿੰਘ ਪ੍ਰਨਾਲੀਆ ਨੇ ਧੋਖੇ ਨਾਲ ਰਾਮ ਸਿੰਘ ਮੁਜਾਰਾ ਕਲਾਂ ਨੂੰ 4 ਜੁਲਾਈ ਨੂੰ ਪੁਲਸ ਹਵਾਲੇ ਕਰਵਾ ਕੇ ਕੁਝ ਹੋਰ ਬੱਬਰਾਂ ਦੀ ਗ੍ਰਿਫ਼ਤਾਰੀ ਦਾ ਰਾਹ ਪੱਧਰਾ ਕੀਤਾ।

15-16 ਜੁਲਾਈ 1923 ਦੀ ਰਾਤ ਇੱਕ ਵੱਡੇ ਮੁਖ਼ਬਰ ਅਤੇ ਸਪੈਸ਼ਲ ਪੁਲਸ, ਜੋ ਬੱਬਰਾਂ ਵਾਸਤੇ ਹੀ ਬਣੀ ਸੀ, ਵਿੱਚ ਭਰਤੀ ਹੋਏ, ਬਿਸ਼ਨ ਸਿੰਘ ਸਾਂਧੜੇ, ਉਪਰ ਦਲੀਪਾ ਧਾਮੀਆਂ, ਵਰਿਆਮ ਸਿੰਘ ਧੁੱਗਾ ਅਤੇ ਧੰਨਾ ਸਿੰਘ ਕੋਟਲੀ ਨੇ ਹਮਲਾ ਬੋਲ ਕੇ ਉਸ 'ਤੇ ਛਵੀਆਂ ਦੇ ਕਈ ਟੱਕ ਲਾ ਕੇ ਮਰਿਆ ਸਮਝ ਕੇ ਚਲੇ ਗਏ, ਪਰ ਉਹ ਬਾਅਦ ਵਿੱਚ ਬਚ ਰਿਹਾ ਸੀ।

25 ਅਪ੍ਰੈਲ 1923 ਨੂੰ ਸਰਕਾਰ ਵੱਲੋਂ ਇਸ਼ਤਿਹਾਰ ਲਾਇਆ ਗਿਆ ਕਿ ਇਨ੍ਹਾਂ ਬੰਦਿਆਂ ਦੇ ਕਾਤਲਾਂ ਨੂੰ ਫੜਾਉਣ ਵਾਲਿਆਂ ਨੂੰ ਛੇ ਮਰੱਬੇ ਨਹਿਰੀ ਜ਼ਮੀਨ ਦਾ ਇਨਾਮ ਦਿੱਤਾ ਜਾਏਗਾ।

1. ਕਤਲ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਆ 2. ਕਤਲ ਬੂਟਾ ਲੰਬੜਦਾਰ ਨੰਗਲ ਸ਼ਾਮਾ 3. ਕਤਲ ਲਾਭ ਸਿੰਘ ਮਿਸਤਰੀ 4. ਕਤਲ ਹਜ਼ਾਰਾ ਸਿੰਘ ਲੰਬੜਦਾਰ ਬਹਿਬਲਪੁਰ ਅਤੇ 5. ਕਤਲ ਗੇਂਦਾ ਸਿੰਘ ਘੜਿਆਲ, ਹੁਣ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਅਤੇ ਧੰਨਾ ਸਿੰਘ ਬਹਿਬਲਪੁਰ ਤੇ ਕਰਮਵਾਰ ਤਿੰਨ ਹਜ਼ਾਰ ਅਤੇ ਦੋ-ਦੋ ਹਜ਼ਾਰ ਰੁਪਏ ਇਨਾਮ ਗ੍ਰਿਫ਼ਤਾਰੀ ਕਰਵਾਉਣ ਵਾਲੇ ਲਈ ਰੱਖੇ ਗਏ। ਬੰਤਾ, ਦਲੀਪਾ ਦੋਵੇਂ ਧਾਮੀਆਂ ਤੇ ਵਰਿਆਮ ਸਿੰਘ ਧੁੱਗਾ ਦਾ ਇਨਾਮ ਇੱਕ-ਇੱਕ ਹਜ਼ਾਰ ਰੁਪਏ ਰੱਖਿਆ ਗਿਆ।

ਡੀ ਸੀ ਜਲੰਧਰ ਨੇ ਬੱਬਰ ਅਨੂਪ ਸਿੰਘ ਨੂੰ ਉਸ ਦੇ ਚਾਚੇ ਅਤੇ ਸਿੰਘਣੀ ਰਾਹੀਂ ਬੱਬਰਾਂ ਦਾ ਭੇਦ ਦੇਣ ਲਈ ਤਿਆਰ ਕਰ ਲਿਆ। 31 ਅਗਸਤ 1923 ਦੇ ਤੜਕੇ ਸੱਤ ਬੱਬਰ ਰਾਮਗੜ੍ਹੀਆਂ ਦੀ ਕੋਠੀ ਡੁਮੇਲੀ ਵਿੱਚ ਸੁਰਜਨ ਸਿੰਘ ਪਾਸ ਠਹਿਰੇ ਸਨ ਦਿਨ ਭਰ ਰੁਕਣ ਲਈ। ਇਹ ਸਨ ਕਰਮ ਸਿੰਘ ਦੌਲਤਪੁਰ, ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਧੰਨਾ ਸਿੰਘ ਬਹਿਬਲਪੁਰ, ਦਲੀਪਾ ਧਾਮੀਆ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਬਿਸ਼ਨ ਸਿੰਘ ਮਾਂਗਟਾਂ ਅਤੇ ਅਨੂਪ ਸਿੰਘ ਮਾਣਕੋ। ਮਾਣਕੋ ਨੇ ਪਿਛਲੀ ਰਾਤ ਤੋਂ ਹੀ ਮਰੋੜ ਲੱਗੇ ਹੋਣ ਦਾ ਬਹਾਨਾ ਬਣਾ ਲਿਆ। ਰਾਤ ਦੇ ਪਰਸ਼ਾਦੇ ਛਕ ਕੇ ਜਥਾ ਨੇੜਲੇ ਪਿੰਡ ਬੱਬੇਲੀ ਲਈ ਚੱਲ ਪਿਆ ਅਤੇ ਵੱਡੇ ਕਰਤਾਰ ਸਿੰਘ ਡੁਮੇਲੀ ਨੂੰ ਵੀ ਨਾਲ ਲੈ ਲਿਆ। ਅੱਧੇ ਕੁ ਰਾਹ ਵਿੱਚ ਅਨੂਪ ਸਿੰਘ ਮਰੋੜਾਂ ਦੇ ਬਹਾਨੇ ਖਿਸਕ ਗਿਆ ਕਿ ਮੈਂ ਸਵੇਰੇ ਆ ਮਿਲਾਂਗਾ। ਧੰਨਾ ਸਿੰਘ ਬਹਿਬਲਪੁਰੀਆ, ਉਸ ਦੀ ਬਦਲੀ ਅੱਖ ਪਛਾਣ ਗਿਆ ਸੀ, ਪਰ ਬੱਬਰ ਕਰਮ ਸਿੰਘ ਕਹਿਣ ਕਿ ਉਹ ਤਾਂ ਮੇਰਾ ਧਰਮ ਦਾ ਪੁੱਤਰ ਬਣਿਆ ਹੈ, ਤੁਸੀਂ ਐਵੇਂ ਸ਼ੱਕ ਨਾ ਕਰੋ। ਧੰਨਾ ਸਿੰਘ ਦਲੀਪੇ ਨੂੰ ਨਾਲ ਲੈ ਕੇ ਜਥੇ ਤੋਂ ਅੱਡਰਾ ਹੋ ਗਿਆ। ਉਧਰ ਅਨੂਪ ਸਿੰਘ ਨੇ ਆਪਣੇ ਚਾਚੇ ਦੀ ਮਾਰਫਤ ਸਾਰੀ ਚਾਲ ਚੱਲ ਲਈ। ਪੁਲਸ ਅਫ਼ਸਰਾਂ ਨੂੰ ਜਥੇ ਦੇ ਬੱਬੇਲੀ ਟਿਕੇ ਹੋਣ ਦੀ... ਸੂਹ ਮਿਲ ਗਈ। ਐਸ ਪੀ ਸਮਿੱਥ ਦੋ ਹਜ਼ਾਰ ਫੌਜ, ਪੁਲਸ ਤੇ ਰਸਾਲਾ ਲੈ ਕੇ ਬੱਬੇਲੀ ਨੂੰ ਆ ਘੇਰਿਆ। ਘੇਰਾ ਪੈਂਦਿਆਂ ਹੀ ਅਨੂਪ ਸਿੰਘ ਨੇ ਹੱਥ ਖੜੇ ਕਰਕੇ ਗ੍ਰਿਫ਼ਤਾਰੀ ਦੇ ਦਿੱਤੀ। ਜਦੋਂ ਬੱਬਰਾਂ ਨੇ ਆਪੋ ਆਪਣੇ ਹਥਿਆਰ ਚੁੱਕੇ ਤਾਂ ਇਹ ਸਭ ਪਹਿਲਾਂ ਹੀ ਅਨੂਪ ਸਿੰਘ ਦੁਆਰਾ ਨਕਾਰਾ ਕਰ ਦਿੱਤੇ ਗਏ ਸਨ। ਜੇ ਇੱਕ ਅੱਧ ਬੰਦੂਕ ਠੀਕ ਸੀ ਤਾਂ ਕਾਰਤੂਸਾਂ ਵਾਲਾ ਥੈਲਾ ਗਾਇਬ ਸੀ। ਹੁਣ ਇਹ ਬੱਬਰ ਪੁਲਸ ਦੇ ਘੇਰੇ ਵਿੱਚ ਚੋਅ ਵੱਲ ਵਧੇ ਤਾਂ ਕਿ ਪਾਰ ਜਾ ਕੇ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਵਿੱਚ ਓਟ ਲੈਣ, ਪਰ ਭਾਰੀ ਗੋਲੀਬਾਰੀ ਹੋਣ ਕਾਰਨ ਮਹਿੰਦਰ ਸਿੰਘ ਅਤੇ ਉਦੇ ਸਿੰਘ ਚੋਅ ਵਿੱਚ ਅਤੇ ਐਡੀਟਰ ਕਰਮ ਸਿੰਘ ਪਾਰਲੇ ਕੰਢੇ ਪੁੱਜ ਕੇ ਸ਼ਹੀਦ ਹੋ ਗਿਆ। ਬਿਸ਼ਨ ਸਿੰਘ ਮਾਂਗਟ ਨੇ ਮਰਦੇ-ਮਰਦੇ ਵੀ ਇਕ ਰਸਾਲੇ ਦੇ ਘੋੜ ਸੁਆਰ ਦੇ ਪੇਟ ਵਿੱਚ ਕਿਰਪਾਨ ਵਾਹ ਦਿੱਤੀ ਅਤੇ ਉਹ ਵੀ ਗੋਲੀਆਂ ਦੀ ਵਾਛੜ ਹੇਠ ਆ ਕੇ ਜੂਝ ਗਿਆ।

ਬੱਬਰ ਲਹਿਰ ਦੀ ਤਾਰੀਖ ਵਿੱਚ ਬੱਬੇਲੀ ਦੇ ਸਾਕੇ ਜਿਹਾ ਹੀ ਮੰਨਣਹਾਣੇ ਦਾ ਸਾਕਾ ਮਸ਼ਹੂਰ ਹੈ। ਇੱਕ ਮੁਖ਼ਬਰ ਜਵਾਲਾ ਸਿੰਘ ਨੇ ਦਲੀਪੇ ਧਾਮੀਏ ਨੂੰ ਬਾਰ ਵੱਲ ਲਿਜਾ ਕੇ ਗ੍ਰਿਫ਼ਤਾਰ ਕਰਵਾ ਦਿੱਤਾ ਅਤੇ ਫਿਰ ਧੰਨਾ ਸਿੰਘ ਦੀ ਭਾਲ ਵਿੱਚ ਦੁਆਬੇ ਪਰਤ ਆਇਆ। ਦਲੀਪੇ ਦਾ ਪਤਾ ਕਰਨ ਧੰਨਾ ਸਿੰਘ ਖੁਦ 24 ਅਕਤੂਬਰ 1923 ਨੂੰ ਜਵਾਲਾ ਸਿੰਘ ਪਾਸ ਉਸ ਦੇ ਪਿੰਡ ਜਿਆਨ ਪੁੱਜ ਗਿਆ। ਜਵਾਲਾ ਸਿੰਘ ਨੇ ਧੰਨਾ ਸਿੰਘ ਨੂੰ ਕਿਹਾ ਕਿ ਦਲੀਪਾ ਉੱਥੇ ਬੜੀਆਂ ਮੌਜਾਂ ਵਿੱਚ ਹੈ ਅਤੇ ਧੰਨਾ ਸਿੰਘ ਨੂੰ ਪ੍ਰਸ਼ਾਦਾ ਛਕਾ ਕੇ ਆਪਣੇ ਕਮਾਦ ਵਿੱਚ ਛੱਡ ਆਇਆ। ਹੁਣ ਜਵਾਲਾ ਸਿੰਘ ਮਾਹਿਲਪੁਰ ਦੇ ਥਾਣੇ ਜਾ ਹਾਜ਼ਰ ਹੋਇਆ ਤੇ ਸਾਰੀ ਇਤਲਾਹ ਧੰਨਾ ਸਿੰਘ ਬਾਰੇ ਦੇ ਦਿੱਤੀ, ਪਰ ਉਸ ਇਹ ਵੀ ਕਿਹਾ ਕਿ ਧੰਨਾ ਸਿੰਘ ਨੂੰ ਉਸ ਦੇ ਪਿੰਡੋਂ ਫੜਿਆਂ ਉਹਦਾ ਭੇਦ ਖੁੱਲ੍ਹ ਜਾਏਗਾ। ਹੁਸ਼ਿਆਰਪੁਰ ਦਾ ਐੱਸ ਪੀ ਹੌਰਟਨ ਵੀ ਧੰਨਾ ਸਿੰਘ ਵਰਗੇ ਨਾਮੀ ਬੱਬਰ ਨੂੰ ਆਪਣੇ ਜ਼ਿਲ੍ਹੇ ਵਿੱਚੋਂ ਗ੍ਰਿਫ਼ਤਾਰ ਕਰਨਾ ਚਾਹੁੰਦਾ ਸੀ।

ਹੁਣ ਜੁਆਲਾ ਸਿੰਘ ਕਿਸੇ ਤਰ੍ਹਾਂ ਮੰਨਣ ਹਾਨੇ ਕਰਮ ਸਿੰਘ ਦੇ ਘਰ ਧੰਨਾ ਸਿੰਘ ਨੂੰ ਲੈ ਆਇਆ। ਇਹ ਕਰਮ ਸਿੰਘ ਉਸ ਦਾ ਰਿਸ਼ਤੇਦਾਰ ਸੀ। ਬੱਬਰ ਦੀ ਗ੍ਰਿਫ਼ਤਾਰੀ ਅਤੇ ਇਨਾਮ ਅੱਧਾ-ਅੱਧਾ ਕਰਮ ਸਿੰਘ ਨਾਲ ਵੰਡਣਾ ਤਹਿ ਕਰ ਲਿਆ। ਕਰਮ ਸਿੰਘ ਦੇ ਇਤਲਾਹ ਦੇਣ 'ਤੇ ਧੰਨਾ ਸਿੰਘ ਨੂੰ ਪੰਜ-ਛੇ ਸਿਪਾਹੀਆਂ ਨੇ ਸੁੱਤੇ ਨੂੰ ਹੀ ਘੇਰ ਲਿਆ। ਜਦੋਂ ਧੰਨਾ ਸਿੰਘ ਹੱਥਕੜੀ ਲਾਉਣ ਲੱਗੇ ਤਾਂ ਉਸ ਨੇ ਇੱਕ ਬੰਬ ਜੋ ਉਸ ਨੇ ਆਪਣੇ ਕੱਪੜਿਆਂ ਵਿੱਚ ਲੁਕਾਇਆ ਸੀ, ਉਸ ਦਾ ਪਿੰਨ ਖਿੱਚ ਦਿੱਤਾ, ਇਸ ਨਾਲ ਉਸ ਦਾ ਸੱਜਾ ਪਾਸਾ ਤੂੰਬਾ-ਤੂੰਬਾ ਹੋ ਗਿਆ ਅਤੇ ਪਾਸ ਖਲੋਤੇ ਪੰਜ ਪੁਲਸ ਸਿਪਾਹੀ ਤੇ ਮੁਲਾਜ਼ਮ ਵੀ ਮਾਰੇ ਗਏ। ਐੱਸ ਪੀ ਹੌਰਟਨ ਅਤੇ ਛੋਟਾ ਪੁਲਸ ਕਪਤਾਨ ਜੈਨਕਿਨ ਤੇ ਸਿਪਾਹੀ ਮਦਾਰੀ ਖਾਂ ਜ਼ਖ਼ਮੀ ਹੋ ਗਏ। ਜੈਨਕਿਨ ਦੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ, ਪਰ ਹੌਰਟਨ ਛੇਤੀ ਬਾਅਦ ਮਰ ਗਿਆ, ਕਿਹਾ ਜਾਂਦਾ ਹੈ ਕਿ ਜ਼ਖ਼ਮੀ ਹੌਰਟਨ ਬੜਾਅ-ਬੜਾਅ ਕੇ ਉੱਠਦਾ ਸੀ-"ਹਾਇ ਧੰਨਾ ਸਿੰਘ ਆ ਗਿਆ।"

28 ਜਨਵਰੀ 1925 ਨੂੰ ਸੈਸ਼ਨ ਜੱਜ ਨੇ ਜਥੇਦਾਰ ਕਿਸ਼ਨ ਸਿੰਘ ਬੜਿੰਗਾਂ, ਕਰਮ ਸਿੰਘ ਮਾਣਕੋ, ਨੰਦ ਸਿੰਘ ਘੁੜਿਆਲ, ਬਾਬੂ ਸੰਤਾ ਸਿੰਘ, ਦਲੀਪਾ ਧਾਮੀਆਂ ਅਤੇ ਧਰਮ ਸਿੰਘ ਹਿਆਤਪੁਰ ਨੂੰ ਮ੍ਰਿਤੂ ਦੰਡ ਸੁਣਾ ਦਿੱਤਾ, ਹਾਈਕੋਰਟ ਤੋਂ ਸਜ਼ਾ ਦੀ ਪੁਸ਼ਟੀ ਬਾਅਦ 27 ਫ਼ਰਵਰੀ 1926, ਸ਼ਨੀਵਾਰ, ਇਨ੍ਹਾਂ ਛੇਆਂ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ। ਇਹ ਬੜੇ ਜਾਹੋ-ਜਲਾਲ ਨਾਲ ਫਾਂਸੀ ਦੇ ਫੱਟਿਆਂ ਵੱਲ ਵਧੇ। ਜਥੇਦਾਰ ਕਿਸ਼ਨ ਸਿੰਘ ਨੇ ਆਖਰੀ ਇੱਛਾ ਆਪਣੇ ਲੋਕਾਂ ਦੇ ਨਾਂ ਇਕ ਤਕਰੀਰ ਕਰਨੀ ਚਾਹੀ, ਜੋ ਪੂਰੀ ਨਾ ਹੋਈ। ਅੱਜ ਇਨ੍ਹਾਂ ਮਹਾਨ ਸ਼ਹੀਦਾਂ ਦੀ ਪਹਿਲੀ ਸ਼ਤਾਬਦੀ ਸਾਨੂੰ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸਮਤਾ ਮੂਲਕ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ।

# ਸੰਪਰਕ : 99963-71716, ਕਰੀਵਾਲਾ (ਸਿਰਸਾ) ਹਰਿਆਣਾ

# ਸੰਧੂ ਚੱਠਾ 'ਚ ਸਾਲਾਨਾ ਛਿੰਝ ਮੇਲਾ ਉਤਸ਼ਾਹ ਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ

**ਕਾਲਾ ਸੰਘਿਆ (ਮਨਜੀਤ ਮਾਨ)-** ਸਥਾਨਕ ਕਸਬਾ ਕਾਲਾ ਸੰਘਿਆਂ ਦੇ ਨੇੜੇ ਪੈਂਦੇ ਪਿੰਡ ਪਿੰਡ ਸੰਧੂ ਚੱਠਾ ਵਿਖੇ ਪੀਰ ਬਾਬਾ ਲੱਖ ਦਾਤਾ ਲਾਲਾਂ ਵਾਲਾ ਪੀਰ ਦੀ ਯਾਦ ਵਿੱਚ ਮਰਹੂਮ ਬਾਬਾ ਉਜਾਗਰ ਸਿੰਘ ਅਕੂੜਾ ਦੀ ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਛਿੰਝ ਮੇਲਾ ਦਰਬਾਰ ਦੇ ਗੱਦੀਨਸ਼ੀਨ ਬਾਬਾ ਮਦਨ ਲਾਲ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਕੇਸ਼ ਖੋਸਲਾ ਉਰਫ਼ ਕਿਸੀ ਖੋਸਲਾ ਇਟਲੀ ਵੱਲੋਂ ਪਿੰਡ ਤੇ ਨਗਰ ਨਿਵਾਸੀਆਂ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਬਾਬਾ ਕਾਲਾ ਮੇਹਰ ਖੇਡ ਸਟੇਡੀਅਮ ਵਿਖੇ ਬਹੁਤ ਹੀ ਉਤਸ਼ਾਹ ਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਇਸ ਮੌਕੇ ਛਿੰਝ ਮੇਲੇ ਦੀ ਸ਼ੁਰੂਆਤ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਕੇਸ਼ ਖੋਸਲਾ ਉਰਫ਼ ਕਿਸੀ ਖੋਸਲਾ ਇਟਲੀ, ਸੈਕਟਰੀ ਮਨਜੀਤ ਸਿੰਘ ਸੋਹਲ, ਖਜ਼ਾਨਚੀ ਡਾ. ਨਿਰਮਲ ਸਿੰਘ, ਲਖਵੀਰ ਸਿੰਘ ਸ਼ੰਕਰ, ਲਵਪ੍ਰੀਤ ਸਿੰਘ ਖੋਸਲਾ ਇਟਲੀ ਸਮੇਤ ਸਮੂਹ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਪਟਕੇ ਦੀ ਕੁਸ਼ਤੀ ਤਾਲਬ ਬਾਬਾ ਫਲਾਹੀ ਤੇ ਹਮੀਦੀ ਈਰਾਨ ਦਰਮਿਆਨ ਹੋਈ। ਹਮੀਦੀ ਪਹਿਲਵਾਨ ਜੇਤੂ ਰਿਹਾ ਜਿਸ ਨੇ ਇੱਕ ਮੋਟਰਸਾਈਕਲ ਤੇ ਨਕਦ ਰਾਸ਼ੀ ਜਿੱਤੀ। ਪਟਕੇ ਦੀ 2 ਨੰਬਰ ਦੀ ਕੁਸ਼ਤੀ ਦਾ ਫਸਵਾਂ ਮੁਕਾਬਲਾ ਸ਼ਹਿਬਾਜ਼ ਆਲਮਗੀਰ ਤੇ ਲੱਕੀ ਕੁਹਾਲੀ ਵਿਚਕਾਰ ਹੋਇਆ, ਜਿਸ ਵਿਚ ਲੱਕੀ ਕੁਹਾਲੀ ਨੇ ਜਿੱਤ ਪ੍ਰਾਪਤ ਕੀਤੀ। ਪਟਕੇ ਦੀ 1 ਨੰਬਰ ਤੇ 2 ਨੰਬਰ ਕੁਸ਼ਤੀ ਦੇ ਜੇਤੂਆਂ ਨੂੰ ਮੋਟਰਸਾਈਕਲਾਂ ਨਾਲ ਸਨਮਾਨਿਤ ਕੀਤਾ ਗਿਆ। ਛਿੰਝ ਮੇਲੇ ਦੌਰਾਨ ਪ੍ਰਸਿੱਧ ਪਹਿਲਵਾਨ ਜਸਵਿੰਦਰ ਸਿੰਘ ਬਿੱਲੂ ਸੰਧੂ ਚੱਠਾ ਨੂੰ ਬੁਲੇਟ ਮੋਟਰਸਾਈਕਲ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕੋਚ ਤੇ ਰੈਫਰੀ ਦੀ ਜ਼ਿੰਮੇਵਾਰੀ ਸਾਬਕਾ ਅੰਤਰਰਾਸ਼ਟਰੀ ਪਹਿਲਵਾਨ ਲਹਿੰਬਰ ਸ਼ਾਹਕੋਟ, ਬਿੱਲੂ ਪਹਿਲਵਾਨ ਸੰਧੂ ਚੱਠਾ ਵੱਲੋਂ ਨਿਭਾਈ ਗਈ। ਕੁਮੈਂਟਰੀ ਦੀ ਜ਼ਿੰਮੇਵਾਰੀ ਪ੍ਰਸਿੱਧ ਕੁਮੈਂਟੇਟਰਜ਼ ਮੰਗਾ ਅਲੀ, ਦਵਿੰਦਰ ਕਿਲੀ ਤੇ ਸੋਢੀ ਟਿੱਬਾ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਛਿੰਝ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਕੇਸ਼ ਖੋਸਲਾ ਉਰਫ਼ ਕਿਸੀ ਖੋਸਲਾ ਇਟਲੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਦੀਆਂ ਤੋਂ ਆਪਣੇ ਪੁਰਖਿਆਂ ਦੀ ਯਾਦ ਵਿੱਚ ਛਿੰਝ ਮੇਲਾ ਕਰਵਾ ਕੇ ਉਨ੍ਹਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ। ਉਨ੍ਹਾਂ ਕਿਹਾ ਇਸ ਛਿੰਝ ਮੇਲੇ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਸ਼ਾਮ ਨੂੰ ਵਿਸ਼ਵ ਪ੍ਰਸਿੱਧ ਗਾਇਕ ਕੇ ਐੱਸ ਮੱਖਣ ਨੇ ਆਪਣੇ ਨਵੇਂ ਪੁਰਾਣੇ ਸੁਪਰਹਿਟ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਇਸ ਮੌਕੇ ਸੰਧੂ ਚੱਠਾ ਦੇ ਸਰਪੰਚ ਬੀਬੀ ਸੁਰਜੀਤ ਕੌਰ ਦੇ ਪਤੀ ਡਾ. ਸਤਪਾਲ ਸਾਬਕਾ ਪੰਚ, ਲਹਿੰਬਰ ਸਿੰਘ ਖੋਸਲਾ, ਜਨਕ ਰਾਜ ਖੋਸਲਾ, ਦੀਪਕ ਸਿੰਘ ਸ਼ੰਕਰ, ਪਿਆਰਾ ਸਿੰਘ ਸਾਬਕਾ ਸਰਪੰਚ, ਲਹਿੰਬਰ ਸਿੰਘ ਢਿੱਲੋਂ ਸਾਬਕਾ ਪੰਚ, ਬੂਟਾ ਸਿੰਘ ਫੋਰਮੈਨ, ਪਿਆਰਾ ਸਿੰਘ ਸੋਹਲ, ਅਮਰੀਕ ਸਿੰਘ, ਮੱਖਣ ਸਿੰਘ, ਸਾਬਕਾ ਇੰਸਪੈਕਟਰ ਜੋਗਿੰਦਰ ਸਿੰਘ ਵਾਇਸ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਅੱਛਰ ਸਿੰਘ ਕੈਨੇਡਾ, ਕੁਲਵੰਤ ਸਿੰਘ ਸੋਹਲ ਯੂਕੇ, ਕੁਲਦੀਪ ਸਿੰਘ ਸੋਹਲ, ਕਰਨੈਲ ਸਿੰਘ ਸਾਬਕਾ ਸਰਪੰਚ, ਜਸਵੰਤ ਸਿੰਘ ਸੋਹਲ, ਪਿਆਰਾ ਸਿੰਘ ਸਾਬਕਾ ਸਰਪੰਚ, ਹਰਭਜਨ ਸਿੰਘ ਸੋਹਲ ਯੂਕੇ, ਅਵਤਾਰ ਸਿੰਘ ਡੀਸੀ ਕੈਨੇਡਾ, ਇੰਸਪੈਕਟਰ ਰਾਮ ਸਿੰਘ, ਨਰਿੰਦਰ ਸਿੰਘ, ਸਾਧੂ ਸਿੰਘ ਫੋਰਮੈਨ, ਪਵਿੱਤਰ ਸਿੰਘ ਜਰਮਨ, ਏਐੱਸਆਈ ਅਮਰਜੀਤ ਸਿੰਘ, ਹੈਪੀ ਇਟਲੀ, ਪ੍ਰਕਾਸ਼ ਰਾਮ, ਰਾਮ ਸਿੰਘ ਇੰਸਪੈਕਟਰ ਪੰਜਾਬ ਪੁਲਿਸ, ਏਐੱਸਆਈ ਧਰਮ ਸਿੰਘ, ਦੇਬਾ ਢਿੱਲੋਂ, ਧਰਮ ਸਿੰਘ ਏ ਐੱਸ ਆਈ, ਐਨਮ ਜਿਊਲਰਜ਼, ਰਾਜੂ ਪੰਡਿਤ, ਹਰਪਾਲ ਸਿੰਘ ਪਾਲਾ ਟੇਲਰ, ਹਰਨੇਕ ਸਿੰਘ ਸਰਪੰਚ ਨਿੱਝਰਾਂ, ਪ੍ਰਧਾਨ ਸਾਬੀ ਰਸੂਲਪੁਰੀ, ਕਾਮਰੇਡ ਮੱਖਣ ਸਿੰਘ, ਕਾਮਰੇਡ ਰੌਣਕੀ ਰਾਮ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ।



## ਵਾਰਡ ਨੰਬਰ 3 ਦੇ ਰਹਿੰਦੇ ਵਿਕਾਸ ਕਾਰਜ ਮੁੜ ਤੋਂ ਸ਼ੁਰੂ : ਠੁਕਰਾਲ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਨਗਰ ਕੌਂਸਲ ਅਧੀਨ ਆਉਂਦੇ ਵਾਰਡ ਨੰਬਰ 3 ਦੇ ਵਿਕਾਸ ਕਾਰਜ ਮੁੜ ਤੋਂ ਸ਼ੁਰੂ ਹੋ ਚੁੱਕੇ ਹਨ। ਇਸ ਸਬੰਧੀ ਵਾਰਡ ਨੰਬਰ 3 ਦੀ ਗਲੀ ਨੰਬਰ 4/2 ਦਾ ਕੰਮ ਨਗਰ ਕੌਂਸਲ ਦਾ ਕਾਰਜਕਾਰੀ ਪ੍ਰਧਾਨ ਕੰਵਰਪਾਲ ਸਿੰਘ ਤੇ ਵਾਰਡ ਕੌਂਸਲਰ ਅਜੀਤ ਸਿੰਘ ਠੁਕਰਾਲ ਨੇ ਸਾਂਝੇ ਤੌਰ 'ਤੇ ਸ਼ੁਰੂ ਕਰਵਾਇਆ। ਇਸ ਮੌਕੇ ਸ੍ਰ. ਠੁਕਰਾਲ ਨੇ ਕਿਹਾ ਕਿ ਵਾਰਡ ਨੰਬਰ 3 ਦੇ ਲਗਭਗ ਸਾਰੇ ਕੰਮ ਮੁਕੰਮਲ ਹਨ, ਜਿਹੜੇ ਇੱਕਾ-ਦੁੱਕਾ ਰਹਿੰਦੇ ਹਨ, ਉਹ ਵੀ ਸ਼ੁਰੂ ਕਰਵਾਏ ਜਾ ਰਹੇ ਹਨ। ਅੱਜ ਗਲੀ ਨੰਬਰ 4/2 ਦਾ ਕੰਮ ਲੋਕਾਂ ਦੀ ਮੰਗ ਅਨੁਸਾਰ ਸ਼ੁਰੂ ਕਰਵਾਇਆ। ਉਨ੍ਹਾਂ ਦੱਸਿਆ ਕਿ ਇਹ ਗਲੀ ਲੋਕਾਂ ਮੁਤਾਬਿਕ ਬਣੇਗੀ, ਜਿੱਥੇ ਕਿੱਥੇ ਲੋਕਾਂ ਨੂੰ ਦਿੱਕਤ ਆਈ ਤਾਂ ਦੂਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸੜਕ ਸਬੰਧੀ ਠੇਕੇਦਾਰ ਨੂੰ ਸਖ਼ਤ ਹਦਾਇਤ ਕੀਤੀ ਕਿ ਕੰਮ ਸਹੀ ਢੰਗ ਨਾਲ ਕੀਤਾ ਜਾਵੇ, ਕਿਸੇ ਕੀਮਤ 'ਤੇ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਸ. ਠੁਕਰਾਲ ਨੇ ਕਿਹਾ ਕਿ ਵਾਰਡ ਨੰਬਰ 3 ਦੇ ਲੋਕਾਂ ਲਈ ਮੈਂ 24 ਘੰਟੇ ਹਾਜ਼ਰ ਹਾਂ, ਜੇਕਰ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਮੈਨੂੰ ਦੱਸਣ ਤਾਂ ਤੁਰੰਤ ਹੱਲ ਕੀਤਾ ਜਾਵੇਗਾ। ਇਸ ਮੌਕੇ ਗਲੀ ਨੰਬਰ 4/2 ਦੇ ਲੋਕਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕੌਂਸਲਰ ਅਜੀਤ ਸਿੰਘ ਠੁਕਰਾਲ ਦਾ ਧੰਨਵਾਦ ਕੀਤਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦਾ ਵਫਦ ਡਾ. ਗਾਂਧੀ ਨੂੰ ਮਿਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦਾ ਸੂਬਾਈ ਵਫਦ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਤੇ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਦੀ ਅਗਵਾਈ ਹੇਠ ਪਟਿਆਲਾ ਤੋਂ ਸਾਂਸਦ ਡਾ. ਧਰਮਵੀਰ ਗਾਂਧੀ ਨੂੰ ਮਿਲਿਆ।ਜਥੇਬੰਦੀ ਵੱਲੋਂ ਡਾ. ਗਾਂਧੀ ਨੂੰ ਤਜਰਬੇਕਾਰ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਦੀ ਚਿਰੋਕਣੀ ਮੰਗ ਨੂੰ ਚੱਲ ਰਹੇ ਲੋਕ ਸਭਾ ਦੇ ਸੈਸ਼ਨ ਦੌਰਾਨ ਭਾਰਤ ਸਰਕਾਰ ਦੇ ਧਿਆਨ 'ਚ ਲਿਆਉਣ ਸਬੰਧੀ ਵੱਖ ਵੱਖ ਰਾਜਾਂ ਬਿਹਾਰ, ਪੱਛਮੀ ਬੰਗਾਲ ਤੇ ਰਾਜਸਥਾਨ ਵਿੱਚ ਉਕਤ ਪ੍ਰੈਕਟੀਸ਼ਨਰਾਂ ਨੂੰ ਮਾਨਤਾ ਸਬੰਧੀ ਕੀਤੀ ਗਈ ਚਾਰਾਜੋਈ ਸਬੰਧੀ ਦਸਤਾਵੇਜ਼ ਤੇ ਮੰਗ ਪੱਤਰ ਸੌਂਪਿਆ ਗਿਆ। ਇਸ ਉਪਰੰਤ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਸੂਬਾਈ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਵੱਲੋਂ ਤੇ ਆਪਣੀ ਪਾਰਟੀ ਵੱਲੋਂ ਸੈਸ਼ਨ ਦੌਰਾਨ ਤੁਹਾਡੇ ਮਸਲੇ ਨੂੰ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਮੰਗ ਕਰਾਂਗਾ ਕਿ ਕੋਈ ਪਾਰਟ ਟਾਈਮ ਟਰੇਨਿੰਗ ਕੋਰਸ ਰਾਹੀਂ ਮੁੱਢਲੀਆਂ ਸਿਹਤ ਸਹੂਲਤਾਂ ਦੇਣ ਦਾ ਕਾਨੂੰਨੀ ਅਧਿਕਾਰ ਦਿੱਤਾ ਜਾਵੇ।ਵਫਦ 'ਚ ਸੂਬਾ ਸਹਾਇਕ ਵਿੱਤ ਸਕੱਤਰ ਤਾਰਾ ਚੰਦ ਭਾਵਾ, ਸੂਬਾਈ ਆਗੂ ਵੈਦ ਬਲਵੀਰ ਸਿੰਘ ਬਰੇਟਾ, ਜਗਤਾਰ ਸਿੰਘ ਫੂਲ, ਬਲਾਕ ਲਹਿਰਾਗਾਗਾ ਦੇ ਆਗੂ ਰਾਜ ਕੁਮਾਰ, ਦਲੇਲ ਸਿੰਘ, ਸੁਖਜਿੰਦਰ ਸਿੰਘ, ਪਾਲ ਸਿੰਘ ਤੇ ਬਲਾਕ ਬਰੇਟਾ ਤੋਂ ਸਤੀਸ਼ ਬਰੇਟਾ, ਬੰਟੂ ਸ਼ਰਮਾ ਤੇ ਰਸ਼ਪਾਲ ਸਿੰਘ ਆਦਿ ਸ਼ਾਮਲ ਸਨ।

## ਫੌਜ ਤੇ ਰੇਲਵੇ 'ਚ ਐੱਸ ਸੀ/ਐੱਸ ਟੀ ਮੁਲਾਜ਼ਮਾਂ ਦਾ ਬੈਕਲਾਗ ਪੂਰਾ ਕੀਤਾ ਜਾਵੇ : ਬਸਪਾ ਆਗੂ

### ਉੱਪ-ਮੰਡਲ ਅਫਸਰ ਬੁਢਲਾਡਾ ਰਾਹੀਂ ਰਾਸ਼ਟਰਪਤੀ ਦੇ ਨਾਂਅ ਭੇਜਿਆ ਮੰਗ ਪੱਤਰ



**ਬੁਢਲਾਡਾ (ਆਤਮਾ ਸਿੰਘ ਪਮਾਰ)**-ਬਹੁਜਨ ਸਮਾਜ ਪਾਰਟੀ ਬੁਢਲਾਡਾ ਦੇ ਆਗੂਆਂ ਵੱਲੋਂ ਉੱਪ-ਮੰਡਲ ਅਫਸਰ ਬੁਢਲਾਡਾ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਦਿਆਂ ਮੰਗ ਕੀਤੀ ਗਈ ਕਿ ਭਾਰਤੀ ਫ਼ੌਜ ਤੇ ਭਾਰਤੀ ਰੇਲਵੇ ਵਿਭਾਗ 'ਚ ਅਨੁਸੂਚਿਤ ਤੇ ਜਨ ਜਾਤੀਆਂ ਦੇ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਪਿਆ ਬੈਕਲਾਗ ਤੁਰੰਤ ਪੂਰਾ ਕੀਤਾ ਜਾਵੇ।ਇਸ ਸਮੇਂ ਬਸਪਾ ਦੇ ਹਲਕਾ ਪ੍ਰਧਾਨ ਅਵਤਾਰ ਸਿੰਘ ਕਟਾਰੀਆ ਨੇ ਦੱਸਿਆ ਕਿ ਭਾਰਤੀ ਫੌਜ ਤੇ ਰੇਲਵੇ ਵਿਭਾਗ ਵੱਲੋਂ ਵੱਖ-ਵੱਖ ਅਸਾਮੀਆਂ ਲਈ ਦਿੱਤੇ ਇਸ਼ਤਿਹਾਰਾਂ ਰਾਹੀਂ ਐੱਸ. ਸੀ./ਐੱਸ. ਟੀ. ਉਮੀਦਵਾਰਾਂ ਪਾਸੋਂ 250 ਰੁਪਏ ਦੀ ਫੀਸ ਮੰਗੀ ਗਈ ਹੈ, ਜੋ ਕਿ ਉਮੀਦਵਾਰਾਂ ਪਾਸੋਂ ਲੈਣਾ ਗਲਤ ਹੈ, ਇਸ ਲਈ ਫੀਸ ਤੁਰੰਤ ਮੁਆਫ਼ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਭਾਰਤੀ ਫੌਜ ਤੇ ਰੇਲਵੇ ਵਿਭਾਗ 'ਚ ਐੱਸ.ਸੀ./ਐੱਸ.ਟੀ. ਦੇ ਬੈਕਲਾਗ ਦੀ ਤੁਰੰਤ ਭਰਤੀ ਕਰਕੇ ਪਿਛਲਾ ਬੈਕਲਾਗ ਪੂਰਾ ਕੀਤਾ ਜਾਵੇ ਅਤੇ ਰੇਲਵੇ ਵਿਭਾਗ ਵੱਲੋਂ ਉਕਤ ਉਮੀਦਵਾਰਾਂ ਨੂੰ ਪ੍ਰੀਖਿਆਵਾਂ ਦੇਣ ਲਈ ਆਉਣ-ਜਾਣ ਸਮੇਂ ਰੇਲ ਗੱਡੀ 'ਚ ਮੁਫ਼ਤ ਪਾਸ ਵੀ ਮੁਹੱਈਆ ਕਰਵਾਏ ਜਾਣ। ਇਸ ਵਫ਼ਦ 'ਚ ਸੋਨੂੰ ਸਿੰਘ ਕਟਾਰੀਆ, ਸੁਰਜੀਤ ਸਿੰਘ, ਕਾਲਾ ਸਿੰਘ, ਤਰਸੇਮ ਸਿੰਘ, ਗੁਰਧਿਆਨ ਸਿੰਘ ਆਦਿ ਬਸਪਾ ਆਗੂ ਸ਼ਾਮਲ ਸਨ।

## ਪੀ ਜੀ ਆਈ ਨੇ 54ਵੇਂ ਰੋਜ਼ ਫੈਸਟੀਵਲ 'ਚ ਦਬਦਬਾ ਰੱਖਿਆ ਕਾਇਮ

### ਲਗਾਤਾਰ ਛੇਵੀਂ ਵਾਰ ਹਾਸਲ ਕੀਤਾ ਪਹਿਲਾ ਸਥਾਨ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਦੇ ਇੰਜੀਨੀਅਰਿੰਗ ਵਿਭਾਗ ਦੀ ਹੋਰਟੀਕਲਚਰ ਵਿੰਗ ਨੇ ਇੱਕ ਵਾਰ ਫਿਰ ਬਾਗਬਾਨੀ ਖੇਤਰ ਵਿੱਚ ਆਪਣੀ ਸ੍ਰੇਸ਼ਠਤਾ ਸਾਬਿਤ ਕਰਦਿਆਂ 54ਵੇਂ ਰੋਜ਼ ਫੈਸਟੀਵਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।ਪੀਜੀਆਈ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਦੀ ਅਗਵਾਈ ਹੇਠ ਸੰਸਥਾ ਲਈ ਇਹ ਲਗਾਤਾਰ ਛੇਵੀਂ ਇਤਿਹਾਸਕ ਜਿੱਤ ਹੈ।ਰੋਜ਼ ਫੈਸਟੀਵਲ ਜੋ ਕਿ ਚੰਡੀਗੜ੍ਹ ਦੇ ਜ਼ਾਕਿਰ ਹੁਸੈਨ ਰੋਜ਼ ਗਾਰਡਨ, ਸੈਕਟਰ 16 ਵਿੱਚ ਕੀਤਾ ਗਿਆ, ਵਿੱਚ ਪੀਜੀਆਈ ਦੀ ਹੋਰਟੀਕਲਚਰ ਵਿੰਗ ਨੇ ਹੁਣ ਤੱਕ ਦਾ ਆਪਣਾ ਸਭ ਤੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਇਸ ਵਾਰ ਵਿੰਗ ਨੇ ਕੁੱਲ 40 ਇਨਾਮ ਆਪਣੇ ਨਾਮ ਕੀਤੇ, ਜੋ ਕਿ ਇਸ ਪ੍ਰਤਿਸ਼ਠਿਤ ਮੁਕਾਬਲੇ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਅੰਕ ਹੈ।ਪੀਜੀਆਈ ਦੀ ਹੋਰਟੀਕਲਚਰ ਵਿੰਗ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕਰਦਿਆਂ ਉੱਚ ਗੁਣਵੱਤਾ ਤੇ ਸੁੰਦਰ ਸਜਾਵਟ ਨਾਲ ਸ਼ਾਨਦਾਰ ਪ੍ਰਾਪਤੀਆਂ ਦਰਜ ਕੀਤੀਆਂ, ਜਿਨ੍ਹਾਂ ਵਿੱਚ ਪਹਿਲੇ ਇਨਾਮ 18 ਤੇ ਦੂਜੇ 22 ਇਨਾਮ ਹਨ।ਇਹ ਇਨਾਮ ਪੌਟ-ਸੈਕਸ਼ਨ, ਕੱਟ-ਫਲਾਵਰ ਸੈਕਸ਼ਨ ਤੇ ਲਾਅਨ ਸੈਕਸ਼ਨ ਵਿੱਚ ਪ੍ਰਾਪਤ ਕੀਤੇ ਗਏ, ਜੋ ਟੀਮ ਦੀ ਹਰਿਆਲੀ ਸੰਭਾਲ ਤੇ ਫੁੱਲਾਂ ਦੀ ਸੁੰਦਰ ਨਮਾਇਸ਼ ਵਿੱਚ ਆਪਣੀ ਥਾਂ ਬਣਾਉਂਦੇ ਹਨ।

## ਰਾਏਸਰ 'ਚ ਰੋਸ਼ਨੀ ਮੇਲਾ ਤੇ ਭੰਡਾਰਾ ਸ਼ਰਧਾਪੂਰਵਕ ਕਰਵਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਰਾਏਸਰ ਵਿਖੇ ਪੀਰ ਬਾਬਾ ਢੇਰਾਂ ਵਾਲੇ ਦੀ ਦਰਗਾਹ 'ਤੇ ਦੋਵੇਂ ਗ੍ਰਾਮ ਪੰਚਾਇਤਾਂ, ਐੱਨ. ਆਰ. ਆਈਜ਼, ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਰੋਸ਼ਨੀ ਮੇਲਾ ਤੇ ਭੰਡਾਰਾ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ।ਪੀਰਾਂ ਦੀ ਦਰਗਾਹ 'ਤੇ ਫੁੱਲਾਂ ਦੀ ਵਰਖਾ ਨਾਲ ਚਾਦਰ ਦੀ ਰਸਮ ਕੀਤੀ ਗਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਨਿੱਜੀ ਸਹਾਇਕ ਬਿੰਦਰ ਸਿੰਘ ਕਾਂਝਲੇ ਵਾਲੇ, ਉੱਘੇ ਸਮਾਜ ਸੇਵੀ ਪਿਆਰਾ ਲਾਲ ਰਾਏਸਰ ਨੇ ਪ੍ਰਬੰਧਕਾਂ ਨੂੰ ਇਸ ਉੱਦਮ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਾਨੂੰ ਮਿਲ ਬੈਠ ਕੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਤਕੜਾ ਕਰਨ ਦਾ ਸੰਦੇਸ਼ ਦਿੰਦੇ ਹਨ। ਪਿੰਡ ਪਿੰਡ ਅਜਿਹੇ ਸਮਾਗਮ ਹੋਣੇ ਬਹੁਤ ਜ਼ਰੂਰੀ ਹਨ।ਪੰਜਾਬ ਦੇ ਮਸ਼ਹੂਰ ਕੱਵਾਲ ਅਨੀਸ਼ ਮੁਹੰਮਦ ਐਂਡ ਪਾਰਟੀ ਮੁਬਾਰਕ ਪੁਰ ਚੂੰਘਾਂ ਵਾਲਿਆਂ ਨੇ ਕੱਵਾਲੀਆਂ ਗਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ।ਇਸ ਮੌਕੇ ਮਨਜੀਤ ਸਿੰਘ ਬਾਸੀ, ਜਸਵਿੰਦਰ ਸਿੰਘ ਕਾਕਾ ਕੈਨੇਡੀਅਨ, ਸਰਪੰਚ ਬਚਿੱਤਰ ਸਿੰਘ ਧਾਲੀਵਾਲ, ਸਰਪੰਚ ਸੁਰਿੰਦਰ ਕੌਰ, ਜਗਦੇਵ ਕੁਮਾਰ ਭੋਲਾ, ਅਰੁਣ ਕੁਮਾਰ ਅੱਪੂ, ਬਲਵੀਰ ਸਿੰਘ ਰਾਏਸਰ, ਗੁਰਬਾਜ਼ ਸਿੰਘ ਵਿਰਕ, ਜੰਗ ਸਿੰਘ ਦੀਵਾਨਾ, ਗੁਰਦੀਸ਼ ਸਿੰਘ ਦੁੱਲਾ ਆਦਿ ਆਗੂ ਸ਼ਾਮਲ ਹੋਏ।ਇਸ ਮੌਕੇ ਵੱਖ ਵੱਖ ਸ਼ਖ਼ਸੀਅਤਾਂ ਨੂੰ ਕਮੇਟੀ ਪ੍ਰਧਾਨ ਮੋਹਰ, ਦਿਲਾਵਰ ਸ਼ਾਹ ਪੰਚ, ਕਾਕਾ ਖਾਨ, ਨਜ਼ੀਰ ਖਾਨ ਭੋਲਾ, ਪੱਪੂ ਸੇਠ, ਮਨੀ ਖਾਨ, ਸ਼ੇਰ ਸ਼ਾਹ, ਗੁਲਜ਼ਾਰ ਸ਼ਾਹ, ਅਮਰੀਕ ਸਿੰਘ, ਲੱਡੂ ਖਾਨ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਗਮੋਹਣ ਸ਼ਾਹ ਨੇ ਬਾਖੂਬੀ ਨਿਭਾਈ।

## ਗਲੀਆਂ-ਨਾਲੀਆਂ ਦਾ ਵਿਕਾਸ ਕਰਾਉਣ 'ਤੇ ਪੰਚਾਇਤ ਦਾ ਸਨਮਾਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿੰਡ ਤੁੰਗਵਾਲੀ ਵਿਖੇ ਸਰਪੰਚ ਜੋਗਿੰਦਰ ਸਿੰਘ ਬਰਾੜ ਅਤੇ ਗਰਾਮ ਪੰਚਾਇਤ ਵੱਲੋਂ ਸ਼ੰਕਰਾਪੁਰੀ ਪੱਤੀ ਵਿਚ ਗਲੀਆਂ ਤੇ ਨਾਲੀਆਂ ਦਾ ਕੰਮ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਕੀਤਾ ਗਿਆ। ਸਮਾਜ ਸੇਵੀ ਬਲਵੰਤ ਸਿੰਘ ਸਿੱਧੂ ਨੇ ਦੱਸਿਆ ਕਿ ਸ਼ੰਕਰਾਪੁਰੀ ਪੱਤੀ ਵਿੱਚ ਗਲੀਆਂ ਦਾ ਬਹੁਤ ਬੁਰਾ ਹਾਲ ਸੀ। ਨਾਲੀਆਂ ਦਾ ਗੰਦਾ ਪਾਣੀ ਗਲੀਆਂ ਵਿਚ ਖੜ੍ਹਾ ਰਹਿਣ ਕਾਰਣ ਬਦਬੂ ਮਾਰਦੀ ਰਹਿੰਦੀ ਸੀ, ਜਿਸ ਕਰਕੇ ਪੱਤੀ ਨਿਵਾਸੀ, ਖਾਸ ਕਰਕੇ ਸਕੂਲ ਜਾਣ ਵਾਲੇ ਬੱਚੇ ਬਹੁਤ ਪ੍ਰੇਸ਼ਾਨ ਸਨ। ਲੋਕਾਂ ਦੀ ਪ੍ਰੇਸ਼ਾਨੀ ਨੂੰ ਦੇਖਦੇ ਹੋਏ ਇਸ ਪੱਤੀ ਦੀਆਂ ਗਲੀਆਂ ਤੇ ਨਾਲੀਆਂ ਦਾ ਕੰਮ ਸਰਪੰਚ ਅਤੇ ਗਰਾਮ ਪੰਚਾਇਤ ਨੇ ਪਹਿਲ ਦੇ ਆਧਾਰ 'ਤੇ ਕਰਵਾਇਆ ਗਿਆ। ਇਸ ਕਾਰਜ ਤੋਂ ਖ਼ੁਸ਼ ਹੋ ਕੇ ਸਮੂਹ ਪੱਤੀ ਨਿਵਾਸੀਆਂ ਵੱਲੋਂ ਸਰਪੰਚ ਜੋਗਿੰਦਰ ਸਿੰਘ ਬਰਾੜ ਅਤੇ ਗਰਾਮ ਪੰਚਾਇਤ ਨੂੰ ਸਨਮਾਨ-ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਸਰਪੰਚ ਬਰਾੜ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪਿੰਡ ਦਾ ਹੋਰ ਵੀ ਵਿਕਾਸ ਕੀਤਾ ਜਾਵੇਗਾ।

# ਕਾਮਰੇਡ ਨੱਲਾਕੰਨੂ ਦੀ ਜ਼ਿੰਦਗੀ ਨਿਸ਼ਕਾਮ ਸੇਵਾ ਦੀ ਚਮਕਦੀ ਮਿਸਾਲ



ਲੁਧਿਆਣਾ (ਐੱਮ ਐੱਸ ਭਾਟੀਆ)

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਪਾਰਟੀ ਦੀ ਕੌਮੀ ਕੌਂਸਲ ਦੇ ਸਭ ਤੋਂ ਸੀਨੀਅਰ ਕਮਿਊਨਿਸਟ ਆਗੂ, ਆਜ਼ਾਦੀ ਸੰਗਰਾਮੀ, ਸਮਾਜ ਸੁਧਾਰਕ ਅਤੇ ਜਨਤਕ ਜੀਵਨ ਵਿੱਚ ਇੱਕ ਅਟੱਲ ਨੈਤਿਕ ਤਾਕਤ ਕਾਮਰੇਡ ਆਰ ਨੱਲਾਕੰਨੂ ਦੇ ਦੇਹਾਂਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾ ਦਾ ਵਿਛੋੜਾ ਭਾਰਤ ਦੇ ਆਜ਼ਾਦੀ ਸੰਘਰਸ਼ ਅਤੇ ਕਮਿਊਨਿਸਟ ਅੰਦੋਲਨ ਦੇ ਇਤਿਹਾਸ ਵਿੱਚ ਇੱਕ ਯੁੱਗ ਦੇ ਅੰਤ ਦੇ ਬਰਾਬਰ ਹੈ।

ਕਾਮਰੇਡ ਆਰ ਨੱਲਾਕੰਨੂ ਦਾ ਜਨਮ 26 ਦਸੰਬਰ 1925 ਨੂੰ ਤਾਮਿਲਨਾਡੂ ਦੇ ਮੌਜੂਦਾ ਥੂਥੁਕੁਡੀ ਜ਼ਿਲ੍ਹੇ ਦੇ ਤਿਰੁਵੈਕੁੰਟਮ ਵਿੱਚ ਹੋਇਆ। ਉਨ੍ਹਾ ਦੀ ਜਨਮ ਤਰੀਕ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੀ ਸਥਾਪਨਾ ਦਿਵਸ ਨਾਲ ਮਿਲਦੀ ਹੈ—ਇੱਕ ਐਸੀ ਇਤਫ਼ਾਕੀ ਘਟਨਾ, ਜੋ ਬਾਅਦ ਵਿੱਚ ਉਨ੍ਹਾ ਦੀ ਪੂਰੀ ਜ਼ਿੰਦਗੀ ਪਾਰਟੀ ਅਤੇ ਉਸ ਦੇ ਆਦਰਸ਼ਾਂ ਲਈ ਸਮਰਪਤ ਹੋਣ ਵਿੱਚ ਪ੍ਰਤੀਬਿੰਬਤ ਹੋਈ। ਸਧਾਰਨ ਕਿਸਾਨ ਪਰਵਾਰ ਵਿੱਚ ਜਨਮੇ ਨੱਲਾਕੰਨੂ ਜੀ ਛੋਟੀ ਉਮਰ ਤੋਂ ਹੀ ਅਨਿਆਂ, ਅਸਮਾਨਤਾ ਅਤੇ ਬਸਤੀਵਾਦੀ ਦਬਾਅ ਦੇ ਸਵਾਲਾਂ ਵੱਲ ਖਿੱਚੇ ਗਏ।

ਉਨ੍ਹਾ ਨੌਜਵਾਨ ਅਵਸਥਾ ਵਿੱਚ ਹੀ ਆਜ਼ਾਦੀ ਅੰਦੋਲਨ ਅਤੇ ਕਮਿਊਨਿਸਟ ਅੰਦੋਲਨ ਨਾਲ ਜੁੜ ਕੇ ਬਰਤਾਨਵੀ ਸ਼ਾਸਨ ਅਤੇ ਜਗੀਰਦਾਰੀ ਸ਼ੋਸ਼ਣ ਖ਼ਿਲਾਫ਼ ਜਨ-ਸੰਘਰਸ਼ਾਂ ਵਿੱਚ ਹਿੱਸਾ ਲਿਆ। ਆਪਣੀਆਂ ਦ੍ਰਿੜ੍ਹ ਰਾਜਨੀਤਕ ਸਰਗਰਮੀਆਂ ਕਾਰਨ ਉਨ੍ਹਾ ਨੂੰ ਕਠੋਰ ਦਮਨ ਸਹਿਣਾ ਪਿਆ। ਉਨ੍ਹਾ ਨੂੰ ਕੁੱਲ ਮਿਲਾ ਕੇ ਚੌਦਾਂ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ, ਜਿਸ ਵਿੱਚੋਂ ਸੱਤ ਸਾਲ ਉਨ੍ਹਾ ਕੈਦ ਵਿੱਚ ਬਿਤਾਏ। ਨਾ ਕੈਦ ਨੇ ਅਤੇ ਨਾ ਹੀ ਕਠਿਨਾਈਆਂ ਨੇ ਉਨ੍ਹਾਂ ਦੇ ਹੌਸਲੇ ਨੂੰ ਕਮਜ਼ੋਰ ਕੀਤਾ; ਇਸ ਦੇ ਉਲਟ, ਇਸ ਨਾਲ ਉਨ੍ਹਾ ਦੀ ਵਿਚਾਰਧਾਰਕ ਪਕੜ ਅਤੇ ਪੀੜਤ ਵਰਗਾਂ ਲਈ ਵਚਨਬੱਧਤਾ ਹੋਰ ਮਜ਼ਬੂਤ ਹੋਈ।ਆਜ਼ਾਦੀ ਤੋਂ ਬਾਅਦ ਕਾਮਰੇਡ ਨੱਲਾਕੰਨੂ ਇੱਕ ਵਿਲੱਖਣ ਨੈਤਿਕ ਮਰਿਆਦਾ ਵਾਲੇ ਜਨ ਆਗੂ ਵਜੋਂ ਉਭਰੇ। ਉਹ ਅਣਥੱਕ ਸੰਗਠਕ ਅਤੇ ਸਮਰਪਤ ਸਮਾਜ ਸੁਧਾਰਕ ਸਨ। ਉਨ੍ਹਾ ਹਮੇਸ਼ਾ ਮਜ਼ਦੂਰਾਂ, ਕਿਸਾਨਾਂ, ਖੇਤੀ ਮਜ਼ਦੂਰਾਂ ਅਤੇ ਸਮਾਜ ਦੇ ਸਾਰੇ ਪੀੜਤ ਵਰਗਾਂ ਦੇ ਅਧਿਕਾਰਾਂ ਲਈ ਅਵਾਜ਼ ਬੁਲੰਦ ਕੀਤੀ। ਨਾਲ ਹੀ ਉਨ੍ਹਾ ਧਰਮ ਨਿਰਪੱਖਤਾ, ਸਮਾਜਿਕ ਸਮਾਨਤਾ, ਤਰਕਵਾਦ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਦੀ ਡਟ ਕੇ ਰੱਖਿਆ ਕੀਤੀ।ਉਨ੍ਹਾ ਪਾਰਟੀ ਦੀ ਤਾਮਿਲਨਾਡੂ ਇਕਾਈ ਦੇ ਸੂਬਾ ਸਕੱਤਰ ਵਜੋਂ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਈ ਅਤੇ ਮਾਰਕਸਵਾਦੀ ਵਿਚਾਰਧਾਰਾ, ਅੰਦਰੂਨੀ ਪਾਰਟੀ ਲੋਕਤੰਤਰ ਅਤੇ ਲਗਾਤਾਰ ਜਨ-ਸੰਘਰਸ਼ਾਂ 'ਤੇ ਆਧਾਰਿਤ ਸਿਧਾਂਤਕ ਅਗਵਾਈ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਉਹ ਪਾਰਟੀ ਦੇ ਕੌਮੀ ਕਾਰਜਕਾਰੀ ਮੈਂਬਰ ਅਤੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾਉਂਦੇ ਰਹੇ। ਰਾਜਨੀਤਕ ਅਤੇ ਸਮਾਜਿਕ ਹਲਕਿਆਂ ਵਲੋਂ ਵਿਸ਼ਾਲ ਪੱਧਰ 'ਤੇ ਸਨਮਾਨਤ ਕਾਮਰੇਡ ਨੱਲਾਕੰਨੂ ਆਪਣੀ ਸਾਦਗੀ, ਇਮਾਨਦਾਰੀ ਅਤੇ ਅਡਿੱਗ ਜਨ-ਜੀਵਨ ਲਈ ਹਰ ਜਗ੍ਹਾ ਆਦਰਯੋਗ ਰਹੇ। ਉਨ੍ਹਾ ਸਾਦਗੀ ਅਤੇ ਗੌਰਵ ਨਾਲ ਜੀਵਨ ਬਿਤਾਇਆ, ਵਿਸ਼ੇਸ਼ ਅਧਿਕਾਰਾਂ ਤੋਂ ਦੂਰ ਰਹੇ ਅਤੇ ਸਾਰੀ ਉਮਰ ਲੋਕਾਂ ਨਾਲ ਜੁੜੇ ਰਹੇ। ਵਡੇਰੀ ਉਮਰ ਵਿੱਚ ਵੀ ਉਨ੍ਹਾ ਦੀ ਸੋਚ ਦੀ ਸਪੱਸ਼ਟਤਾ, ਨੈਤਿਕ ਦ੍ਰਿੜ੍ਹਤਾ ਅਤੇ ਸ਼ਾਂਤ ਸੁਭਾਅ ਕਈ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਰਹੇ।ਜਨ ਜੀਵਨ, ਸਮਾਜ ਸੁਧਾਰ ਅਤੇ ਤਾਮਿਲਨਾਡੂ ਦੀ ਸੰਸਕ੍ਰਿਤਕ ਤੇ ਰਾਜਨੀਤਕ ਧਾਰਾ ਵਿੱਚ ਉਨ੍ਹਾ ਦੇ ਵਿਸ਼ਾਲ ਯੋਗਦਾਨ ਦੀ ਮਾਨਤਾ ਵਜੋਂ ਉਨ੍ਹਾ ਨੂੰ ਕਈ ਸਨਮਾਨ ਪ੍ਰਾਪਤ ਹੋਏ, ਜਿਨ੍ਹਾਂ ਵਿੱਚ ਥਗੈਸਾਲ ਤਮਿਝਰ (ਵਿਖਿਆਤ ਤਾਮਿਲ) ਇਨਾਮ ਵੀ ਸ਼ਾਮਲ ਹੈ—ਇਹ ਨਿਆਂ, ਸੁਧਾਰ ਅਤੇ ਸਮਾਜ ਦੇ ਉਥਾਨ ਲਈ ਸਮਰਪਤ ਜੀਵਨ ਦੀ ਪ੍ਰਤੀਕ ਮਾਨਤਾ ਸੀ।ਕਾਮਰੇਡ ਆਰ ਨੱਲਾਕੰਨੂ ਦੀ ਪਤਨੀ ਰੰਜਿਥਮ ਅੰਮਾਲ, ਜੋ ਰਿਟਾਇਰਡ ਸਕੂਲ ਹੈੱਡਮਿਸਟ੍ਰੈੱਸ ਸਨ, ਦਾ ਦੇਹਾਂਤ 2016 ਵਿੱਚ ਹੋ ਗਿਆ। ਉਨ੍ਹਾਂ ਦੇ ਪਿੱਛੇ ਦੋ ਧੀਆਂ ਹਨ। ਸੀ ਪੀ ਆਈ ਦੀ ਕੌਮੀ ਕੌਂਸਲ ਉਨ੍ਹਾਂ ਦੇ ਪਰਵਾਰ, ਸਾਥੀਆਂ ਅਤੇ ਦੇਸ਼ ਭਰ ਦੇ ਅਨੇਕਾਂ ਪ੍ਰਸ਼ੰਸਕਾਂ ਪ੍ਰਤੀ ਦਿਲੋਂ ਸੰਵੇਦਨਾ ਪ੍ਰਗਟ ਕਰਦੀ ਹੈ।ਅਸੀਂ ਮਹਾਨ ਆਜ਼ਾਦੀ ਸੰਗਰਾਮੀ, ਕਮਿਊਨਿਸਟ ਅਤੇ ਮਨੁੱਖਤਾਵਾਦੀ ਨੂੰ ਲਾਲ ਝੰਡਾ ਝੁਕਾ ਕੇ ਸਨਮਾਨ ਭਰੀ ਸ਼ਰਧਾਂਜਲੀ ਅਰਪਿਤ ਕਰਦੇ ਹਾਂ। ਕਾਮਰੇਡ ਨੱਲਾਕੰਨੂ ਦੀ ਜ਼ਿੰਦਗੀ ਨੈਤਿਕ ਰਾਜਨੀਤੀ ਅਤੇ ਨਿਸ਼ਕਾਮ ਸੇਵਾ ਦੀ ਚਮਕਦੀ ਉਦਾਹਰਣ ਹੈ। ਉਨ੍ਹਾ ਦੀ ਵਿਰਾਸਤ ਧਰਮ ਨਿਰਪੱਖ, ਲੋਕਤਾਂਤ੍ਰਿਕ ਅਤੇ ਸਮਾਜਵਾਦੀ ਭਾਰਤ ਲਈ ਸਾਡੇ ਸੰਘਰਸ਼ ਨੂੰ ਮਜ਼ਬੂਤ ਕਰਦੀ ਰਹੇਗੀ।

# ਸੀ ਪੀ ਆਈ ਵੱਲੋਂ ਇਜ਼ਰਾਈਲੀ ਸੰਸਦ 'ਚ ਮੋਦੀ ਦੇ ਭਾਸ਼ਣ ਦੀ ਨਿੰਦਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪਾਰਟੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਜ਼ਰਾਇਲ ਦੀ ਯਾਤਰਾ ਅਤੇ ਨੇਸੇਟ (ਸੰਸਦ) ਵਿੱਚ ਦਿੱਤੇ ਉਨ੍ਹਾ ਦੇ ਭਾਸ਼ਣ ਦੀ ਕਰੜੀ ਨਿੰਦਾ ਕਰਦੀ ਹੈ। ਇਹ ਯਾਤਰਾ ਉਸ ਸਮੇਂ ਹੋਈ ਹੈ, ਜਦੋਂ ਗਾਜ਼ਾ ਪੱਟੀ ਵਿੱਚ ਲਗਾਤਾਰ ਸੈਨਿਕ ਕਾਰਵਾਈਆਂ ਜਾਰੀ ਹਨ ਅਤੇ ਵੈੱਸਟ ਬੈਂਕ ਵਿੱਚ ਹਿੰਸਾ ਅਤੇ ਜ਼ਬਰਦਸਤੀ ਬੇਘਰ ਕਰਨ ਦੀਆਂ ਕਾਰਵਾਈਆਂ ਤੇਜ਼ ਹੋ ਰਹੀਆਂ ਹਨ।ਇਸ ਯਾਤਰਾ ਨੂੰ ਰੁਟੀਨ ਕੂਟਨੀਤਕ ਸੰਪਰਕ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ। ਇਹ ਉਸ ਸਰਕਾਰ ਨੂੰ ਰਾਜਨੀਤਕ ਸਮਰਥਨ ਦੇਣ ਦੇ ਬਰਾਬਰ ਹੈ, ਜਿਸ ਦੀਆਂ ਕਾਰਵਾਈਆਂ ਕਾਰਨ ਹਜ਼ਾਰਾਂ ਫ਼ਲਸਤੀਨੀ ਨਾਗਰਿਕ ਮਾਰੇ ਗਏ ਹਨ ਅਤੇ ਘਰਾਂ, ਹਸਪਤਾਲਾਂ ਅਤੇ ਜ਼ਰੂਰੀ ਢਾਂਚਾਗਤ ਸਹੂਲਤਾਂ ਦੀ ਵੱਡੇ ਪੱਧਰ 'ਤੇ ਤਬਾਹੀ ਹੋਈ, ਜਦੋਂ ਕਿ ਪ੍ਰਧਾਨ ਮੰਤਰੀ ਨੇ 7 ਅਕਤੂਬਰ 2023 ਨੂੰ ਮਾਰੇ ਗਏ ਇਜ਼ਰਾਈਲੀ ਲੋਕਾਂ ਲਈ ਸੰਵੇਦਨਾ ਪ੍ਰਗਟ ਕੀਤੀ, ਨੇਸੇਟ ਵਿੱਚ ਉਨ੍ਹਾ ਦੇ ਭਾਸ਼ਣ ਦੌਰਾਨ ਫ਼ਲਸਤੀਨੀ ਲੋਕਾਂ 'ਤੇ ਹੋ ਰਹੀ ਭਿਆਨਕ ਮਨੁੱਖੀ ਪੀੜਾ ਬਾਰੇ ਚੁੱਪ ਰਹਿਣਾ ਚਿੰਤਾਜਨਕ ਸੀ। ਨਾਗਰਿਕਾਂ ਦੀ ਹੱਤਿਆ ਨੂੰ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ , ਪਰ ਸਿਰਫ਼ ਚੁਣਿੰਦਾ ਤੌਰ 'ਤੇ ਹਮਦਰਦੀ ਜਤਾਉਣਾ, ਇਸ ਦਾਅਵੇ ਨੂੰ ਨੈਤਿਕ ਤੌਰ 'ਤੇ ਖੋਖਲਾ ਕਰ ਦਿੰਦਾ ਹੈ। ਸਾਂਝੀਆਂ ਕਦਰਾਂ-ਕੀਮਤਾਂ ਅਤੇ ਵਧੇਰੇ ਰਣਨੀਤਕ ਸਾਂਝੇਦਾਰੀ ਦੀ ਗੱਲ ਕਰਦਿਆਂ ਕਬਜ਼ਾ ਕੀਤੇ ਹੋਏ ਫ਼ਲਸਤੀਨੀ ਇਲਾਕਿਆਂ ਵਿੱਚ ਇਜ਼ਰਾਇਲ ਦੀ ਕਾਰਵਾਈ ਨੂੰ ਭਾਰਤ ਦੀ ਦਹਿਸ਼ਤਗਰਦੀ ਵਿਰੁੱਧ ਜਾਇਜ਼ ਲੜਾਈ ਦੇ ਸਮਾਨ ਦਰਸਾਉਣਾ ਖ਼ਤਰਨਾਕ ਅਤੇ ਗਲਤ ਨੈਤਿਕ ਸਮਾਨਤਾ ਹੈ। ਇਹ ਲੰਮੇ ਸਮੇਂ ਤੋਂ ਚੱਲ ਰਹੇ ਕਬਜ਼ੇ, ਸਮੂਹਕ ਸਜ਼ਾ ਅਤੇ ਫ਼ਲਸਤੀਨੀ ਲੋਕਾਂ ਨਾਲ ਹੋ ਰਹੀ ਪ੍ਰਣਾਲੀਬੱਧ ਭੇਦਭਾਵ ਦੀ ਹਕੀਕਤ ਨੂੰ ਘੱਟ ਕਰਕੇ ਦਿਖਾਉਂਦਾ ਹੈ ਅਤੇ ਭਾਰਤ ਦੀਆਂ ਆਪਣੇ ਸੁਰੱਖਿਆ ਸੰਬੰਧੀ ਚਿੰਤਾਵਾਂ ਦੀ ਨੈਤਿਕ ਪੱਧਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।ਇਹ ਰਿਪੋਰਟਾਂ ਕਿ ਭਾਰਤ ਸੰਯੁਕਤ ਰਾਸ਼ਟਰ ਵੱਲੋਂ ਪ੍ਰਮਾਣਿਤ ਢਾਂਚਿਆਂ ਨੂੰ ਪਾਸੇ ਕਰਕੇ ਅਤੇ ਫ਼ਲਸਤੀਨੀ ਲੋਕਾਂ ਦੇ ਅੰਤਰਰਾਸ਼ਟਰੀ ਤੌਰ 'ਤੇ ਮੰਨਿਆ ਹੱਕ-ਖ਼ਾਸ ਕਰਕੇ ਸਵੈ-ਨਿਰਧਾਰਣ ਦੇ ਅਧਿਕਾਰ ਨੂੰ ਕਮਜ਼ੋਰ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪ੍ਰਚਾਰਤ ਕਥਿਤ ਬੋਰਡ ਆਫ ਪੀਸ ਵਰਗੀਆਂ ਇਕਪੱਖੀ ਪਹਿਲਕਦਮੀਆਂ ਨਾਲ ਜੁੜ ਰਿਹਾ ਹੈ, ਇੱਕ ਚਿੰਤਾਜਨਕ ਰੁਝਾਨ ਨੂੰ ਦਰਸਾਉਂਦੀਆਂ ਹਨ।ਸੀ ਪੀ ਆਈ ਨੂੰ ਇਸ ਗੱਲ ਦੀ ਵੀ ਗਹਿਰੀ ਚਿੰਤਾ ਹੈ ਕਿ ਇਸ ਯਾਤਰਾ ਦਾ ਕੇਂਦਰੀ ਧਿਆਨ 'ਰੱਖਿਆ ਸਹਿਯੋਗ' ਦੇ ਹੋਰ ਵਿਸਥਾਰ, ਹਥਿਆਰਾਂ ਦੀ ਸਾਂਝੀ ਉਤਪਾਦਨ ਅਤੇ ਵਪਾਰਕ ਸਮਝੌਤਿਆਂ 'ਤੇ ਕੇਂਦਰਤ ਰਿਹਾ ਹੈ। ਭਾਰਤ ਪਹਿਲਾਂ ਹੀ ਇਜ਼ਰਾਇਲੀ ਸੈਨਿਕ ਸਾਜ਼ੋ-ਸਾਮਾਨ ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿੱਚੋਂ ਇੱਕ ਬਣ ਚੁੱਕਾ ਹੈ। ਇਸ ਸੰਬੰਧੀ ਹਰ ਵਿਸਥਾਰ ਨਾਲ ਉਸ ਸੈਨਿਕ-ਉਦਯੋਗਿਕ ਗਠਜੋੜ ਨੂੰ ਮਜ਼ਬੂਤੀ ਮਿਲਦੀ ਹੈ, ਜੋ ਕਬਜ਼ੇ ਅਤੇ ਨਾਗਰਿਕ ਅਬਾਦੀ 'ਤੇ ਅਤਿਅਧਿਕ ਬਲ ਦੇ ਦੁਹਰਾਏ ਗਏ ਇਸਤੇਮਾਲ ਤੋਂ ਲਾਭ ਕਮਾਉਂਦਾ ਹੈ। ਇਸ ਸਾਂਝੇਦਾਰੀ ਨੂੰ ਕਦਰਾਂ-ਕੀਮਤਾਂ 'ਤੇ ਅਧਾਰਤ ਕਹਿਣਾ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ।ਭਾਰਤੀ ਕਮਿਊਨਿਸਟ ਪਾਰਟੀ ਭਾਰਤ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਤੁਰੰਤ ਇਸ ਖ਼ਤਰਨਾਕ ਅਤੇ ਅਨੈਤਿਕ ਰਾਹ ਨੂੰ ਦਰੁੱਸਤ ਕਰੇ। ਇੱਕ ਕਬਜ਼ਾਕਾਰ ਅਤੇ ਦਹਿਸ਼ਤਗਰਦ ਤਾਕਤ ਨਾਲ ਖੁੱਲ੍ਹੀ ਰਾਜਨੀਤਕ ਸਾਂਝ ਪਾ ਕੇ ਮੌਜੂਦਾ ਸਰਕਾਰ ਰਣਨੀਤਿਕ ਖੁਦਮੁਖਤਿਆਰੀ ਨਹੀਂ ਦਿਖਾ ਰਹੀ। ਉਹ ਜ਼ਾਲਮ ਦੇ ਪੱਖ 'ਚ ਖੜ੍ਹੀ ਹੋ ਰਹੀ ਹੈ। ਇਸ ਤਰ੍ਹਾਂ ਉਹ ਭਾਰਤੀ ਲੋਕਾਂ ਦੀ ਬਸਤੀਵਾਦੀ ਵਿਰੋਧੀ ਅਤੇ ਅੰਤਰਰਾਸ਼ਟਰੀਵਾਦੀ ਵਿਰਾਸਤ ਨਾਲ ਧੋਖਾ ਕਰ ਰਹੀ ਹੈ ਅਤੇ ਇਨਸਾਫ਼, ਅਮਨ ਅਤੇ ਸਾਰੇ ਪੀੜਤ ਲੋਕਾਂ ਨਾਲ ਏਕਤਾ ਲਈ ਭਾਰਤ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਵਚਨਬੱਧਤਾ ਨੂੰ ਤਿਆਗ ਰਹੀ ਹੈ।ਇਤਿਹਾਸ ਇਸ ਯਾਤਰਾ ਨੂੰ ਵਿਹਾਰਕ ਕੂਟਨੀਤੀ ਵਜੋਂ ਯਾਦ ਨਹੀਂ ਰੱਖੇਗਾ। ਇਹ ਇਸ ਨੂੰ ਸਾਡੇ ਸਮੇਂ ਦੀਆਂ ਸਭ ਤੋਂ ਗੰਭੀਰ ਅਤੇ ਲੰਮੇ ਸਮੇਂ ਤੋਂ ਚੱਲ ਰਹੀਆਂ ਅਨਿਆਂਕਾਰੀ ਕਾਰਵਾਈ ਵਿੱਚ ਸਾਂਝੇਦਾਰੀ ਦੇ ਇੱਕ ਸ਼ਰਮਨਾਕ ਕਦਮ ਵਜੋਂ ਦਰਜ ਕਰੇਗਾ।

# ਆਲੂ ਖਰੀਦ ਦਾ ਕੰਮ ਨੈਫਡ ਨੂੰ ਸੌਂਪਣ 'ਤੇ ਜ਼ੋਰ

**ਸ਼ਾਹਕੋਟ (ਗਿਆਨ ਸੈਦਪੁਰੀ)**-ਇਸ ਵਾਰ ਆਲੂ ਉਤਪਾਦਕ ਕਿਸਾਨ ਬੇਹੱਦ ਪਰੇਸ਼ਾਨ ਹੈ ਤੇ ਉਹ ਆਪਣੇ-ਆਪ ਨੂੰ ਕਸੂਤੀ ਸਥਿਤੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਪਿਛਲੇ ਸਾਲ ਜਿਸ ਆਲੂ ਦਾ ਪ੍ਰਤੀ ਕੁਇੰਟਲ ਭਾਅ 700 ਰੁਪਏ ਤੋਂ ਲੈ ਕੇ 1200 ਰੁਪਏ ਤੱਕ ਰਿਹਾ ਸੀ, ਇਸ ਵਾਰ 450 ਰੁਪਏ ਤੋਂ ਲੈ ਕੇ 550 ਰੁਪਏ ਤੱਕ ਹੈ। ਇਨ੍ਹੀਂ ਦਿਨੀਂ ਆਲੂਆਂ ਦੀ ਪੁਟਾਈ ਜ਼ੋਰਾਂ 'ਤੇ ਹੈ, ਪਰ ਖਰੀਦਦਾਰ ਨਜ਼ਰ ਨਹੀਂ ਆ ਰਿਹਾ। ਵਪਾਰੀਆਂ ਵੱਲੋਂ ਆਲੂਆਂ ਦੀ ਖਰੀਦ ਤੋਂ ਅਜੇ ਤੱਕ ਪਾਸੇ ਰਹਿਣ ਦਾ ਸ਼ਾਇਦ ਇੱਕ ਕਾਰਨ ਇਹ ਵੀ ਹੈ ਕਿ ਪਿਛਲੇ ਸਾਲ ਵਪਾਰੀਆਂ ਨੇ ਆਲੂ ਖਰੀਦ ਕੇ ਪੱਛਮੀ ਬੰਗਾਲ, ਮੱਧ ਪ੍ਰਦੇਸ਼ ਅਤੇ ਕਰਨਾਟਕ ਆਦਿ ਸੂਬਿਆਂ ਵਿੱਚ ਭੇਜਿਆ ਸੀ। ਉੱਥੇ ਆਲੂ ਦਾ ਭਾਅ ਮੰਦਾ ਹੋ ਜਾਣ ਕਾਰਨ ਇੱਥੋਂ ਦੇ ਵਪਾਰੀਆਂ ਦੀ ਅਦਾਇਗੀ ਰੋਕ ਲਈ ਗਈ। ਇਸ ਲਈ ਖਰੀਦਦਾਰ ਖੁੱਲ੍ਹ ਕੇ ਮੰਡੀ ਵਿੱਚ ਨਹੀਂ ਆ ਰਿਹਾ।ਆਲੂ-ਮੱਕੀ-ਝੋਨਾ ਦੇ ਫਸਲੀ ਚੱਕਰ ਵਾਲੇ ਕਿਸਾਨਾਂ ਨੂੰ ਦੋਹਰੀ-ਤੀਹਰੀ ਮਾਰ ਪੈ ਰਹੀ ਹੈ। ਇਸ ਵਾਰ ਝੋਨਾ 20-25 ਫੀਸਦੀ ਝਾੜ ਘੱਟ ਸੀ। ਕੁਦਰਤ ਦੀ ਇਸ ਕਰੋਪੀ ਨਾਲ ਕਿਸਾਨਾਂ ਦੀ ਆਮਦਨ ਵਿਚ ਆਈ ਕਮੀ ਦੀ ਅਜੇ ਤੱਕ ਭਰਪਾਈ ਨਹੀਂ ਹੋ ਸਕੀ। ਇਸ ਤੋਂ ਇਲਾਵਾ ਕਿਸਾਨਾਂ ਨੇ ਮੱਕੀ ਦੇ ਵਾਜਿਬ ਰੇਟ ਨਾ ਮਿਲਣ ਕਾਰਨ ਕੁਝ ਮੱਕੀ ਸਟੋਰ ਕਰ ਲਈ ਸੀ। ਇਸੇ ਦੌਰਾਨ ਭਾਰਤ ਸਰਕਾਰ ਨੇ ਅਮਰੀਕਾ ਨਾਲ ਵਪਾਰ ਸਮਝੌਤਾ ਕਰ ਲਿਆ। ਉਸ ਸਮਝੌਤੇ ਦਾ ਪੰਜਾਬ ਦੇ ਕਿਸਾਨਾਂ 'ਤੇ ਹੁਣ ਤੋਂ ਹੀ ਬੁਰਾ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਕਿਸਾਨਾਂ ਵੱਲੋਂ ਢੁਕਵੇਂ ਸਮੇਂ ਵੇਚਣ ਲਈ ਰੱਖੀ ਮੱਕੀ 2200 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਵਿਕ ਰਹੀ ਸੀ, ਜੋ ਸਮਝੌਤੇ ਦੇ ਭੈਅ ਨਾਲ 1700 ਰੁਪਏ ਪ੍ਰਤੀ ਕੁਇੰਟਲ 'ਤੇ ਆਣ ਵਿਕੀ ਹੈ। ਅਜਿਹੀਆਂ ਹਾਲਤਾਂ ਵਿੱਚ ਕਿਸਾਨਾਂ ਵੱਲੋਂ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਬੈਂਕਾਂ ਦੀਆਂ ਲਿਮਟਾਂ ਤਾਰਨ ਤੋਂ ਵੀ ਉਹ ਅਸਮਰੱਥ ਰਹਿਣਗੇ।



ਗੱਲਬਾਤ ਕਰਦੇ ਕਿਸਾਨ ਬਲਦੇਵ ਸਿੰਘ ਜੋਸਨ, ਸੁਖਵਿੰਦਰ ਸਿੰਘ ਤੇ ਵਰਿੰਦਰਜੀਤ ਸਿੰਘ।

ਇਸ ਵੇਲੇ ਕਿਸਾਨਾਂ ਨੂੰ ਪੈ ਰਹੀ ਆਰਥਿਕ ਤੇ ਮਾਨਸਿਕ ਮਾਰ ਦੇ ਸੰਦਰਭ ਵਿੱਚ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਵਾਲੀਆਂ ਫਸਲਾਂ ਖਰੀਦਣ ਲਈ ਮੰਡੀਆਂ ਵਿੱਚ ਆੜ੍ਹਤੀ ਸਿਸਟਮ ਦੀ ਵਿਵਸਥਾ ਹੈ। ਕਿਸਾਨ ਦਾ ਆੜ੍ਹਤੀ ਨਾਲ ਗ਼ਲ-ਘਸਾਵਾ ਲੋੜ ਪੈਣ ਵੇਲੇ ਕੰਮ ਦੇ ਜਾਂਦਾ ਹੈ, ਪਰ ਆਲੂ ਉਤਪਾਦਕਾਂ ਦੇ ਆੜ੍ਹਤੀਏ ਨਹੀਂ ਹੁੰਦੇ।ਆਲੂ ਉਤਪਾਦਕ ਕਿਸਾਨ ਨੂੰ ਦਰਪੇਸ਼ ਮੁਸ਼ਕਲਾਂ ਵਿੱਚ ਇਹ ਵੀ ਸ਼ਾਮਿਲ ਹੈ ਕਿ ਇਸ ਵਾਰ ਆਲੂਆਂ ਦਾ ਝਾੜ ਵੀ ਘੱਟ ਹੈ। ਆਲੂ ਦੀ ਗੁਣਵੱਤਾ ਭਾਵੇਂ ਠੀਕ ਹੈ, ਪਰ ਝਾੜ ਪਿਛਲੇ ਸਾਲ ਦੇ 90 ਤੋਂ 100 ਕੁਇੰਟਲ ਦੇ ਮੁਕਾਬਲੇ 60 ਤੋਂ 65 ਕੁਇੰਟਲ ਪ੍ਰਤੀ ਏਕੜ ਨਿਕਲ ਰਿਹਾ ਹੈ।

ਕਿਸਾਨਾਂ ਦੀ ਪਰੇਸ਼ਾਨੀ ਦੇ ਦੌਰ ਦੇ ਸੰਦਰਭ ਵਿੱਚ 30 ਏਕੜ ਆਲੂਆਂ ਦੀ ਖੇਤੀ ਕਰਨ ਵਾਲੇ ਕਿਸਾਨ ਸੁਖਵਿੰਦਰ ਸਿੰਘ ਅਤੇ ਵਰਿੰਦਰਜੀਤ ਸਿੰਘ ਨੇ ਕਿਹਾ ਕਿ ਆਲੂ ਦੀ ਪਟਾਈ ਤੋਂ ਲੈ ਕੇ ਮੱਕੀ ਦੀ ਬਜਾਈ ਤੱਕ ਪ੍ਰਤੀ ਏਕੜ ਲਗਭਗ 30 ਹਜ਼ਾਰ ਰੁਪਏ ਪ੍ਰਤੀ ਏਕੜ ਖਰਚਾ ਹੋ ਜਾਂਦੇ ਹਨ। ਆਲੂ ਦਾ ਵਾਜਿਬ ਭਾਅ ਨਾ ਮਿਲਣ ਕਾਰਨ ਪੈਸੇ ਦਾ ਅਦਾਨ-ਪ੍ਰਦਾਨ ਰੁਕਿਆ ਹੋਇਆ ਹੈ। ਅਜਿਹੇ ਮੌਕੇ ਕਿਸਾਨ ਖਰਚੇ ਕਿੱਥੋਂ ਕਰੇ? ਵਰਿੰਦਰਜੀਤ ਸਿੰਘ ਨੇ ਦੁਆਬੇ ਦੇ ਆਲੂ ਪੈਦਾ ਕਰਨ ਵਾਲੇ ਕਿਸਾਨਾਂ ਲਈ ਕੁਝ ਰਾਹਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਥੋਂ ਦੀ ਜ਼ਮੀਨ ਦੀ ਇਹ ਵਿਸ਼ੇਸ਼ਤਾ ਹੈ ਕਿ ਇੱਥੇ ਆਲੂ ਦਾ ਬੀਜ ਤਿਆਰ ਹੁੰਦਾ ਹੈ। ਇਹ ਵਿਸ਼ੇਸ਼ਤਾ ਭਾਰਤ ਦੇ ਹੋਰ ਹਿੱਸਿਆਂ ਵਿੱਚ ਬਹੁਤ ਘੱਟ ਹੈ।ਬੀਜ ਹੋਰਨਾਂ ਸੂਬਿਆਂ ਵਿੱਚ ਸਪਲਾਈ ਹੋਣਾ ਹੀ ਹੁੰਦਾ ਹੈ।ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੀ ਸੂਬਾ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਜੋਸਨ, ਜੋ ਵੱਡੇ ਆਲੂ ਉਤਪਾਦਕ ਵੀ ਹਨ, ਨੇ ਕਿਸਾਨਾਂ ਦੇ ਸੰਕਟ ਨੂੰ ਘੱਟ ਕਰਨ ਦੇ ਮੱਦੇਨਜ਼ਰ ਸਰਕਾਰ ਕੋਲੋਂ ਮੰਗ ਕੀਤੀ ਕਿ ਆਲੂ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ।ਜੋਸਨ ਨੇ ਸਰਕਾਰ ਨੂੰ ਸਲਾਹ ਦਿੱਤੀ ਕਿ ਨੈਫਡ ਨੂੰ ਆਲੂਆਂ ਦੀ ਖਰੀਦ ਦਾ ਕੰਮ ਸੌਂਪਿਆ ਜਾਵੇ। ਉਹਨਾਂ ਯਾਦ ਕਰਵਾਇਆ ਕਿ 1987- 88 ਅਤੇ 1992-93 ਵਿੱਚ ਨੈਫਡ ਨੇ ਆਲੂ ਖਰੀਦੇ ਸਨ, ਜੋ ਸਰਕਾਰ ਅਤੇ ਕਿਸਾਨਾਂ ਲਈ ਵੱਡੀ ਰਾਹਤ ਸਾਬਤ ਹੋਈ ਸੀ।

## ਸਫਾ 1 ਦੇ ਬਾਕੀ...

### ਸਕੂਲਾਂ 'ਚ 400 ਕਰੋੜ...

ਵਿਦਿਆਰਥੀ ਪੁਰਾਣੇ ਕੰਪਿਊਟਰਾਂ 'ਤੇ ਕੰਮ ਕਰ ਰਹੇ ਸਨ, ਜੋ ਬਹੁਤ ਘੱਟ ਕੰਮ ਕਰਦੇ ਸਨ ਅਤੇ ਅਜੇ ਵੀ ਮਾਈਕ੍ਰੋਸਾਫਟ ਪੇਂਟ ਦੇ ਪੁਰਾਣੇ ਸੰਸਕਰਣਾਂ ਤੇ ਚੱਲ ਰਹੇ ਸਨ। ਅਸੀਂ ਇਸ ਨੂੰ ਸਥਾਈ ਤੌਰ ਤੇ ਬਦਲ ਰਹੇ ਹਾਂ। ਸਿੱਖਿਆ ਮੰਤਰੀ ਨੇ ਦੱਸਿਆ ਕਿ ਸਕੂਲ ਮੁਖੀਆਂ ਨੂੰ 21 ਫਰਵਰੀ ਤੋਂ 20 ਮਾਰਚ ਤੱਕ ਸਕੂਲ ਪੱਧਰੀ ਅਨਬਾਕਸਿੰਗ ਸੈਲੀਬ੍ਰੇਸ਼ਨ ਪ੍ਰੋਗਰਾਮ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਮਾਪਿਆਂ, ਸਕੂਲ ਪ੍ਰਬੰਧਨ ਕਮੇਟੀਆਂ, ਪੰਚਾਇਤਾਂ, ਸੇਵਾਮੁਕਤ ਅਧਿਆਪਕਾਂ ਅਤੇ ਸਾਬਕਾ ਸੈਨਿਕਾਂ ਨੂੰ ਇਸ ਨਵੇਂ ਡਿਜੀਟਲ ਯੁੱਗ ਦੀ ਸ਼ੁਰੂਆਤ ਦੇ ਗਵਾਹ ਬਣਨ ਲਈ ਸੱਦਾ ਦਿੱਤਾ ਜਾਵੇਗਾ। ਉਨ੍ਹਾ ਕਿਹਾ—ਅਸੀਂ ਚਾਹੁੰਦੇ ਹਾਂ ਕਿ ਸਮੁੱਚਾ ਭਾਈਚਾਰਾ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਕੀਤੀ ਜਾ ਰਹੀ ਇਸ ਅਹਿਮ ਤਬਦੀਲੀ ਦਾ ਅਨੁਭਵ ਕਰੇ। ਅਕਸਰ ਲੋਕ ਸਰਕਾਰੀ ਸਕੂਲਾਂ ਨੂੰ ਬਾਹਰੋਂ ਦੇਖਦੇ ਹਨ ਅਤੇ ਅੰਦਰਲੀਆਂ ਤਬਦੀਲੀਆਂ ਬਾਰੇ ਉਨ੍ਹਾਂ ਨੂੰ ਅਹਿਸਾਸ ਨਹੀਂ ਹੁੰਦਾ। ਮਾਪਿਆਂ ਨੂੰ ਇਹ ਦੇਖਣ ਦਿਓ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਖੇਤਰ ਦੇ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਬਿਹਤਰ ਨਵੀਨਤਮ ਤਕਨਾਲੋਜੀ ਨਾਲ ਸਿੱਖਿਆ ਪ੍ਰਾਪਤ ਰਹੇ ਹਨ। ਇਸ ਨਾਲ ਸਾਡੀ ਜਨਤਕ ਸਿੱਖਿਆ ਪ੍ਰਣਾਲੀ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੋਰ ਵਧੇਗਾ। ਟੀ ਈ ਟੀ ਸੰਬੰਧੀ ਯੋਗਤਾਵਾਂ ਬਾਰੇ ਮੀਡੀਆ ਦੇ ਸਵਾਲ ਦਾ ਜਵਾਬ ਦਿੰਦਿਆਂ ਬੈਂਸ ਨੇ ਕਿਹਾ, ਮੈਂ ਹਰੇਕ ਅਧਿਆਪਕ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ। ਤੁਹਾਡੀਆਂ ਨੌਕਰੀਆਂ ਸੁਰੱਖਿਅਤ ਹਨ। ਕੋਈ ਵੀ ਆਪਣੀ ਨੌਕਰੀ ਨਹੀਂ ਗੁਆਏਗਾ। ਉਨ੍ਹਾ ਕਿਹਾ ਕਿ ਉਹ 20 ਤੋਂ 25 ਸਾਲਾਂ ਤੋਂ ਸੇਵਾ ਨਿਭਾ ਰਹੇ ਤਜਰਬੇਕਾਰ ਅਧਿਆਪਕਾਂ ਦਰਮਿਆਨ ਵਧ ਰਹੀ ਚਿੰਤਾ ਨੂੰ ਸਮਝਦੇ ਹਨ। ਉਨ੍ਹਾ ਭਰੋਸਾ ਦਿੱਤਾ ਕਿ ਕਾਨੂੰਨੀ ਹੱਲ ਲੱਭੇ ਜਾ ਰਹੇ ਹਨ। ਉਹ ਅਧਿਆਪਕ ਯੂਨੀਅਨਾਂ ਦੇ ਨਿਰੰਤਰ ਸੰਪਰਕ ਵਿੱਚ ਹਨ ਅਤੇ ਕਾਨੂੰਨੀ ਰਾਹ ਦੀ ਭਾਲ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਅਧਿਆਪਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

### ਹਵਾਈ ਟਿਕਟ 48 ...

ਘਰੇਲੂ ਫਲਾਈਟ ਵਿੱਚ 7 ਦਿਨਾਂ ਤੋਂ ਘੱਟ ਅਤੇ ਅੰਤਰਰਾਸ਼ਟਰੀ ਫਲਾਈਟ ਵਿੱਚ 15 ਦਿਨਾਂ ਤੋਂ ਘੱਟ ਦਾ ਸਮਾਂ ਰਹਿੰਦਾ ਹੋਵੇ ਤਾਂ ਇਹ ਸਹੂਲਤ ਨਹੀਂ ਮਿਲੇਗੀ। ਬੁਕਿੰਗ ਦੇ 48 ਘੰਟਿਆਂ ਤੋਂ ਬਾਅਦ ਇਹ ਵਿਕਲਪ ਨਹੀਂ ਮਿਲੇਗਾ ਅਤੇ ਯਾਤਰੀ ਨੂੰ ਟਿਕਟ ਰੱਦ ਕਰਨ ਜਾਂ ਬਦਲਣ ਲਈ ਨਿਰਧਾਰਤ ਫੀਸ ਦੇਣੀ ਪਵੇਗੀ। ਇਹ ਸੋਧਾਂ ਯਾਤਰੀਆਂ ਵੱਲੋਂ ਰਿਫੰਡ ਨਾ ਮਿਲਣ ਦੀਆਂ ਲਗਾਤਾਰ ਵਧ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਕੀਤੀਆਂ ਗਈਆਂ ਹਨ। ਖਾਸ ਕਰਕੇ ਦਸੰਬਰ 2025 ਵਿੱਚ ਇੰਡੀਗੋ ਦੀਆਂ ਉਡਾਨਾਂ ਵਿੱਚ ਹੋਈ ਦਿੱਕਤ ਤੋਂ ਬਾਅਦ ਇਹ ਮੁੱਦਾ ਕਾਫੀ ਚਰਚਾ ਵਿੱਚ ਰਿਹਾ ਸੀ। ਨਵੇਂ ਨਿਯਮ 24 ਫਰਵਰੀ ਤੋਂ ਜਾਰੀ ਕੀਤੇ ਗਏ ਹਨ।

### ਸੁਪਰੀਮ ਕੋਰਟ ਸਬਕ...

ਨੂੰ ਰੋਕਣ ਲਈ ਨਹੀਂ ਹੈ, ਬਲਕਿ ਸੰਸਥਾ ਦੇ ਸਨਮਾਨ ਨੂੰ ਬਚਾਉਣ ਲਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 11 ਮਾਰਚ ਨੂੰ ਹੋਵੇਗੀ। ਇਸ ਤੋਂ ਪਹਿਲਾਂ ਐੱਨ ਸੀ ਈ ਆਰ ਟੀ ਨੇ ਨਿਆਂਪਾਲਿਕਾ ਬਾਰੇ ਇੱਕ ਪਾਠ ਵਿੱਚ ਗੈਰ-ਵਾਜਬ ਸਮੱਗਰੀ ਅਤੇ ਨਿਰਣੇ ਦੀ ਗਲਤੀ ਪਾਏ ਜਾਣ ਤੋਂ ਬਾਅਦ ਅੱਠਵੀਂ ਜਮਾਤ ਦੀ ਸਮਾਜਿਕ ਵਿਗਿਆਨ ਦੀ ਪੁਸਤਕ ਦੀ ਵੰਡ ਨੂੰ ਵਾਪਸ ਲੈਣ ਤੇ ਮੁਆਫੀ ਮੰਗਣ ਦਾ ਬਿਆਨ ਦਿੱਤਾ ਸੀ। ਉਸ ਨੇ ਕਿਹਾ, "ਅੱਠਵੀਂ ਜਮਾਤ ਲਈ ਸਮਾਜਿਕ ਵਿਗਿਆਨ ਦੀ ਪੁਸਤਕ 24 ਫਰਵਰੀ, 2026 ਨੂੰ ਰਿਲੀਜ਼ ਕੀਤੀ ਗਈ ਸੀ। ਹਾਲਾਂਕਿ, ਪੁਸਤਕ ਪ੍ਰਾਪਤ ਕਰਨ 'ਤੇ ਇਹ ਦੇਖਿਆ ਗਿਆ ਕਿ ਅਧਿਆਇ ਨੰਬਰ 4, ਜਿਸ ਦਾ ਸਿਰਲੇਖ 'ਸਾਡੇ ਸਮਾਜ ਵਿੱਚ ਨਿਆਂਪਾਲਿਕਾ ਦੀ ਭੂਮਿਕਾ' (ਪੰਨਾ 125-142) ਹੈ, ਵਿੱਚ ਕੁਝ ਅਣਉਚਿਤ ਸਮੱਗਰੀ ਹੈ। ਇਸ ਬਾਰੇ ਨਿਰਣਾ ਲੈਣ ਵਿੱਚ ਗਲਤੀ ਹੋ ਗਈ ਸੀ।" ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ (ਸਿੱਖਿਆ ਮੰਤਰਾਲੇ) ਨੇ ਵੀ ਇਸੇ ਤਰ੍ਹਾਂ ਦਾ ਨਿਰੀਖਣ ਕੀਤਾ ਅਤੇ ਨਿਰਦੇਸ਼ ਦਿੱਤੇ ਕਿ ਅਗਲੇ ਹੁਕਮਾਂ ਤੱਕ ਇਸ ਪੁਸਤਕ ਦੀ ਵੰਡ 'ਤੇ ਸਖ਼ਤ ਰੋਕ ਲਗਾਈ ਜਾਵੇ। ਐੱਨ ਸੀ ਈ ਆਰ ਟੀ ਨੇ ਕਿਹਾ ਕਿ ਉਹ ਨਿਆਂਪਾਲਿਕਾ ਦਾ ਬਹੁਤ ਸਤਿਕਾਰ ਕਰਦੀ ਹੈ ਅਤੇ ਇਸ ਨੂੰ ਭਾਰਤੀ ਸੰਵਿਧਾਨ ਦੀ ਰੱਖਿਅਕ ਅਤੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਸੰਸਥਾ ਮੰਨਦੀ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉਪਰੋਕਤ ਗਲਤੀ ਪੂਰੀ ਤਰ੍ਹਾਂ ਅਣਜਾਣੇ ਵਿੱਚ ਹੋਈ ਹੈ ਅਤੇ ਐੱਨ ਸੀ ਈ ਆਰ ਟੀ ਉਕਤ ਅਧਿਆਇ ਵਿੱਚ ਅਣਉਚਿਤ ਸਮੱਗਰੀ ਸ਼ਾਮਲ ਕਰਨ 'ਤੇ ਅਫਸੋਸ ਪ੍ਰਗਟ ਕਰਦੀ ਹੈ। ਐੱਨ ਸੀ ਈ ਆਰ ਟੀ ਨੇ ਦੁਹਰਾਇਆ ਕਿ ਨਵੀਆਂ ਪੁਸਤਕਾਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸੰਵਿਧਾਨਕ ਸਾਖਰਤਾ, ਸੰਸਥਾਗਤ ਸਤਿਕਾਰ ਅਤੇ ਲੋਕਤੰਤਰੀ ਭਾਗੀਦਾਰੀ ਦੀ ਸੂਝਵਾਨ ਸਮਝ ਨੂੰ ਮਜ਼ਬੂਤ ਕਰਨਾ ਹੈ ਅਤੇ ਕਿਸੇ ਵੀ ਸੰਵਿਧਾਨਕ ਸੰਸਥਾ ਦੇ ਅਧਿਕਾਰ 'ਤੇ ਸਵਾਲ ਉਠਾਉਣ ਜਾਂ ਉਸ ਨੂੰ ਛੁਟਿਆਉਣ ਦਾ ਕੋਈ ਇਰਾਦਾ ਨਹੀਂ ਹੈ। ਇਸ ਪਾਠਕ੍ਰਮ ਨੂੰ ਲੋੜ ਅਨੁਸਾਰ ਯੋਗ ਅਥਾਰਟੀ ਦੀ ਸਲਾਹ ਨਾਲ ਦੁਬਾਰਾ ਲਿਖਿਆ ਜਾਵੇਗਾ ਅਤੇ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ 'ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਉਪਲੱਬਧ ਕਰਵਾਇਆ ਜਾਵੇਗਾ।

### ਪਾਕਿਸਤਾਨ ਫਤਹਿ...

ਸਿੰਘ ਅਰੋੜਾ, ਸੱਭਿਆਚਾਰਕ ਕਮੇਟੀ ਦੀ ਚੇਅਰਪਰਸਨ ਸਈਦਾ ਨੋਸ਼ੀਨ ਇਫਤਿਖਾਰ ਅਤੇ ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਕਮਰ-ਉਜ਼-ਜ਼ਮਾਨ ਨੇ ਮਾਹਰਾਂ ਨਾਲ ਮਿਲ ਕੇ ਇਸ ਅਸਥਾਨ ਦਾ ਦੌਰਾ ਕੀਤਾ। ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਸਿਆਲਕੋਟ ਦੇ 'ਬਾਬੇ ਦੀ ਬੇਰੀ' ਤੋਂ ਵਾਪਸ ਪਰਤਦੇ ਹੋਏ ਇੱਥੇ ਰੁਕੇ ਸਨ। ਉਨ੍ਹਾ ਕਿਹਾ ਕਿ ਇਹ ਗੁਰਦੁਆਰਾ ਲੱਗਭੱਗ 80 ਸਾਲਾਂ ਤੋਂ ਬੰਦ ਰਹਿਣ ਕਾਰਨ ਕਾਫੀ ਖਸਤਾ ਹਾਲ ਹੋ ਚੁੱਕਾ ਹੈ ਅਤੇ ਇਮਾਰਤ ਵਿੱਚ ਤਰੇੜਾਂ ਆ ਗਈਆਂ ਹਨ। ਉਨ੍ਹਾ ਦੱਸਿਆ ਕਿ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਮੁਤਾਬਕ ਸਿੱਖ ਵਿਰਾਸਤ ਨੂੰ ਸੰਭਾਲਣ ਅਤੇ ਧਾਰਮਕ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ ਇਹ ਕੰਮ ਕੀਤਾ ਜਾ ਰਿਹਾ ਹੈ। ਅਗਲੇ ਤਿੰਨ ਸਾਲਾਂ ਵਿੱਚ ਪਾਕਿਸਤਾਨ ਦੇ ਲੱਗਭੱਗ 40-50 ਗੁਰਦੁਆਰਿਆਂ ਦੀ ਮੁਰੰਮਤ ਕਰਨ ਦੀ ਯੋਜਨਾ ਹੈ। ਪਹਿਲੇ ਪੜਾਅ ਵਿੱਚ 17-18 ਗੁਰਦੁਆਰਿਆਂ ਦਾ ਕੰਮ ਚੱਲ ਰਿਹਾ ਹੈ, ਜੋ ਮਈ ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਅਰੋੜਾ ਨੇ ਕਿਹਾ ਕਿ ਪਾਕਿਸਤਾਨ ਆਉਣ ਵਾਲੇ ਸਿੱਖ ਸ਼ਰਧਾਲੂ ਇਹ ਦੇਖ ਕੇ ਖ਼ੁਸ਼ ਹੁੰਦੇ ਹਨ ਕਿ ਉਨ੍ਹਾਂ ਦੇ ਪਵਿੱਤਰ ਅਸਥਾਨ ਸੁਰੱਖਿਅਤ ਹਨ। ਉਨ੍ਹਾ ਇਹ ਵੀ ਕਿਹਾ ਕਿ ਪਾਕਿਸਤਾਨ ਤੋਂ ਬਿਨਾਂ ਸਿੱਖ ਇਤਿਹਾਸ ਅਧੂਰਾ ਹੈ।

### ਵਟਸਐਪ ਨੰਬਰ ਵਾਲਾ...

ਬਾਅਦ ਆਪਣੇ ਆਪ ਲਾਗਆਊਟ ਹੋ ਜਾਵੇਗਾ। ਇਸ ਤੋਂ ਬਾਅਦ ਵਰਤੋਂਕਾਰਾਂ ਨੂੰ ਮੁੜ ਕਿਊ ਆਰ ਕੋਡ ਸਕੈਨ ਕਰਕੇ ਲਾਗਇਨ ਕਰਨਾ ਪਵੇਗਾ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਸਾਈਬਰ ਅਪਰਾਧੀਆਂ ਅਤੇ ਧੋਖੇਬਾਜ਼ਾਂ ਦਾ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਅਤੇ ਲੋਕਾਂ ਦਾ ਡਾਟਾ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਰਹੇਗਾ। ਇਹ ਕਦਮ ਖਾਸ ਤੌਰ 'ਤੇ ਡਿਜੀਟਲ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਫਰਜ਼ੀ ਅਕਾਊਂਟਾਂ 'ਤੇ ਲਗਾਮ ਲਗਾਉਣ ਲਈ ਚੁੱਕਿਆ ਗਿਆ ਹੈ।

## ਅੱਜ-ਨਾਮਾ

ਘਪਲੇ ਸਿਹਤ ਦੇ ਖੇਤਰ ਵਿੱਚ ਹੋਈ ਜਾਂਦੇ,
ਇੱਕ ਤੋਂ ਇੱਕ ਸਭ ਲੰਘਣ ਅਗਾਂਹ ਬੇਲੀ।
ਪਿਛਲੇ ਘਪਲੇ ਦੀ ਹੁੰਦੀ ਆ ਅਜੇ ਚਰਚਾ,
ਨਵਾਂ ਇੱਕ ਓਦੋਂ ਵੀ ਗਿਆ ਅਗਾਂਹ ਬੇਲੀ।
ਚੱਬ ਰਹੇ ਉਂਗਲਾਂ ਤੀਜੇ ਵੱਲ ਵੇਖ ਲੋਕੀਂ,
ਛੱਡ ਗਿਆ ਦੋਵਾਂ ਨੂੰ ਆਣ ਪਿਛਾਂਹ ਬੇਲੀ।
ਲੱਥੀ-ਚੜ੍ਹੀ ਦੀ ਕੀਤੀ ਨਹੀਂ ਸ਼ਰਮ ਜਾਂਦੀ,
ਮੰਨਦਾ ਦਿੱਸਦਾ ਨਹੀਂ ਕੋਈ ਗੁਨਾਹ ਬੇਲੀ।
ਹਫਤੇ ਤੀਕ ਹੀ ਜਾਂਦੀ ਇਹ ਸੁਣੀ ਚਰਚਾ,
ਗੌਲਦਾ ਪਿੱਛੋਂ ਨਾ ਕਦੀ ਕੋਈ ਗੱਲ ਬੇਲੀ।
ਓਨੀ ਦੇਰ ਤੱਕ ਉੱਠੇ ਕੋਈ ਨਵਾਂ ਘਪਲਾ,
ਜਾਂਦਾ ਭੁੱਲ ਫਿਰ ਹੋਇਆ ਜੋ ਕੱਲ੍ਹ ਬੇਲੀ।

-ਤੀਸ ਮਾਰ ਖਾਂ

## ਸਕੂਲ 'ਚ ਖੇਡਦਿਆਂ 9 ਸਾਲਾ ਬੱਚੀ ਦੀ ਮੌਤ



**ਜੈਪੁਰ** : ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਦੇ ਗੋਟਨ ਕਸਬੇ ਵਿੱਚ ਨਿੱਜੀ ਸਕੂਲ ਵਿੱਚ ਖੇਡਦਿਆਂ 9 ਸਾਲਾ ਬੱਚੀ ਦੀ ਮੌਤ ਹੋ ਗਈ। ਪੁਲਸ ਅਨੁਸਾਰ ਪੰਜਵੀਂ ਜਮਾਤ ਦੀ ਵਿਦਿਆਰਥਣ ਦਿਵਿਆ ਬਾਪੇਡੀਆ ਸਵੇਰ ਦੀ ਪ੍ਰਾਰਥਨਾ ਤੋਂ ਪਹਿਲਾਂ ਸਕੂਲ ਦੇ ਮੈਦਾਨ ਵਿੱਚ ਹੋਰਨਾਂ ਬੱਚਿਆਂ ਨਾਲ ਖੇਡ ਰਹੀ ਸੀ ਕਿ ਅਚਾਨਕ ਉਹ ਬੇਹੋਸ਼ ਹੋ ਕੇ ਡਿੱਗ ਪਈ। ਸਕੂਲ ਸਟਾਫ ਉਸ ਨੂੰ ਤੁਰੰਤ ਸਥਾਨਕ ਕਮਿਊਨਿਟੀ ਹੈਲਥ ਸੈਂਟਰ ਲੈ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਨੇ ਦਿਲ ਦਾ ਦੌਰਾ ਪੈਣ ਦਾ ਖਦਸ਼ਾ ਜਤਾਇਆ ਹੈ। ਘਟਨਾ ਦੀ ਸੀ ਸੀ ਟੀ ਵੀ ਫੁਟੇਜ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ, ਜਿਸ ਵਿੱਚ ਦਿਵਿਆ ਡਿੱਗਣ ਤੋਂ ਕੁਝ ਪਲ ਪਹਿਲਾਂ ਖੇਡਦੀ ਦਿਖਾਈ ਦਿੱਤੀ ਹੈ। ਗੋਟਨ ਹੈਲਥ ਸੈਂਟਰ ਦੇ ਇੰਚਾਰਜ ਡਾਕਟਰ ਸੁਖਰਾਮ ਨੇ ਦੱਸਿਆ ਕਿ ਬੱਚੀ ਦੀ ਕੋਈ ਪੁਰਾਣੀ ਬਿਮਾਰੀ ਦੀ ਹਿਸਟਰੀ ਨਹੀਂ ਸੀ। ਉਸ ਦੇ ਸਰੀਰ 'ਤੇ ਕੋਈ ਬਾਹਰੀ ਸੱਟ ਦੇ ਨਿਸ਼ਾਨ ਨਹੀਂ ਸਨ ਅਤੇ ਮੁੱਢਲੀ ਜਾਂਚ ਵਿੱਚ ਮੌਤ ਦਾ ਕਾਰਨ ਹਾਰਟ ਅਟੈਕ ਹੀ ਮੰਨਿਆ ਜਾ ਰਿਹਾ ਹੈ। ਪਰਵਾਰ ਨੇ ਬੱਚੀ ਦਾ ਪੋਸਟਮਾਰਟਮ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਤੋਂ ਬਾਅਦ ਲਾਸ਼ ਮਾਪਿਆਂ ਨੂੰ ਸੌਂਪ ਦਿੱਤੀ ਗਈ।

## ਬੱਸ ਨਾਲ ਟੱਕਰ 'ਚ ਕਾਰ ਚਾਲਕ ਦੀ ਮੌਤ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਮਾਣਾ-ਪਟਿਆਲਾ ਸੜਕ 'ਤੇ ਵੀਰਵਾਰ ਸਵੇਰੇ ਪੀ ਆਰ ਟੀ ਸੀ ਬੱਸ ਨਾਲ ਸਿੱਧੀ ਟੱਕਰ 'ਚ ਕਾਰ ਡਰਾਈਵਰ ਦੀ ਮੌਤ ਹੋ ਗਈ, ਜਦੋਂ ਕਿ ਫਰੰਟ ਸੀਟ 'ਤੇ ਬੈਠੀ ਉਸ ਦੀ ਪਤਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਸਵੇਰੇ 6 ਵਜੇ ਬੱਸ ਸਮਾਣਾ ਤੋਂ ਪਟਿਆਲਾ ਵੱਲ ਜਾ ਰਹੀ ਸੀ। ਸ਼ਹਿਰ ਦੇ ਬਾਹਰ ਪਟਿਆਲਾ ਰੋਡ 'ਤੇ ਪਿੰਡ ਫਤਿਹਪੁਰ ਨੇੜੇ ਪਹੁੰਚੀ ਤਾਂ ਪਟਿਆਲਾ ਵੱਲੋਂ ਆ ਰਹੀ ਕਾਰ ਨਾਲ ਟੱਕਰ ਹੋ ਗਈ।ਕਾਰ ਚਾਲਕ ਵਿਕਰਮਜੀਤ ਸਿੰਘ (40), ਨਿਵਾਸੀ ਗੁਰੂ ਰਾਮਦਾਸ ਨਗਰ, ਸਮਾਣਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਤਨੀ ਤੇਜਿੰਦਰ ਕੌਰ ਨੂੰ ਪਟਿਆਲਾ ਰੈਫਰ ਕਰਨਾ ਪਿਆ। ਪਿਛਲੀ ਸੀਟ 'ਤੇ ਬੈਠਾ ਉਨ੍ਹਾਂ ਦਾ 5 ਸਾਲਾ ਪੁੱਤਰ ਵਾਲ-ਵਾਲ ਬਚ ਗਿਆ।ਸਿਟੀ ਪੁਲਸ ਦੇ ਏ ਐੱਸ ਆਈ ਧਰਮਿੰਦਰ ਸਿੰਘ ਨੇ ਦੱਸਿਆ ਕਿ ਵਿਕਰਮਜੀਤ ਸਿੰਘ ਦੇ ਪੁੱਤਰ ਬਾਲ ਸਿੰਘ ਪਿੰਡ ਕਮਾਲਪੁਰ ਥਾਣਾ ਘਨੌਰ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ।ਬੱਸ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਇਜ਼ਰਾਈਲ 'ਚ ਵੀ ਭਾਰਤੀ ਯੂ ਪੀ ਆਈ ਪੇਮੈਂਟ ਸਿਸਟਮ ਕੰਮ ਕਰੇਗਾ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੌਰੇ ਦੇ ਵੀਰਵਾਰ ਦੂਜੇ ਤੇ ਆਖਰੀ ਦਿਨ ਭਾਰਤ ਤੇ ਇਜ਼ਰਾਈਲ ਵਿਚਾਲੇ ਕਈ ਵੱਡੇ ਸਮਝੌਤੇ ਹੋਏ। ਪ੍ਰਧਾਨ ਮੰਤਰੀ ਮੋਦੀ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਵਿਚਾਲੇ ਹੋਈ ਦੁਵੱਲੀ ਬੈਠਕ ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਐਲਾਨ ਕੀਤਾ ਗਿਆ ਕਿ ਹੁਣ ਇਜ਼ਰਾਈਲ ਵਿੱਚ ਵੀ ਭਾਰਤ ਦਾ ਯੂ ਪੀ ਆਈ ਪੇਮੈਂਟ ਸਿਸਟਮ ਕੰਮ ਕਰੇਗਾ, ਜਿਸ ਨਾਲ ਉੱਥੇ ਜਾਣ ਵਾਲੇ ਭਾਰਤੀਆਂ ਨੂੰ ਭੁਗਤਾਨ ਕਰਨ ਵਿੱਚ ਬਹੁਤ ਆਸਾਨੀ ਹੋਵੇਗੀ। ਮੋਦੀ ਨੇ ਇਹ ਵੀ ਕਿਹਾ ਕਿ ਭਾਰਤ ਜਲਦੀ ਹੀ ਇਜ਼ਰਾਈਲ ਨਾਲ ਮੁਕਤ ਵਪਾਰ ਸਮਝੌਤਾ ਕਰੇਗਾ। ਉਨ੍ਹਾ ਭਾਵੁਕ ਹੁੰਦਿਆਂ ਕਿਹਾ ਕਿ ਇਜ਼ਰਾਈਲ ਆਉਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਅਤੇ ਦੋਵਾਂ ਦੇਸ਼ਾਂ ਦੇ ਰਿਸ਼ਤੇ ਹੁਣ ਇੱਕ ਨਵੀਂ ਉਚਾਈ 'ਤੇ ਪਹੁੰਚ ਗਏ ਹਨ। ਮੋਦੀ ਨੇ ਯੇਰੂਸ਼ਲਮ ਦੇ ਹੋਲੋਕਾਸਟ ਮੈਮੋਰੀਅਲ ਵਿਖੇ ਹਿਟਲਰ ਦੇ ਨਾਜ਼ੀ ਸ਼ਾਸਨ ਦੌਰਾਨ ਮਾਰੇ ਗਏ 60 ਲੱਖ ਯਹੂਦੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਹਾਈ ਕੋਰਟ ਨੇ ਗਰੁੜ ਪੁਰਾਣ ਦੇ ਹਵਾਲੇ ਨਾਲ ਸਮਝਾਈ ਮੈਡੀਕਲ ਐਮਰਜੈਂਸੀ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਨੂੰ ਆਪਣੀ ਮੈਡੀਕਲ ਰੀਇੰਬਰਸਮੈਂਟ (ਖਰਚਾ ਵਾਪਸੀ) ਨੀਤੀ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ ਤਾਂ ਜੋ ਪ੍ਰਮਾਣਤ ਐਮਰਜੈਂਸੀ ਵਿੱਚ ਪੂਰੀ ਜਾਂ ਕਾਫੀ ਅਦਾਇਗੀ ਦੀ ਇਜਾਜ਼ਤ ਦਿੱਤੀ ਜਾ ਸਕੇ, ਭਾਵੇਂ ਇਲਾਜ ਕਿਸੇ ਗੈਰ-ਸੂਚੀਬੱਧ ਹਸਪਤਾਲ ਵਿੱਚ ਕਰਵਾਇਆ ਗਿਆ ਹੋਵੇ। ਅਦਾਲਤ ਨੇ ਫੈਸਲਾ ਦਿੱਤਾ ਕਿ ਅਜਿਹਾ ਸੁਧਾਰ ਮੁਕੱਦਮੇਬਾਜ਼ੀ ਨੂੰ ਘਟਾਏਗਾ, ਸ਼ਾਸਨ ਵਿੱਚ ਵਿਸ਼ਵਾਸ ਵਧਾਏਗਾ ਅਤੇ ਪ੍ਰਸ਼ਾਸਨਕ ਅਭਿਆਸ ਨੂੰ ਸੰਵਿਧਾਨਕ ਨੈਤਿਕਤਾ ਦੇ ਅਨੁਕੂਲ ਬਣਾਏਗਾ।

ਅਦਾਲਤ ਨੇ ਨੋਟ ਕੀਤਾ ਕਿ ਪੈਨਸ਼ਨਰਾਂ ਅਤੇ ਕਰਮਚਾਰੀਆਂ ਨੂੰ ਜੀਵਨ ਬਚਾਉਣ ਵਾਲੇ ਇਲਾਜ ਦੇ ਖਰਚੇ ਵਸੂਲਣ ਲਈ ਅਦਾਲਤਾਂ ਤੱਕ ਪਹੁੰਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਬੈਂਚ ਨੇ ਗਰੁੜ ਪੁਰਾਣ ਦੇ ਸ਼ਲੋਕਾਂ ਦਾ ਹਵਾਲਾ ਦਿੰਦੇ ਹੋਏ ਇਹ ਵੀ ਕਿਹਾ ਕਿ ਜੀਵਨ ਦੀ ਰੱਖਿਆ ਕਰਨਾ ਇੱਕ ਪਵਿੱਤਰ ਕਰਤੱਵ ਅਤੇ ਇੱਕ ਸੰਵਿਧਾਨਕ ਲਾਜ਼ਮੀ ਲੋੜ ਹੈ, ਜਦਕਿ ਇਹ ਮੰਨਦਿਆਂ ਕਿ ਜਾਨਲੇਵਾ ਐਮਰਜੈਂਸੀ ਵਿੱਚ ਮਨੁੱਖ ਨੂੰ ਉਹ ਕਰਨਾ ਚਾਹੀਦਾ ਹੈ, ਜੋ ਉਸ ਲਈ ਚੰਗਾ ਹੋਵੇ। ਅਜਿਹੀਆਂ ਸਥਿਤੀਆਂ ਵਿੱਚ ਮੈਡੀਕਲ ਰੀਇੰਬਰਸਮੈਂਟ ਨੂੰ ਮਹਿਜ਼ ਇੱਕ ਦਫਤਰੀ ਮਾਮਲਾ ਮੰਨ ਕੇ ਸਰਕਾਰੀ ਸਹੂਲਤਾਂ ਦੀਆਂ ਦਰਾਂ 'ਤੇ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਜਸਟਿਸ ਸੰਦੀਪ ਮੌਦਗਿਲ ਵੱਲੋਂ ਉਸ ਕੈਲਕੂਲੇਸ਼ਨ ਸ਼ੀਟ ਨੂੰ ਰੱਦ ਕਰਦਿਆਂ ਆਇਆ ਹੈ, ਜਿਸ ਵਿੱਚ ਇੱਕ ਸੇਵਾਮੁਕਤ ਚੀਫ ਇੰਜੀਨੀਅਰ ਦੇ 3.54 ਲੱਖ ਰੁਪਏ ਦੇ ਅਸਲ ਖਰਚੇ ਦੇ ਮੁਕਾਬਲੇ ਦਾਅਵੇ ਨੂੰ ਸਿਰਫ 1.38 ਲੱਖ ਰੁਪਏ ਤੱਕ ਸੀਮਤ ਕਰ ਦਿੱਤਾ ਗਿਆ ਸੀ। ਅਦਾਲਤ ਨੇ ਸੂਬੇ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਦੀ ਮਿਤੀ ਤੋਂ 9 ਫੀਸਦੀ ਵਿਆਜ ਸਮੇਤ ਬਾਕੀ 2.16 ਲੱਖ ਰੁਪਏ ਦੀ ਅਦਾਇਗੀ ਕਰਨ ਦਾ ਨਿਰਦੇਸ਼ ਦਿੱਤਾ।

ਸੰਕਟ ਦੀ ਗੰਭੀਰਤਾ ਦੀ ਪਰਵਾਹ ਕੀਤੇ ਬਿਨਾਂ ਰੀਇੰਬਰਸਮੈਂਟ ਨੂੰ ਸੀਮਤ ਕਰਨ ਦੀ ਅਧਿਕਾਰੀਆਂ ਦੀ 'ਮਕੈਨੀਕਲ ਪ੍ਰਥਾ' ਲਈ ਉਨ੍ਹਾਂ ਨੂੰ ਫਟਕਾਰ ਲਗਾਉਂਦੇ ਹੋਏ, ਜਸਟਿਸ ਮੌਦਗਿਲ ਨੇ ਫੈਸਲਾ ਦਿੱਤਾ ਕਿ ਧਾਰਾ 21 ਦੇ ਤਹਿਤ ਅਧਿਕਾਰ 'ਅੰਸ਼ਕ ਤੌਰ ਉੱਤੇ ਜਿਊਣ ਦਾ ਅਧਿਕਾਰ ਨਹੀਂ' ਸੀ। ਇਹ ਜੀਵਨ ਅਤੇ ਮਾਣ-ਮਰਿਆਦਾ ਦੀ ਸਾਰਥਕ ਸੰਭਾਲ ਦਾ ਅਧਿਕਾਰ ਸੀ। ਜਸਟਿਸ ਮੌਦਗਿਲ ਨੇ ਕਿਹਾ ਕਿ ਵਿਕਾਸ ਸਿਰਫ ਜੀ ਡੀ ਪੀ 'ਤੇ ਟਿਕਿਆ ਨਹੀਂ ਰਹਿ ਸਕਦਾ ਅਤੇ ਜੀਵਨ ਦੀ ਸੁਰੱਖਿਆ 'ਗੈਰ-ਗੱਲਬਾਤਯੋਗ' (ਨਾਨਨਿਗੋਸ਼ੀਏਬਲ) ਰਹਿਣੀ ਚਾਹੀਦੀ ਹੈ। ਪ੍ਰਾਚੀਨ ਭਾਰਤੀ ਵਿਚਾਰਾਂ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੇ ਗਰੁੜ ਪੁਰਾਣ ਦੇ ਸ਼ਲੋਕ ਪੇਸ਼ ਕੀਤੇ, ਜਿਨ੍ਹਾਂ ਵਿੱਚ ਸ਼ਾਮਲ ਹੈ : "ਸਰੀਰ ਤੋਂ ਬਿਨਾਂ ਕੋਈ ਮਨੁੱਖੀ ਜੀਵਨ ਦੀਆਂ ਵਸਤੂਆਂ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਇਸ ਲਈ, ਸਰੀਰ ਦੀ ਰੱਖਿਆ ਕਰਨ ਲਈ, ਜੋ ਕਿ ਦੌਲਤ ਹੈ, ਮਨੁੱਖ ਨੂੰ ਪੁੰਨ ਦੇ ਕੰਮ ਕਰਨੇ ਚਾਹੀਦੇ ਹਨ; "ਮਨੁੱਖ ਨੂੰ ਆਪਣੇ ਸਰੀਰ ਦੀ ਰੱਖਿਆ ਕਰਨੀ ਚਾਹੀਦੀ ਹੈ ਜੋ ਹਰ ਚੀਜ਼ ਲਈ ਜ਼ਿੰਮੇਵਾਰ ਹੈ। ਜੋ ਹਰ ਹੀਲੇ ਆਪਣੀ ਰੱਖਿਆ ਕਰਦਾ ਹੈ, ਉਹ ਜੀਵਨ ਵਿੱਚ ਕਈ ਸ਼ੁਭ ਮੌਕੇ ਦੇਖੇਗਾ"; ਅਤੇ "ਜੇਕਰ ਕੋਈ ਆਪਣੇ ਲਈ ਅਣਸੁਖਾਵੀਂ ਘਟਨਾ ਨੂੰ ਨਹੀਂ ਰੋਕਦਾ, ਤਾਂ ਹੋਰ ਕੌਣ ਰੋਕੇਗਾ? ਇਸ ਲਈ ਮਨੁੱਖ ਨੂੰ ਉਹ ਕਰਨਾ ਚਾਹੀਦਾ ਹੈ, ਜੋ ਉਸ ਲਈ ਚੰਗਾ ਹੋਵੇ।" ਇਨ੍ਹਾਂ ਸਿਧਾਂਤਾਂ ਨੂੰ ਤੱਥਾਂ 'ਤੇ ਲਾਗੂ ਕਰਦੇ ਹੋਏ, ਜਸਟਿਸ ਮੌਦਗਿਲ ਨੇ ਨੋਟ ਕੀਤਾ ਕਿ ਪਟੀਸ਼ਨਰ ਕੋਮਾ ਵਿੱਚ ਚਲਾ ਗਿਆ ਸੀ ਅਤੇ ਡਾਕਟਰੀ ਸਲਾਹ 'ਤੇ ਉਸ ਨੂੰ ਇੱਕ ਗੈਰ-ਸੂਚੀਬੱਧ ਹਸਪਤਾਲ ਵਿੱਚ ਭੇਜਿਆ ਗਿਆ ਸੀ, ਜੋ ਨਿਊਰੋਲੋਜੀਕਲ ਐਮਰਜੈਂਸੀ ਨੂੰ ਸੰਭਾਲਣ ਲਈ ਲੈਸ ਸੀ। ਉਨ੍ਹਾ ਕਿਹਾ, "ਅਜਿਹੇ ਸਮੇਂ ਵਿੱਚ, ਸੂਚੀਬੱਧ ਹਸਪਤਾਲਾਂ ਦੀਆਂ ਸੂਚੀਆਂ ਜਾਂ ਰੇਟ ਚਾਰਟਾਂ ਦੀ ਤਸਦੀਕ ਦੀ ਉਮੀਦ ਕਰਨਾ ਮੌਤ ਦੇ ਕੰਢੇ ਤੋਂ ਦਫਤਰੀ ਪਾਲਣਾ ਦੀ ਮੰਗ ਕਰਨਾ ਹੈ।" ਉਨ੍ਹਾ ਅੱਗੇ ਕਿਹਾ ਕਿ ਅਜਿਹੀ ਜ਼ਰੂਰਤ ਵਿੱਚ ਜੇਕਰ ਕੀਮਤੀ ਜਾਨ ਬਚਾਉਣੀ ਹੈ ਤਾਂ ਫੈਸਲਾ ਤੁਰੰਤ ਲੈਣਾ ਪੈਂਦਾ ਹੈ। ਰੀਇੰਬਰਸਮੈਂਟ ਨੂੰ ਨੋਟੀਫਾਈਡ ਦਰਾਂ ਤੱਕ ਸੀਮਤ ਕਰਨ ਵਾਲੀਆਂ ਕਾਰਜਕਾਰੀ ਹਦਾਇਤਾਂ 'ਤੇ ਸੂਬੇ ਦੇ ਭਰੋਸੇ ਨੂੰ ਖਾਰਜ ਕਰਦਿਆਂ, ਜਸਟਿਸ ਮੌਦਗਿਲ ਨੇ ਐਲਾਨ ਕੀਤਾ ਕਿ ਨੀਤੀਆਂ ਸ਼ਾਸਨ ਦੇ ਸਾਧਨ ਹਨ, ਉਹ ਨਿਆਂ 'ਤੇ ਪਾਬੰਦੀਆਂ ਨਹੀਂ ਹਨ ਅਤੇ ਪ੍ਰਸ਼ਾਸਨਕ ਸਹੂਲਤ ਜੀਵਨ ਦੇ ਅਧਿਕਾਰ ਨੂੰ ਗ੍ਰਹਿਣ ਨਹੀਂ ਲਗਾ ਸਕਦੀ। ਬਾਕੀ ਰਹਿੰਦੀ ਰਕਮ ਚਾਰ ਹਫਤਿਆਂ ਦੇ ਅੰਦਰ 9 ਫੀਸਦੀ ਸਾਲਾਨਾ ਵਿਆਜ ਸਮੇਤ ਅਦਾ ਕਰਨ ਦਾ ਨਿਰਦੇਸ਼ ਦਿੰਦਿਆਂ ਅਦਾਲਤ ਨੇ ਰਾਜ ਨੂੰ ਆਪਣੀ ਰੀਇੰਬਰਸਮੈਂਟ ਨੀਤੀ 'ਤੇ ਮੁੜ ਵਿਚਾਰ ਕਰਨ ਲਈ ਕਿਹਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹੋਲਾ ਮਹੱਲਾ ਮੌਕੇ ਹੋਣਗੇ ਵਿਸ਼ਾਲ ਸੁਰੱਖਿਆ ਪ੍ਰਬੰਧ : ਅਰਪਿਤ ਸ਼ੁਕਲਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਹੋਲਾ ਮਹੱਲਾ ਦੇ ਪਵਿੱਤਰ ਤਿਉਹਾਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਆਉਣ ਵਾਲੀ ਵੱਡੀ ਗਿਣਤੀ ਵਿੱਚ ਸੰਗਤ ਦੀ ਸੁਰੱਖਿਆ ਤੇ ਸੁਚਾਰੂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਵੱਲੋਂ ਵਿਸ਼ਾਲ ਸੁਰੱਖਿਆ ਇੰਤਜ਼ਾਮ ਕੀਤੇ ਗਏ ਹਨ> ਸ੍ਰੀ ਅਨੰਦਪੁਰ ਸਾਹਿਬ ਦੇ ਪੁਲਿਸ ਥਾਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੈਸ਼ਲ ਡੀ ਜੀ ਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਹੋਲੇ ਮਹੱਲੇ ਮੌਕੇ ਲਗਭਗ 50 ਲੱਖ ਤੋਂ ਵੱਧ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ, ਜਿਸ ਲਈ 5000 ਤੋਂ ਵੱਧ ਪੁਲਸ ਕਰਮਚਾਰੀ ਮੈਦਾਨ ਵਿੱਚ ਤੈਨਾਤ ਕੀਤੇ ਜਾਣਗੇ। ਉਹਨਾਂ ਕਿਹਾ ਕਿ ਸੰਗਤ ਨੂੰ ਕਿਸੇ ਪ੍ਰਕਾਰ ਦੀ ਪਰੇਸ਼ਾਨੀ ਨਾ ਆਵੇ, ਇਸ ਲਈ ਪੁਲਿਸ 24 ਘੰਟੇ ਸੇਵਾ ਵਿੱਚ ਹਾਜ਼ਰ ਰਹੇਗੀ ਤੇ ਸੰਗਤ ਨਾਲ ਪੁਲਿਸ ਦਾ ਵਤੀਰਾ ਮਿਲਣਸਾਰ ਅਤੇ ਸਹਿਯੋਗੀ ਰਹੇਗਾ।

ਸਪੈਸ਼ਲ ਡੀ ਜੀ ਪੀ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਨੂੰ 13 ਸੈਕਟਰਾਂ ਵਿੱਚ ਵੰਡ ਕੇ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਮੇਲਾ ਖੇਤਰ ਵਿੱਚ 200 ਤੋਂ ਵੱਧ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਹਨ, ਜਦਕਿ ਛੇ ਡਰੋਨ ਤੈਨਾਤ ਕਰਕੇ ਏਰੀਅਲ ਸਰਵੇਲਾਂਸ ਟੀਮਾਂ ਰਾਹੀਂ ਭੀੜ ਦੀ ਨਿਗਰਾਨੀ ਕੀਤੀ ਜਾਵੇਗੀ। ਹਰ ਚੱਪੇ-ਚੱਪੇ 'ਤੇ ਜੌਇੰਟ ਕੰਟਰੋਲ ਰੂਮ ਬਣਾਏ ਜਾਣਗੇ ਤਾਂ ਜੋ ਕਿਸੇ ਵੀ ਸਥਿਤੀ ਨਾਲ ਤੁਰੰਤ ਨਿਪਟਿਆ ਜਾ ਸਕੇ। 61 ਨਾਕਿਆਂ 'ਤੇ ਪੁਲਸ ਕਰਮਚਾਰੀ



ਤੈਨਾਤ ਰਹਿਣਗੇ ਅਤੇ ਸਿਵਿਲ ਡਰੈਸ ਵਿੱਚ ਵੀ ਪੁਲਿਸ ਮੁਲਾਜ਼ਮ ਭੀੜ ਵਿੱਚ ਮੌਜੂਦ ਰਹਿਣਗੇ।

ਟਰੈਫਿਕ ਪ੍ਰਬੰਧਾਂ ਬਾਰੇ ਦੱਸਦੇ ਹੋਏ ਉਹਨਾਂ ਕਿਹਾ ਕਿ ਪ੍ਰਸ਼ਾਸਨ ਦੇ ਸਹਿਯੋਗ ਨਾਲ ਬੱਸਾਂ, ਈ-ਰਿਕਸ਼ਾ ਅਤੇ ਪਾਰਕਿੰਗ ਰੂਟਾਂ ਦੀ ਸੁਚਾਰੂ ਵਿਵਸਥਾ ਕੀਤੀ ਗਈ ਹੈ। ਸੰਗਤ ਦੀ ਸਹੂਲਤ ਲਈ ਕਿਊਆਰ ਸਕੈਨ ਬੋਰਡ ਅਤੇ ਹੋਲਡਿੰਗ ਪੁਆਇੰਟ ਲਗਾਏ ਜਾਣਗੇ, ਜਿਨ੍ਹਾਂ ਰਾਹੀਂ ਟਰੈਫਿਕ ਅਤੇ ਪਾਰਕਿੰਗ ਸੰਬੰਧੀ ਜਾਣਕਾਰੀ ਆਸਾਨੀ ਨਾਲ ਮਿਲ ਸਕੇਗੀ। ਟਰਾਲੀਆਂ ਅਤੇ ਨਿੱਜੀ ਵਾਹਨਾਂ ਦੀ ਆਵਾਜਾਈ ਨੂੰ ਵੀ ਨਿਯੰਤਰਿਤ ਰੱਖਿਆ ਜਾਵੇਗਾ ਤਾਂ ਜੋ ਜਾਮ ਦੀ ਸਥਿਤੀ ਪੈਦਾ ਨਾ ਹੋਵੇ।

# ਕੈਬਨਿਟ ਮੰਤਰੀ ਵੱਲੋਂ ਦਾਰੋ ਸਲਾਮ 'ਚ ਪਾਰਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ



ਪਠਾਨਕੋਟ ( ਦਵਿੰਦਰ ਸਿੰਘ)- ਵਿਧਾਨ ਸਭਾ ਹਲਕਾ ਭੋਆ ਦੇ ਲਈ ਬਹੁਤ ਖੁਸ਼ੀ ਦਾ ਮੌਕਾ ਹੈ ਕਿ ਵਿਧਾਨ ਸਭਾ ਦੇ ਪਿੰਡ ਦਾਰੋ ਸਲਾਮ ਅੰਦਰ 20 ਲੱਖ ਰੁਪਏ ਦੀ ਲਾਗਤ ਨਾਲ ਇੱਕ ਪਾਰਕ ਬਣਾਉਣ ਦਾ ਕਾਰਜ ਆਰੰਭ ਕਰਵਾਇਆ ਗਿਆ ਹੈ। ਇਹ ਪ੍ਰਗਟਾਵਾ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਦਾਰੋ ਸਲਾਮ ਅੰਦਰ ਪਾਰਕ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਨਿਤਿਨ ਕੁਮਾਰ ਮੈਂਬਰ ਜ਼ਿਲ੍ਹਾ ਪਰੀਸ਼ਦ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਬਲਜਿੰਦਰ ਕੌਰ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ, ਸੋਹਨ ਲਾਲ ਸਾਬਕਾ ਕੌਂਸਲਰ, ਮਨੋਜ ਕੁਮਾਰ ਮੋਜੀ, ਕਰਨਜੀਤ ਚੇਅਰਮੈਨ ਟਰੇਡ ਵਿੰਗ, ਅਮਿਤ ਮਹਿਰਾ, ਤਨੂ ਠਾਕੁਰ, ਅਤੇ ਹੋਰ ਪਾਰਟੀ ਦੇ ਕਾਰਜ ਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ ਦਾ ਇੱਕ ਬਹੁਤ ਹੀ ਖ਼ੂਬਸੂਰਤ ਇਲਾਕਾ ਦਾਰੋ ਸਲਾਮ ਹੈ ਜਿੱਥੇ ਅੱਜ ਇੱਕ ਨਵੇਂ ਪਾਰਕ ਦੇ ਨਿਰਮਾਣ ਦਾ ਕੰਮ ਆਰੰਭ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਪਿੰਡ ਦਾਰੋ ਸਲਾਮ ਦੇ ਅੰਦਰ ਸਕੂਲ ਦੇ ਨਜਦੀਕ ਕਰੀਬ 20 ਲੱਖ ਰੁਪਏ ਦੀ ਲਾਗਤ ਨਾਲ ਇੱਕ ਬਹੁਤ ਹੀ ਖ਼ੂਬਸੂਰਤ ਪਾਰਕ ਦਾ ਨਿਰਮਾਣ ਕਰਵਾਇਆ ਜਾਣਾ ਹੈ। ਜਿਸ ਅਧੀਨ ਪੰਜਾਬ ਸਰਕਾਰ ਵੱਲੋ ਇਸ ਪਾਰਕ ਦੇ ਅੰਦਰ ਇੱਕ ਪੰਜ ਫੁੱਟ ਦਾ ਟਰੈਕ ਜੋ ਇੰਟਰਲਾੱਕ ਟਾਈਲ ਦੇ ਨਾਲ ਬਣਾਇਆ ਜਾਵੇਗਾ ਅਤੇ ਬਾਉਂਡਰੀ ਵਾਲ ਬਣਾਈ ਜਾਵੇਗੀ।

ਇਸ ਤੋਂ ਇਲਾਵਾ ਪਾਰਕ ਅੰਦਰ ਇੱਕ ਸੈਮੀ ਹਾਈ ਮਾਸਕ ਲਾਈਟ ਲਗਾਈ ਜਾਵੇਗੀ ਅਤੇ ਪਲਾਂਟੇਸ਼ਨ ਵੀ ਕੀਤੀ ਜਾਵੇਗੀ।

ਸੈਰ ਕਰਨ ਵਾਲੇ ਲੋਕਾਂ ਦੀ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਕ ਦੇ ਅੰਦਰ ਇੱਕ ਬਹੁਤ ਹੀ ਖ਼ੂਬਸੂਰਤ ਗਜੀਬੋ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਦੇ ਨਾਲ ਹੀ ਪਿੰਡ ਦੇ ਸਮਸਾਨਘਾਟ ਵਿੱਚ ਫਰਸ਼ ਵੀ ਪਾਇਆ ਜਾਵੇਗਾ।

# ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਨੂੰ ਅੱਜ ਚੁਕਾਈ ਜਾਵੇਗੀ ਸਹੁੰ

ਗੁਰਦਾਸਪੁਰ (ਜਨਕ ਮਹਾਜਨ)- ਸ. ਗੁਰਪ੍ਰੀਤ ਸਿੰਘ ਗਿੱਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਡਾਇਰੈਕਟਰ ਵਿਕਾਸ ਅਤੇ ਪੰਚਾਇਤ ਵਿਭਾਗ ਮੋਹਾਲੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਚੁਣੇ ਗਏ ਮੈਂਬਰਾਂ ਨੂੰ ਜਿਲ੍ਹਾ ਪੱਧਰ 'ਤੇ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11 ਵਜੇ ਸ਼ਿਵ ਕੁਮਾਰੀ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਸਹੁੰ ਚੁਕਾਈ ਜਾਵੇਗੀ। ਉਨ੍ਹਾਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਚੁਣੇ ਹੋਏ ਮੈਂਬਰਾਂ ਨੂੰ 27 ਫਰਵਰੀ ਨੂੰ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਸਮੇਂ-ਸਿਰ ਪਹੁੰਚ ਦੀ ਅਪੀਲ ਕੀਤੀ ਹੈ।



## ਮੈਡੀਕਲ ਕੈਂਪ ਅੱਜ

ਗੁਰਦਾਸਪੁਰ (ਜਨਕ ਮਹਾਜਨ) - ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ 'ਸਾਡੇ ਬਜ਼ੁਰਗ ਸਾਡਾ ਮਾਣ' ਨਾਅਰੇ ਦੇ ਤਹਿਤ 27 ਫਰਵਰੀ ਨੂੰ ਕਮਿਊਨਟੀ ਹੈਲਥ ਸੈਂਟਰ ਕਲਾਨੌਰ ਵਿਖੇ ਵਿਸ਼ੇਸ਼ ਕੈਂਪ ਲੱਗੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਡਾ. ਕਿਰਤਪ੍ਰੀਤ ਕੌਰ ਨੇ ਦੱਸਿਆ ਕਿ ਸਿਹਤ ਅਤੇ ਮੈਡੀਕਲ ਕੈਂਪ ਜੋ ਪਹਿਲਾਂ ਪ੍ਰਬੰਧਕੀ ਕਾਰਨਾਂ ਕਰਕੇ ਮੁਲਤਵੀ ਕੀਤਾ ਗਿਆ ਸੀ, ਹੁਣ 27 ਫਰਵਰੀ ਨੂੰ ਕਮਿਊਨਿਟੀ ਹੈਲਥ ਸੈਂਟਰ ਕਲਾਨੌਰ ਵਿਖੇ ਲਗਾਇਆ ਜਾ ਰਿਹਾ ਹੈ।

# ਪੱਛਮੀ ਪਹਿਰਾਵੇ 'ਚ ਆਏ ਸ਼੍ਰੋਮਣੀ ਕਮੇਟੀ ਦੇ 20 ਮੁਲਾਜ਼ਮਾਂ ਨੂੰ ਲਾਇਆ ਜੁਰਮਾਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੰਜਾਬੀ ਦੀ ਇੱਕ ਕਹਾਵਤ ਹੈ ਕਿ ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਿਥੇ ਸ਼੍ਰੋਮਣੀ ਕਮੇਟੀ ਵਿੱਚ ਹੋ ਰਹੇ ਘਪਲਿਆ ਤੋਂ ਦੁਖੀ ਹਨ ਉਥੇ ਉਹਨਾਂ ਨੇ ਸੰਸਥਾ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਸਖ਼ਤ ਰੁਖ਼ ਅਖਤਿਆਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਜੁਰਮਾਨਾ ਲਗਾਇਆ ਹੈ।

ਇੱਕ ਮੀਟਿੰਗ ਦੌਰਾਨ ਪੱਛਮੀ ਪਹਿਰਾਵਾ (ਕੋਟ, ਪੈਂਟ, ਜੀਨਸ ਤੇ ਸੂਟ) ਪਾ ਕੇ ਆਏ ਲਗਭਗ 20 ਮੈਨੇਜਰਾਂ ਅਤੇ ਅਕਾਊਂਟੈਂਟਾਂ ਨੂੰ ਪ੍ਰਧਾਨ ਧਾਮੀ ਨੇ ਸਖ਼ਤ ਤਾੜਨਾ ਕਰਦਿਆਂ ਰਵਾਇਤੀ ਕੁੜਤਾ ਪਜਾਮਾ ਪਹਿਨਣ ਦੇ ਨਿਰਦੇਸ਼ ਦਿੱਤੇ। ਧਾਮੀ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਮਰਿਆਦਾ ਦੀ ਉਲੰਘਣਾ ਕਰਨ ਬਦਲੇ ਪ੍ਰਤੀ ਵਿਅਕਤੀ 2100 ਰੁਪਏ ਗੁਰੂ ਦੀ ਗੋਲਕ ਵਿੱਚ ਜਮ੍ਹਾ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਇਹ ਕਾਰਵਾਈ ਧਾਰਾ 85 ਅਧੀਨ ਆਉਂਦੇ ਉਨ੍ਹਾਂ ਗੁਰਦੁਆਰਿਆਂ ਦੇ ਸਟਾਫ਼ ਦੀ ਮੀਟਿੰਗ ਦੌਰਾਨ ਕੀਤੀ ਗਈ ਜਿਨ੍ਹਾਂ ਦਾ ਪ੍ਰਬੰਧ ਹਾਲ ਹੀ ਵਿੱਚ ਬਦਲਿਆ ਗਿਆ ਹੈ।

# ਹੋਲੇ ਮਹੱਲੇ 'ਤੇ ਅੱਡਾ ਝਬਾਲ ਦੀਆਂ ਦੁਕਾਨਾਂ ਤੇ ਬਜ਼ਾਰ ਰਹਿਣਗੇ ਬੰਦ

ਝਬਾਲ (ਮੱਖਣ ਮਨੋਜ)-ਹੋਲੇ ਮਹੱਲੇ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੁਕਾਨਦਾਰ ਯੂਨੀਅਨ ਵਲੋਂ 3 , 4 ਮਾਰਚ ਦਿਨ ਮੰਗਲਵਾਰ, ਬੁੱਧਵਾਰ ਨੂੰ ਅੱਡਾ ਝਬਾਲ ਦੀਆਂ ਸਮੂਹ ਦੁਕਾਨਾਂ ਤੇ ਬਜ਼ਾਰ ਬੰਦ ਰੱਖੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨਦਾਰ ਯੂਨੀਅਨ ਦੇ ਗੁਰਦੇਵ ਸਿੰਘ ਰਿੱਕੂ ਛੀਨਾ, ਬਲਬੀਰ ਸਿੰਘ ਬੀ ਐੱਸ ਟੇਲਰ, ਬਾਂਕਾ ਮਲਕ ਕਲਾਥ ਹਾਊਸ, ਨਰਿੰਦਰ ਬੂਟ ਹਾਊਸ, ਗਿਆਨੀ ਕਪੜੇ ਵਾਲੇ, ਫੈਂਸੀ ਬੂਟ ਹਾਊਸ, ਚਰਨਜੀਤ ਸਿੰਘ ਚੰਨਾ ਬਰਤਨ ਭੰਡਾਰ, ਮਹਿੰਦਰਪਾਲ ਸਿੰਘ, ਪ੍ਰਿੰਸ ਭਾਟੀਆ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹੋਲੇ ਮੁਹੱਲੇ ਦੇ ਪਵਿੱਤਰ ਦਿਹਾੜੇ ਮੌਕੇ ਅੱਡਾ ਝਬਾਲ ਦੀਆਂ ਦੁਕਾਨਾਂ ਤੇ ਬਜ਼ਾਰ ਬੰਦ ਰੱਖੇ ਜਾਣਗੇ।



# ਖੈਰਦੀਨਕੇ ਵਿਖੇ ਸਕੂਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ

ਝਬਾਲ (ਮੱਖਣ ਮਨੋਜ)-ਪਿੰਡ ਖੈਰਦੀਨ ਕੇ ਸਕੂਲ ਵਿਖੇ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਇਹ ਜਾਣਕਾਰੀ ਦੇਂਦਿਆਂ ਸਰਪੰਚ ਗੁਰਚਰਨ ਸਿੰਘ ਨੇ ਦੱਸਿਆ ਪਿੰਡ ਖੈਰਦੀਨਕੇ ਦੇ ਸਰਕਾਰੀ ਸਕੂਲ ਵਿੱਚ ਬਣ ਰਹੀ ਨਵੀਂ ਇਮਾਰਤ ਦਾ ਪਿੰਡ ਦੇ ਗ੍ਰਾਮ ਪੰਚਾਇਤ ਮੈਂਬਰਾਂ ਨੇ ਨੀਂਹ ਪੱਥਰ ਰੱਖਿਆ। ਇਸ ਸਮੇ ਮੈਂਬਰ ਕਲਜੀਤ ਸਿੰਘ, ਮੈਂਬਰ ਹਰਜਿੰਦਰ ਸਿੰਘ, ਸਾਬਕਾ ਸਰਪੰਚ ਤਰਸੇਮ ਸਿੰਘ, ਡਾਕਟਰ ਹਰਜਿੰਦਰ ਸਿੰਘ, ਮਾਸਟਰ ਰਣਜੀਤ ਸਿੰਘ ਤੇ ਸਮੂੰਹ ਸਕੂਲ ਸਟਾਫ ਹਾਜਰ ਸੀ।



# ਸਰਕਾਰੀ ਮੈਡੀਕਲ ਕਾਲਜ ਵੱਲੋਂ ਫੈਕਲਟੀ ਮੈਂਬਰਾਂ ਲਈ ਦੋ ਰੋਜ਼ਾ ਟ੍ਰੇਨਿੰਗ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)- ਸਰਕਾਰੀ ਮੈਡੀਕਲ ਕਾਲਜ ਦੇ ਮੈਡੀਕਲ ਐਜੂਕੇਸ਼ਨ ਯੂਨਿਟ ਵੱਲੋਂ 24 ਅਤੇ 25 ਫਰਵਰੀ ਨੂੰ ਦੋ ਰੋਜ਼ਾ 'ਕਰੀਕੁਲਮ ਇੰਪਲੀਮੈਂਟੇਸ਼ਨ ਸਪੋਰਟ ਪ੍ਰੋਗਰਾਮ' ਟ੍ਰੇਨਿੰਗ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ 30 ਫੈਕਲਟੀ ਮੈਂਬਰਾਂ (ਅਧਿਆਪਕਾਂ) ਨੇ ਹਿੱਸਾ ਲਿਆ।

ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ 24 ਫਰਵਰੀ ਨੂੰ ਅੰਮ੍ਰਿਤਸਰ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਅਤੇ ਵਾਈਸ ਪ੍ਰਿੰਸੀਪਲ ਡਾ. ਜੇ.ਪੀ. ਅੱਤਰੀ ਨੇ ਕੀਤੀ। ਲੁਧਿਆਣਾ ਤੋਂ ਕੋ-ਕਨਵੀਨਰ ਅਤੇ ਏ ਸੀ ਐਮ ਈ ਇੰਚਾਰਜ ਡਾ. ਅੰਜਲੀ ਜੈਨ ਨੇ ਐਨ ਐਮ ਸੀ ਵੱਲੋਂ ਨਿਯੁਕਤ ਆਬਜ਼ਰਵਰ ਵਜੋਂ ਇਸ ਪ੍ਰੋਗਰਾਮ ਦੀ ਦੇਖ-ਰੇਖ ਕੀਤੀ। ਇਹ ਵਰਕਸ਼ਾਪ ਕੋਆਰਡੀਨੇਟਰ ਡਾ. ਲਵੀਨਾ ਓਬਰਾਏ ਦੀ ਅਗਵਾਈ ਹੇਠ ਕਰਵਾਈ ਗਈ। ਇਸ ਵਿੱਚ ਕਰੀਕੁਲਮ ਕਮੇਟੀ ਦੇ ਮੈਂਬਰਾਂ ਡਾ. ਮ੍ਰਿਦੂ ਗੁਪਤਾ, ਡਾ. ਅਜੈ ਛਾਬੜਾ,ਡਾ.ਨਵਯੁਗਰਾਜ ਸਿੰਘ, ਡਾ.ਜਸਪ੍ਰੀਤ ਸਿੰਘ, ਡਾ.ਸਰੋਜ ਬਾਲਾ,ਡਾ. ਰਾਜੀਵ ਅਰੋੜਾ ਅਤੇ ਡਾ. ਭੁਪਿੰਦਰ ਸਿੰਘ ਵਾਲੀਆ ਨੇ ਵੀ ਸਹਿਯੋਗ ਦਿੱਤਾ।

ਕੋਆਰਡੀਨੇਟਰ ਡਾ. ਲਵੀਨਾ ਓਬਰਾਏ ਨੇ ਕਿਹਾ ਕਿ ਵਿਦਿਆਰਥੀਆਂ ਅਤੇ ਮਰੀਜ਼ਾਂ ਨੂੰ ਧਿਆਨ ਵਿੱਚ ਰੱਖ ਕੇ ਅਪਣਾਏ ਗਏ ਇਨ੍ਹਾਂ ਨਵੇਂ ਤਰੀਕਿਆਂ ਦਾ ਮੁੱਖ ਟੀਚਾ ਮੈਡੀਕਲ ਸਿੱਖਿਆ ਨੂੰ ਬਿਹਤਰ ਬਣਾਉਣਾ ਅਤੇ ਮਰੀਜ਼ਾਂ ਨੂੰ ਚੰਗੀਆਂ ਸੇਵਾਵਾਂ ਦੇਣਾ ਹੈ ।

# ਰਮਨ ਬਹਿਲ ਨੇ ਜ਼ਖ਼ਮੀ ਪੁਲਸ ਜਵਾਨਾਂ ਦਾ ਜਾਣਿਆ ਹਾਲ

ਗੁਰਦਾਸਪੁਰ (ਜਨਕ ਮਹਾਜਨ) - ਹਲਕਾ ਇੰਚਾਰਜ ਸ੍ਰੀ ਰਮਨ ਬਹਿਲ ਸਿਵਲ ਹਸਪਤਾਲ ਬੱਬਰੀ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਸਮਾਜ ਵਿਰੋਧੀ ਅਨਸਰਾਂ ਨਾਲ ਹੋਈ ਮੁਠਭੇੜ ਦੌਰਾਨ ਜ਼ਖ਼ਮੀ ਹੋਏ ਪੁਲਿਸ ਜਵਾਨਾਂ ਦਾ ਹਾਲ-ਚਾਲ ਜਾਣਿਆ ਅਤੇ ਉਨ੍ਹਾਂ ਦੇ ਜਲਦ ਠੀਕ ਹੋਣ ਲਈ ਅਰਦਾਸ ਕੀਤੀ। ਇਸ ਮੌਕੇ ਡਾਕਟਰਾਂ ਦੀ ਟੀਮ ਵੀ ਮੌਜੂਦ ਰਹੀ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਦੋਰਾਂਗਲਾ ਨੇੜੇ ਪਿੰਡ ਆਦੀਆਂ ਵਿਖੇ ਵਾਪਰੀ ਮੰਦਭਾਗੀ ਘਟਨਾ ਵਿੱਚ ਏ.ਐੱਸ.ਆਈ. ਗੁਰਨਾਮ ਸਿੰਘ ਅਤੇ ਪੀ.ਐੱਚ.ਜੀ. ਅਸ਼ੋਕ ਕੁਮਾਰ ਸ਼ਹੀਦ ਹੋ ਗਏ ਸਨ ਅਤੇ ਪੁਲਿਸ ਵੱਲੋਂ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ 72 ਘੰਟਿਆਂ ਦੇ ਅੰਦਰ ਦੋਸ਼ੀਆਂ ਦਾ ਪਤਾ ਲਗਾ ਲਿਆ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਪੰਜਾਬ ਪੁਲਿਸ ਫੋਰਸ 'ਤੇ ਮਾਣ ਹੈ, ਜੋ ਲੋਕਾਂ ਦੀ ਸੁਰੱਖਿਆ ਲਈ ਦਿਨ-ਰਾਤ ਤਤਪਰ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪੁਲਿਸ ਅਤੇ ਸਮਾਜ ਵਿਰੋਧੀ ਅਨਸਰਾਂ ਵਿਚਕਾਰ ਹੋਈ ਮੁਠਭੇੜ ਦੌਰਾਨ ਸੀ.ਆਈ.ਏ. ਇੰਚਾਰਜ ਗੁਰਮੀਤ ਸਿੰਘ ਅਤੇ ਕੁਝ ਪੁਲਿਸ ਜਵਾਨ ਜ਼ਖ਼ਮੀ ਹੋ ਗਏ ਸਨ। ਜ਼ਖ਼ਮੀ ਹੋਣ ਦੇ ਬਾਵਜੂਦ ਪੁਲਿਸ ਜਵਾਨਾਂ ਨੇ ਬਹਾਦਰੀ ਦਿਖਾਉਂਦਿਆਂ ਮੁਲਜ਼ਮ ਨੂੰ ਕਾਬੂ ਕਰ ਲਿਆ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਸ਼ਹੀਦ ਪਰਿਵਾਰਾਂ ਨੂੰ 1-1 ਕਰੋੜ ਸਨਮਾਨ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।



# ਬਿਰਧ ਆਸ਼ਰਮ ਨੇ ਦਿੱਤਾ ਇੱਕ ਹੋਰ ਬੇਸਹਾਰਾ ਬਜ਼ੁਰਗ ਨੂੰ ਸਹਾਰਾ



ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ 2021 ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦਿੰਦਾ ਆ ਰਿਹਾ ਹੈ। ਜਿਸ ਵਿੱਚ ਲਗਭਗ 400 ਤੋਂ ਜਿਆਦਾ ਬੇਸਹਾਰਾ ਬਜ਼ੁਰਗਾਂ ਨੂੰ ਸਹਾਰਾ ਦਿੱਤਾ ਗਿਆ ਹੈ । ਉਸ ਵਿੱਚ ਇੱਕ ਹੋਰ ਬਜ਼ੁਰਗ ਬਾਪੂ ਜੀਤ ਰਾਜ,ਪੁੱਤਰ ਕਰਮ ਚੰਦ,ਪਿੰਡ-ਕੈਰਾ ਮਦਾਰਪੁਰ, ਜਿਲਾ- ਗੁਰਦਾਸਪੁਰ ਵੀ ਸ਼ਾਮਿਲ ਹੋ ਗਏ ਹਨ। ਉਹਨਾਂ ਨੇ ਦੱਸਿਆ ਕਿ ਮੇਰੇ ਚਾਰ ਬੱਚੇ ਹਨ ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਹੈ ਦੋ ਧੀਆਂ ਜੋ ਕਿ ਸੌਹਰੇ ਪਰਿਵਾਰ ਵਿੱਚ ਰਹਿੰਦੀਆਂ ਹਨ ਅਤੇ ਇੱਕ ਪੁੱਤਰ ਜੋ ਕਿ ਨਸ਼ਿਆਂ ਦਾ ਆਦੀ ਹੈ ਤੇ ਉਸ ਦਾ ਪਰਿਵਾਰ ਮੈਨੂੰ ਘਰ ਰੱਖਣ ਵਿੱਚ ਅਸਮਰਥ ਹੈ । ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਅਤੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਬਾਪੂ ਜੀ ਨੂੰ ਇੱਥੇ ਰਹਿਣ ਦੀ ਆਗਿਆ ਦੇ ਦਿੱਤੀ। ਇਸ ਮੌਕੇ ਆਸ਼ਰਮ ਚੇਅਰਪਰਸਨ ਮੈਡਮ ਰੀਨਾ ਸਰਮਾਲ,ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ ਸਮੂਹ ਸਟਾਫ਼ ਸਵਿਤਾ,ਸੁਰਜੀਤ ਕੌਰ, ਜਸਵੀਰ ਕੌਰ,ਆਸ਼ਾ ਰਾਣੀ, ਵਿੰਪਨ ਕੁਮਾਰ, ਰਮੇਸ਼ ਚੰਦਰ ਆਦਿ ਮੌਜੂਦ ਸਨ।

# 'ਮੇਰੀ ਰਸੋਈ' ਯੋਜਨਾ ਖੁਰਾਕ ਤੇ ਪੋਸ਼ਣ ਸੁਰੱਖਿਆ ਵੱਲ ਇਕ ਵੱਡਾ ਕਦਮ : ਸ਼ੈਰੀ ਕਲਸੀ

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਪੰਜਾਬ ਸਰਕਾਰ ਵੱਲੋਂ 'ਮੇਰੀ ਰਸੋਈ' ਯੋਜਨਾ ਤਹਿਤ 40 ਲੱਖ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਕਿੱਟਾਂ ਪ੍ਰਦਾਨ ਕਰਨ ਦੇ ਲਏ ਗਏ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਪਹਿਲ ਕੌਮੀ ਖੁਰਾਕ ਸੁਰੱਖਿਆ ਐਕਟ ਦੀ ਆਤਮਾ ਅਨੁਸਾਰ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ।ਉਨ੍ਹਾਂ ਕਿਹਾ ਕਿ 'ਮੇਰੀ ਰਸੋਈ' ਯੋਜਨਾ ਤਹਿਤ ਤਿਮਾਹੀ ਆਧਾਰ 'ਤੇ ਦਿੱਤੀਆਂ ਜਾਣ ਵਾਲੀਆਂ ਰਾਸ਼ਨ ਕਿੱਟਾਂ ਪੋਸ਼ਣ ਸੁਰੱਖਿਆ ਨੂੰ ਵਧਾਉਣ ਵਿੱਚ ਸਹਾਇਕ ਸਾਬਤ ਹੋਣਗੀਆਂ।ਉਨ੍ਹਾਂ ਦੱਸਿਆ ਕਿ ਯੋਜਨਾ ਅਨੁਸਾਰ ਹਰ ਯੋਗ ਪਰਿਵਾਰ ਨੂੰ ਦੋ ਕਿਲੋ ਦਾਲ, ਦੋ ਕਿਲੋ ਖੰਡ, ਇੱਕ ਕਿਲੋ ਨਮਕ, 200 ਗ੍ਰਾਮ ਹਲਦੀ ਪਾਊਡਰ ਅਤੇ ਇੱਕ ਲੀਟਰ ਸਰ੍ਹੋਂ ਦਾ ਤੇਲ ਪ੍ਰਦਾਨ ਕੀਤਾ ਜਾਵੇਗਾ। ਇਹ ਕਿੱਟਾਂ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਦਿੱਤੀ ਜਾਂਦੀ ਕਣਕ ਤੋਂ ਇਲਾਵਾ ਹੋਣਗੀਆਂ।



# ਮਾਤਾ ਚਿੰਤਪੂਰਨੀ ਮੰਦਰ 'ਚ ਕੀਰਤਨ ਪਹਿਲੀ ਨੂੰ

ਛੇਹਰਟਾ, (ਮਨੋਜ ਕੁਮਾਰ)- ਮਾਤਾ ਚਿੰਤਪੂਰਨੀ ਮੰਦਿਰ, ਨਮਕ ਮੰਡੀ ਵਿਖੇ ਕੀਰਤਨ 1 ਮਾਰਚ ਨੂੰ ਕੀਤਾ ਜਾਵੇਗਾ। ਪ੍ਰਸਿੱਧ ਗਾਇਕ ਨਵਲ ਵਰਮਾ ਇਸ ਦਿਨ ਸ਼ਾਮ 6:00 ਵਜੇ ਤੋਂ 8:00 ਵਜੇ ਤਕ ਭਜਨਾਂ ਦਾ ਗੁਣਗਾਨ ਕਰਨਗੇ। ਗਾਇਕ ਨਵਲ ਵਰਮਾ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਉੱਤਰੀ ਹਲਕੇ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਤੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ ਹੋਣਗੇ। ਸਮਾਜ ਸੇਵਕ ਸ਼ੰਕਰ ਅਰੋੜਾ ਮਹਾਮਾਈ ਦੇ ਚਰਨਾਂ ਵਿਚ ਅਰਦਾਸ ਕਰਨਗੇ। ਇਸ ਮੌਕੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।

# ਟੈਲੀ-ਮਾਨਸ ਪ੍ਰਾਜੈਕਟ ਮਾਨਸਿਕ ਸਿਹਤ 'ਚ ਕ੍ਰਾਂਤੀ - ਡਾ. ਵਰਿੰਦਰ ਮੋਹਨ

ਗੁਰਦਾਸਪੁਰ (ਜਨਕ ਮਹਾਜਨ) - ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਵਰਿੰਦਰ ਮੋਹਨ ਨੇ ਕਿਹਾ ਕਿ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਤੰਦਰੁਸਤੀ ਵਿੱਚ ਵਾਧਾ ਕਰਨ ਲਈ ਭਾਰਤ ਸਰਕਾਰ ਨੇ 10 ਅਕਤੂਬਰ 2022 ਨੂੰ ਟੈਲੀ-ਮਾਨਸ ਪ੍ਰੋਜੈਕਟ ਸ਼ੁਰੂ ਕੀਤਾ ਸੀ। ਟੈਲੀ-ਮਾਨਸ ਇੱਕ ਟੋਲ ਮੁਫ਼ਤ ਹੈਲਪਲਾਈਨ ਹੈ ਜੋ ਪੂਰੇ ਭਾਰਤ ਵਿੱਚ ਚੌਵੀ ਘੰਟੇ ਮੁਫ਼ਤ ਮਾਨਸਿਕ ਸਿਹਤ ਸਲਾਹ ਪ੍ਰਦਾਨ ਕਰਦੀ ਹੈ। ਇਹ 20 ਤੋਂ ਵੱਧ ਭਾਸ਼ਾਵਾਂ ਵਿਚ ਉਪਲਬਧ ਹੈ। ਉਪਭੋਗਤਾ ਟੋਲ ਫਰੀ ਹੈਲਪਲਾਈਨ ਨੰਬਰ ਯਾਨੀ 1800-89-14416 ਜਾਂ 14416 ਰਾਹੀਂ ਟੈਲੀ-ਮਾਨਸ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ।

# ਫਤਿਹਗੜ੍ਹ ਚੂੜੀਆਂ 'ਚ ਮਿਠਾਈ ਵਾਲੀ ਬੀਕਾਨੇਰ ਦੀ ਦੁਕਾਨ 'ਤੇ ਹੰਗਾਮਾ

ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)- ਫਤਿਹਗੜ੍ਹ ਚੂੜੀਆਂ ਬੱਸ ਅੱਡੇ ਦੇ ਸਾਹਮਣੇ ਬੀਕਾਨੇਰ ਵਾਲੀ ਮਿਠਾਈ ਦੀ ਦੁਕਾਨ 'ਤੇ ਉਸ ਵੇਲੇ ਵੱਡਾ ਹੰਗਾਮਾ ਹੋ ਗਿਆ ਜਦੋਂ ਗਾਹਕਾਂ ਵੱਲੋਂ ਆਪਣੀ ਲੜਕੀ ਦੇ ਸ਼ਗਨ ਵਾਲੇ ਸਮਾਗਮ ਲਈ ਲਿਜਾਈ ਗਈ ਮਿਠਾਈ ਘਟੀਆ ਕਿਸਮ ਦੀ ਨਿਕਲਣ ਦੇ ਦੋਸ਼ ਲਗਾਏ ਗਏ। ਇਸ ਸਬੰਧੀ ਅਮਰੀਕ ਸਿੰਘ, ਗੁਰਚੇਤਨ ਸਿੰਘ ਅਤੇ ਲੱਕੀ ਮੰਜਿਆਂਵਾਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਦੀ ਭਣੇਵੀਂ ਦਾ ਵਿਆਹ ਸੀ ਜਿਸ ਵਾਸਤੇ ਫਤਿਹਗੜ੍ਹ ਚੂੜੀਆਂ ਬੱਸ ਅੱਡੇ ਸਾਹਮਣੇ ਸਥਿਤ ਬੀਕਾਨੇਰ ਮਿਠਾਈ ਦੀ ਦੁਕਾਨ ਤੋਂ ਰਸਗੁਲੇ ਅਤੇ ਹੋਰ ਮਿਠਾਈ ਖ੍ਰੀਦੀ ਅਤੇ ਜਦ ਉਥੇ ਜਾ ਕੇ ਡੱਬੇ ਖੋਲ੍ਹੇ ਤਾਂ ਰਸਗੁੱਲੇ ਰਬੜ ਦੀ ਤਰਾਂ ਨਿਕਲੇ ਜਿਸ ਨੂੰ ਵੇਖ ਕੇ ਵਿਚੋਲਨ ਭੜਕ ਉਠੀ ਅਤੇ ਉਸ ਵੱਲੋਂ ਸਾਨੂੰ ਝਾੜਾਂ ਪਾਈਆਂ ਗਈਆਂ। ਉਕਤ ਗਾਹਕਾਂ ਨੇ ਕਿਹਾ ਕਿ ਰਸਗੁੱਲੇ ਉਨਾਂ ਨੂੰ ਦਿਖਾਏ ਕੁੱਝ ਹੋਰ ਸਨ ਅਤੇ ਦਿੱਤੇ ਹੋਰ ਸਨ। ਉਨ੍ਹਾਂ ਕਿਹਾ ਕਿ ਇੱਕ ਰਬੜ ਦੀ ਤਰਾਂ ਸਨ ਜੋ ਖਾਧੇ ਵੀ ਨਹੀਂ ਜਾ ਰਹੇ ਸਨ ਅਤੇ ਰੇਟ ਵੀ ਬਹੁਤ ਜਿਆਦਾ ਲਗਾਇਆ ਗਿਆ ਸੀ। ਉਨਾਂ ਸਿਹਤ ਵਿਭਾਗ ਕੋਲੋਂ ਇਨਸਾਫ ਦੀ ਮੰਗ ਕੀਤੀ ਹੈ ਦੂਸਰੇ ਪਾਸੇ ਇਸ ਸਬੰਧੀ ਜਦੋਂ ਦੁਕਾਨ ਦੇ ਮਾਲਕ ਦੁਰਾ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਗਾਹਕਾਂ ਨੂੰ ਵਧੀਆ ਕੁਆਲਟੀ ਦੇ ਰਸਗੁੱਲੇ ਦਿੱਤੇ ਗਏ ਸਨ ਸਿਰਫ ਰੇਟ ਨੂੰ ਲੈ ਕੇ ਹੰਗਾਮਾ ਕੀਤਾ ਜਾ ਰਿਹਾ ਹੈ।



# ਰਣਜੀਤ ਸਿੰਘ ਦੇ ਪੁਲਸ ਮੁਕਾਬਲੇ ਦੀ ਸੀ ਬੀ ਆਈ ਜਾਂਚ ਹੋਵੇ : ਤਰਸੇਮ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) -" ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰਨ ਮਗਰੋਂ ਜਮਹੂਰੀਅਤ ਪਸੰਦ ਸੰਗਠਨਾਂ ਵੱਲੋਂ ਖੜ੍ਹੇ ਕੀਤੇ ਜਾ ਰਹੇ ਸਵਾਲਾਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ।" ਇਨਾਂ ਸ਼ਬਦਾਂ ਦਾ ਪ੍ਰਗਟਾਵਾ ਵੀਰਵਾਰ ਨੂੰ ਇੱਥੇ ਅਕਾਲੀ ਦਲ ਵਾਰਿਸ ਪੰਜਾਬ ਦੇ ਸਰਪ੍ਰਸਤ ਤੇ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਪ੍ਰੈਸ ਸਕੱਤਰ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਪ੍ਰੈਸ ਨੋਟ ਰਾਹੀਂ ਕੀਤਾ।



ਉਨਾਂ ਕਿਹਾ ਕਿ ਗੁਰਦਾਸਪੁਰ ਵਿੱਚ ਦੋ ਪੁਲਿਸ ਮੁਲਾਜ਼ਮਾਂ ਦਾ ਕਤਲ ਮੰਦਭਾਗਾ ਹੈ, ਪਰ ਪੰਜਾਬ ਸਰਕਾਰ ਨੇ ਇਸ ਦੀ ਬਾਰੀਕੀ ਨਾਲ ਜਾਂਚ ਕਰਨ ਦੀ ਬਜਾਏ ਹਫੜਾ-ਦਫੜੀ ਵਿੱਚ ਪਿੰਡ ਆਦੀਆਂ ਦੇ 19 ਸਾਲਾ ਸਿੱਖ ਨੌਜਵਾਨ ਰਣਜੀਤ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਬਣਾ ਦਿੱਤਾ ਹੈ। ਉਨਾਂ ਕਿਹਾ ਕਿ ਰਣਜੀਤ ਸਿੰਘ ਦਾ ਝੂਠਾ ਪੁਲਿਸ ਮੁਕਾਬਲਾ ਮਨੁੱਖੀ ਅਧਿਕਾਰਾਂ ਦਾ ਸਿੱਧਾ ਉਲੰਘਣ ਹੈ ਇਸ ਦੀ ਸੀ ਬੀ ਆਈ ਜਾਂਚ ਹੋਵੇ।

# ਪੁਲਸ ਜਵਾਨਾਂ ਨੂੰ ਗੋਲੀਆਂ ਮਾਰਨ ਦੇ ਮਾਮਲੇ ਦੀ ਸੀ ਬੀ ਆਈ ਕਰੇ ਜਾਂਚ : ਛੋਟੇਪੁਰ

**ਕਲਾਨੌਰ/ਡੇਰਾ ਬਾਬਾ ਨਾਨਕ (ਮਨਦੀਪ ਕੋਹਲੀ/ਰਮੇਸ਼ ਸ਼ਰਮਾ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਪਿੰਡ ਆਧੀਆਂ ਵਿਖੇ ਪਹੁੰਚੇ । ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਘਰ ਦਾ ਇਕਲੌਤਾ ਚਿਰਾਗ ਰਣਜੀਤ ਸਿੰਘ ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਸੀ ਅਤੇ ਇਸ ਉਪਰੰਤ ਪੁਲਿਸ ਨੇ ਗਲੀਆਂ ਮੁਹੱਲਿਆਂ ਇੱਥੋਂ ਤੱਕ ਕਿ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀ ਸੀ ਟੀਵੀ ਕੈਮਰੇ ਵੀ ਉਤਾਰ ਲਏ ਸਨ ਤੇ ਬਾਅਦ ਦੇ ਵਿੱਚ ਪੁਲਿਸ ਨੇ ਉਸ ਨੂੰ ਫਰਜ਼ੀ ਮੁਕਬਲੇ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ। ਜਥੇਦਾਰ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨਾਂ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਪੁਲਿਸ ਵੱਲੋਂ ਕੀਤੇ ਗਏ ਫਰਜ਼ੀ ਇਨਕਾਊਂਟਰ ਅਤੇ ਪੁਲਿਸ ਜਵਾਨਾਂ ਨੂੰ ਗੋਲੀਆਂ ਮਾਰਨ ਦੇ ਮਾਮਲੇ ਦੀ ਸੀ ਬੀ ਆਈ ਵੱਲੋਂ ਤੁਰੰਤ ਜਾਂਚ ਕੀਤੀ ਜਾਵੇ ਅਤੇ ਸੱਚ ਨੂੰ ਜਨਤਾ ਦੇ ਸਾਹਮਣੇ ਲਿਆਂਦਾ ਜਾਵੇ। ਛੋਟੇਪੁਰ ਨੇ ਕਿਹਾ ਕਿ ਪੁਲਿਸ ਅਤੇ ਏਜੰਸੀਆਂ ਨੂੰ ਰਣਜੀਤ ਸਿੰਘ ਨੂੰ ਛੜ ਕੇ ਸੱਚ ਸਾਹਮਣੇ ਲਿਆਉਣਾ ਚਾਹੀਦਾ ਸੀ ਕਿ ਇਸ ਪਿੱਛੇ ਕਿਸ ਦਾ ਹੱਥ ਹੈ ਕਿਉਂਕਿ ਪੁਲਿਸ ਦੇ ਜਵਾਨਾਂ ਨੂੰ ਸ਼ਹੀਦ ਕਰਨ ਤੇ ਇਸ ਮਾਮਲੇ ਨੂੰ ਆਈ ਐਸ ਆਈ ਨਾਲ ਜੋੜ ਦਿੱਤਾ ਸੀ ਜਦ ਕਿ ਆਈ ਐਸ ਆਈ ਵੱਲੋਂ ਇਕ ਹੋਮ ਗਾਰਡ ਅਤੇ ਪੁਲਿਸ ਦੇ ਜਵਾਨ ਨੂੰ ਮਰਵਾਉਣਾ ਪੰਜਾਬ ਵਾਸੀਆਂ ਨੂੰ ਸੋਚਣ ਲਈ ਮਜਬੂਰ ਕਰ ਰਿਹਾ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨੀ ਕਾਂਗਰਸ ਦੀ ਸਾਬਕਾ ਉਪ ਮੁੱਖ ਮੰਤਰੀ ਰਹੀ ਬੀਬੀ ਭੱਠਲ ਵੱਲੋਂ ਇਹ ਬਿਆਨ ਦਿੱਤਾ ਸੀ ਕਿ ਚੋਣਾਂ ਮੌਕੇ ਅਜਿਹੀਆਂ ਕਾਰਵਾਈਆਂ ਸਰਕਾਰਾਂ ਕਰਵਾਉਂਦੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਨੂੰ ਅਮਨ ਸ਼ਾਂਤੀ ਵਾਲਾ ਰਾਜ ਦੇਣ ਵਿੱਚ ਨਕਾਮ ਹੈ।



# ਪ ਸ ਸ ਫ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

ਹੁਸ਼ਿਆਰਪੁਰ, (ਬਲਵੀਰ ਸੈਣੀ)-ਦੇਸ਼ ਭਰ ਦੇ ਮੁਲਾਜ਼ਮਾਂ ਦੀ ਕੌਮੀਂ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਪਿਛਲੇ ਮਹੀਨੇ ਸ਼ਿਰੜੀ (ਮਹਾਂਰਾਸ਼ਟਰ) ਵਿਖੇ ਹੋਈ ਚਾਰ ਰੋਜ਼ਾ ਕੌਮੀਂ ਕਾਨਫਰੰਸ ਵਿੱਚ ਕੀਤੇ ਗਏ ਐਲਾਨ ਦੇ ਤਹਿਤ ਦੇਸ਼ ਭਰ ਅੰਦਰ ਮੰਗ ਦਿਵਸ ਮਨਾਇਆ ਗਿਆ ਅਤੇ ਜ਼ਿਲਕ੍ਰਾ ਅਧਿਕਾਰੀਆਂ ਰਾਹੀਂ ਸਰਕਾਰਾਂ ਨੂੰ ਮੰਗ ਪੱਤਰ ਵੀ ਭੇਜੇ ਗਏ। ਸੰਘਰਸ਼ ਦੀ ਇਸ ਕੜ੍ਹੀ ਦੇ ਤਹਿਤ ਕੌਮੀਂ ਜੱਥੇਬੰਦੀ ਨਾਲ ਇਲਹਾਕ ਬੱਧ ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਲੋਂ ਜ਼ਿਲਿਆਂ ਅੰਦਰ ਰੋਸ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰਾਂ ਰਾਹੀ ਸਰਕਾਰ ਨੂੰ ਮੰਗ ਪੱਤਰ ਭੇਜੇ ਗਏ। ਪ ਸ ਸ ਫ ਇਕਾਈ ਹੁਸ਼ਿਆਰਪੁਰ ਵਲੋਂ ਜੱਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਮੈਡਮ ਨਿਧੀ ਕੋਮਤ ਨੂੰ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਸਮੂਹ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ, 2004 ਤੋਂ ਭਰਤੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਮੰਹਿਗਾਈ ਭੱਤੇ ਦੀ ਬਕਾਇਆਂ ਕਿਸ਼ਤਾਂ ਅਤੇ ਕਿਸ਼ਤਾਂ ਦਾ ਬਕਾਇਆ ਯਕ ਮੁਸ਼ਤ ਦਿੱਤਾ ਜਾਵੇ, ਮਿਡ ਡੇ ਮੀਲ, ਆਂਗਣਵਾੜੀ, ਆਸ਼ਾਂ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ, ਕੌਮੀਂ ਸਿੱਖਿਆ ਨੀਤੀ 2020 ਨੂੰ ਰੱਦ ਕੀਤਾ ਜਾਵੇ।



# ਆਈ ਸੀ ਆਈ ਸੀ ਆਈ ਪਰੂਡੈਂਸ਼ੀਅਲ ਲਾਈਫ ਨੇ ਫੰਡ ਲਾਂਚ ਕੀਤਾ

ਜਲੰਧਰ-ਆਈ ਸੀ ਆਈ ਸੀ ਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਪਣੀ ਯੂਨਿਟ ਲਿੰਕਡ ਇੰਸ਼ੋਰੈਂਸ ਪਲਾਨ (ਯੂ ਐੱਲ ਆਈ ਪੀ) ਦੇ ਤਹਿਤ ਡਿਵੀਡੈਂਡ ਲੀਡਰਜ਼ 50 ਇੰਡੈਕਸ ਫੰਡ ਲਾਂਚ ਕੀਤਾ ਹੈ। ਇਹ ਨਵਾਂ ਫੰਡ ਗਾਹਕਾਂ ਨੂੰ ਮਜ਼ਬੂਤ ਕੰਪਨੀਆਂ ਦੇ ਸਟਾਕਾਂ ਵਿੱਚ ਨਿਵੇਸ਼ ਕਰਕੇ ਲੰਬੇ ਸਮੇਂ ਲਈ ਦੌਲਤ ਬਣਾਉਣ ਵਿੱਚ ਮਦਦ ਕਰੇਗਾ ਜੋ ਲਗਾਤਾਰ ਲਾਭਅੰਸ਼ ਦਾ ਭੁਗਤਾਨ ਕਰਦੀਆਂ ਹਨ। ਲਾਂਚ 'ਤੇ ਟਿੱਪਣੀ ਕਰਦੇ ਹੋਏ, ਆਈ ਸੀ ਆਈ ਸੀ ਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟਿਡ ਦੇ ਮੁੱਖ ਨਿਵੇਸ਼ ਅਧਿਕਾਰੀ ਸ਼੍ਰੀ ਮਨੀਸ਼ ਕੁਮਾਰ ਨੇ ਕਿਹਾ, ਡਾਈਵਿਡੈਂਡ ਲੀਡਰਸ 50 ਇੰਡੈਕਸ ਫੰਡ ਗਾਹਕਾਂ ਨੂੰ ਮਜ਼ਬੂਤ ਕੰਪਨੀਆਂ ਵਿੱਚ ਨਿਵੇਸ਼ ਕਰਕੇ ਇਕੁਇਟੀ ਮਾਰਕੀਟ ਵਿੱਚ ਹਿੱਸਾ ਲੈਣ ਦਾ ਇੱਕ ਅਨੁਸ਼ਾਸਿਤ ਅਤੇ ਪਾਰਦਰਸ਼ੀ ਤਰੀਕਾ ਪ੍ਰਦਾਨ ਕਰਦਾ ਹੈ ਜੋ ਲਗਾਤਾਰ ਲਾਭਅੰਸ਼ ਦਾ ਭੁਗਤਾਨ ਕਰਦੀਆਂ ਹਨ।

# ਵਿਧਾਇਕ ਡੀ ਐੱਸ ਠਾਕੁਰ ਵੱਲੋਂ ਮਾਂਟੇਸਰੀ ਕੈਂਬ੍ਰਿਜ ਸਕੂਲ ਦਾ ਦੌਰਾ



ਪਠਾਨਕੋਟ (ਦਵਿੰਦਰ ਸਿੰਘ) - ਡਲਹੌਜ਼ੀ ਦੇ ਵਿਧਾਇਕ ਸ਼੍ਰੀ ਧਵਿੰਦਰ ਸਿੰਘ ਠਾਕੁਰ (ਡੀ.ਐਸ. ਠਾਕੁਰ) ਨੇ ਮਾਂਟੇਸਰੀ ਕੈਂਬ੍ਰਿਜ ਸਕੂਲ, ਪਠਾਨਕੋਟ ਦੇ ਸਕੂਲ ਕੈਂਪਸ ਦਾ ਦੌਰਾ ਕਰਦੇ ਹੋਏ ਸੰਸਥਾ ਦੀ ਲਗਾਤਾਰ ਪ੍ਰਗਤੀ ਕਰਨ ਦੇ ਯਤਨਾਂ ਨੂੰ ਸਮਝਿਆ।

ਸਕੂਲ ਵੱਲੋਂ ਹਾਸਲ ਕੀਤੇ ਵਿਸ਼ਵਾਸ ਅਤੇ ਪ੍ਰਤਿਸ਼ਠਾ ਦੀ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਸਰਾਹਨਾ ਕੀਤੀ। ਉਨ੍ਹਾਂ ਨੇ ਪ੍ਰਿੰਸੀਪਲ ਅਤੇ ਸਕੂਲ ਪ੍ਰਬੰਧਨ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ। ਜਿਸ ਵਿੱਚ ਸਕੂਲ ਦੀ ਪ੍ਰਗਤੀਸ਼ੀਲ ਸ਼ਿਕਸ਼ਾ ਪੱਧਤੀ, ਅਕਾਦਮਿਕ ਢਾਂਚੇ ਅਤੇ ਹੁਨਰ ਵਿਕਾਸ ਨਾਲ ਨਾਲ ਚਰਿਤਰ ਨਿਰਮਾਣ 'ਤੇ ਦਿੱਤੇ ਜਾ ਰਹੇ ਵਿਸ਼ੇਸ਼ ਜ਼ੋਰ ਬਾਰੇ ਚਰਚਾ ਹੋਈ। ਉਨ੍ਹਾਂ ਨੇ ਅਕਾਦਮਿਕ ਸਿੱਖਿਆ ਦੇ ਨਾਲ ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਲੀਡਰਸ਼ਿਪ ਵਿਕਾਸ ਦੇ ਸੰਤੁਲਿਤ ਦ੍ਰਿਸ਼ਟਿਕੋਣ ਵਿੱਚ ਗਹਿਰੀ ਰੁਚੀ ਦਰਸਾਈ।ਸ਼੍ਰੀ ਠਾਕੁਰ ਨੇ ਸਕੂਲ ਕੈਂਪਸ ਦਾ ਨਿਰੀਖਣ ਕੀਤਾ, ਵੱਖ-ਵੱਖ ਗਤੀਵਿਧੀਆਂ ਨੂੰ ਵੇਖਿਆ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਆਤਮਿਕ ਸੰਵਾਦ ਕੀਤਾ।

# ਉਸਾਰੀ ਕਾਮਿਆਂ ਦੀਆਂ ਮੰਗਾਂ ਸੰਬੰਧੀ ਮੰਗ ਪੱਤਰ ਸਹਾਇਕ ਕਮਿਸ਼ਨਰ ਨੂੰ ਦਿੱਤਾ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)- ਵੀਰਵਾਰ ਨੂੰ ਕੰਸਟਰੱਕਸ਼ਨ ਵਰਕਰ ਅਤੇ ਲੇਬਰ ਯੂਨੀਅਨ ਏਟਕ ਪੰਜਾਬ ਵਲੋਂ ਪ੍ਰਿੰਸੀਪਲ ਸਕੱਤਰ ਪੰਜਾਬ ਨੂੰ ਆਪਣਾ ਮੰਗ ਪੱਤਰ ਭੇਜਣ ਵਾਸਤੇ ਸਹਾਇਕ ਕਮਿਸ਼ਨਰ ਅੰਮ੍ਰਿਤਸਰ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਗਿਆ। ਇਸ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ, ਕਿ ਉਸਾਰੀ ਉਧੀਨ ਕੰਮ ਕਰਦੇ ਕਾਮਿਆਂ ਨੂੰ ਬਣਦੀਆਂ ਸਹੂਲਤਾਂ ਜੋ ਮਿਲਦੀਆਂ ਹਨ , ਉਹ ਸਹੂਲਤਾਂ ਲੈਣ ਵਾਸਤੇ ਮਜ਼ਦੂਰਾਂ ਨੂੰ ਬਹੁਤ ਖੱਜਲ ਖਵਾਰ ਕੀਤਾ ਜਾਂਦਾ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਨਵੇਂ ਮਜਦੂਰਾਂ ਦੇ ਕਾਰਡ ਵੀ ਬਨਾਉਣ ਲੱਗਿਆਂ ਕੋਈ ਨਿਆਂ ਨਹੀਂ ਮਿਲਦਾ।

ਕਈ ਕਈ ਦਿਨ ਫੇਰੇ ਮਰਵਾਏ ਜਾਂਦੇ ਹਨ। ਇਸ ਮੰਗ ਪੱਤਰ ਨੂੰ ਦੇਣ ਵਾਸਤੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਰਣਜੀਤ ਜੇਠੂਵਾਲ ਜਤਿੰਦਰ ਸਿੰਘ ਚਵਿੰਡਾ ਦੇਵੀ ਸੁਰਜੀਤ ਸਿੰਘ ਜਹਾਂਗੀਰ ਦੀ ਅਗਵਾਈ ਅਧੀਨ ਲੇਬਰ ਇੰਸਪੈਕਟਰ ਵਿਸਾਲ ਅਤੇ ਉਪਕਾਰ ਸਿੰਘ ਰਾਹੀਂ ਕਿਰਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਨੂੰ ਭੇਜਣ ਦੀ ਬੇਨਤੀ ਕੀਤੀ। ਇਸ ਮੌਕੇ ਉਹਨਾਂ ਨਾਲ ਸਿੰਦਾ, ਬੱਬਲੂ, ਗਾਂਧੀ ਸ਼ਰਮਾ ਚਵਿੰਡਾ ਦੇਵੀ, ਸੁਖਵਿੰਦਰ ਸਿੰਘ, ਚਰਨ ਸਿੰਘ, ਸੁਖਵੰਤ ਸਿੰਘ ਜੇਠੂਵਾਲ ਅਤੇ ਪਰਮਜੀਤ ਸਿੰਘ ਨੇ ਮਿਲਕੇ ਮੰਗ ਪੱਤਰ ਦਿੱਤਾ ਇੰਸਪੈਕਟਰ ਉਪਕਾਰ ਸਿੰਘ ਨੇ ਯਕੀਨ ਦਿਵਾਇਆ ਕਿ ਇਸ ਮੰਗ ਪੱਤਰ ਨੂੰ ਜਲਦੀ ਤੋਂ ਜਲਦੀ ਪ੍ਰਿੰਸੀਪਲ ਸਕੱਤਰ ਨੂੰ ਭੇਜ ਦਿੱਤਾ ਜਾਵੇਗਾ।



# ਪੁਲਸ ਮੁਕਾਬਲੇ ਦੀ ਸੀ ਬੀ ਆਈ ਜਾਂਚ ਕਰਵਾਈ ਜਾਵੇ : ਬਖਤਪੁਰਾ

**ਧਾਰੀਵਾਲ (ਮਨਦੀਪ ਵਿੱਕੀ)**- ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਸਮੇਤ ਹੋਰ ਸਾਥੀਆਂ ਵੱਲੋਂ ਬੀਤੇ ਦਿਨੀ ਦੁਰਾਂਗਲਾ ਥਾਣੇ ਦੇ ਆਦੀਆਂ ਚੌਕੀ ਵਿੱਚ ਦੋ ਪੁਲਿਸ ਮੁਲਾਜ਼ਮਾ ਏ ਐਸ ਆਈ ਗੁਰਨਾਮ ਸਿੰਘ ਅਤੇ ਹੋਮ ਕਾਰਡ ਜਵਾਨ ਅਸ਼ੋਕ ਕੁਮਾਰ ਦੇ ਹੋਏ ਕਤਲ ਵਾਲੀ ਜਗ੍ਹਾ ਅਤੇ ਬਾਅਦ ਵਿੱਚ ਪੁਲਿਸ ਦੁਆਰਾ ਮੁਕਾਬਲੇ ਵਿੱਚ ਮਾਰੇ ਦਸੇ ਜਾ ਰਹੇ ਨੌਜਵਾਨ ਰਣਜੀਤ ਸਿੰਘ ਦੇ ਪਿੰਡ ਅਤੇ ਘਰ ਦਾ ਦੌਰਾ ਕਰਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਸਾਡੀ ਪਾਰਟੀ ਪੁਲਿਸ ਮੁਲਾਜ਼ਮਾਂ ਦੇ ਪੀੜਤ ਪਰਿਵਾਰਾਂ ਨਾਲ ਗਹਿਰਾ ਦੁੱਖ ਸਾਂਝਾ ਕਰਦੀ ਹੈ ।

ਰਣਜੀਤ ਸਿੰਘ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਨ ਪਹੁੰਚੇ ਵਖ ਵਖ ਪਾਰਟੀਆ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਪੁਲਿਸ ਦੁਆਰਾ ਰਣਜੀਤ ਸਿੰਘ ਨੂੰ ਮੁਕਾਬਲੇ ਵਿਚ ਮਾਰੇ ਜਾਣ ਦੀ ਕਹਾਣੀ ਨੂੰ ਠੀਕ ਮੰਨਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਪੁਲਿਸ ਮੁਲਾਜ਼ਮਾਂ ਦੇ ਕਤਲਾਂ ਦੀ ਆਪਣੀ ਨਕਾਮੀ ਨੂੰ ਛਪਾਉਣ ਲਈ ਰਣਜੀਤ ਸਿੰਘ ਨੂੰ ਪੁਲੀਸ ਮੁਕਾਬਲੇ ਵਿਚ ਮਾਰ ਮੁਕਾਇਆ ਹੈ।ਉਨਾਂ ਪੰਜਾਬ ਦੇ ਗਵਰਨਰ ਤੋਂ ਇਸ ਸਾਰੇ ਘਟਨਾਕ੍ਰਮ ਦੀ ਸੀ ਬੀ ਆਈ ਜਾਂ ਪੰਜਾਬ/ ਹਰਿਆਣਾ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਮੁਕਾਬਲੇ ਸਬੰਧੀ ਵਿਚਾਰ ਕਰਨ ਲਈ ਲੋਕ ਜਥੇਬੰਦੀਆਂ ਦੀ 28 ਫ਼ਰਵਰੀ ਨੂੰ ਮੀਟਿੰਗ ਸੱਦੀ ਗਈ ਹੈ।



# ਸਿੱਖਿਆ ਵਿਭਾਗ ਦੇ ਦਫ਼ਤਰੀ ਮੁਲਾਜ਼ਮਾਂ ਵੱਲੋਂ ਕਲਮ ਛੋੜ ਹੜਤਾਲ ਜਾਰੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-20 ਸਾਲਾਂ ਤੋਂ ਸਿੱਖਿਆ ਵਿਭਾਗ ਵਿਚ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਦਫਤਰੀ ਕਰਮਚਾਰੀਆਂ ਦੀਆ ਤਨਖਾਹਾਂ ਤੇ 31000 ਰੁਪਏ ਪ੍ਰਤੀ ਮਹੀਨਾ ਕੱਟ ਲਾਉਣ ਤੋਂ ਰੋਸ ਵਿਚ ਆਏ ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆ ਵੱਲੋਂ ਕੀਤੀ ਕਲਮ ਛੋੜ ਹੜਤਾਲ ਅੱਜ ਤੀਜੇ ਦਿਨ ਵੀ ਜਾਰੀ ਰਹੀ। ਮੁਲਾਜ਼ਮਾਂ ਨੇ ਆਪਣੇ ਹੱਕ ਮੰਗਣ ਲਈ ਰੋਸ ਪ੍ਰਦਰਸ਼ਨ ਕੀਤਾ ਸੀ ਜਿਸ ਦੌਰਾਨ ਪੁਲਸ ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਤੇ ਜਲ ਤੋਪਾਂ ਦੀ ਵਰਤੋਂ ਕੀਤੀ ਤੇ ਮੁਲਾਜ਼ਮਾਂ ਤੇ ਪੁਲਸ ਵਿਚ ਹੋਈ ਹੱਥੋਪਾਈ ਦੌਰਾਨ ਮੁਲਾਜ਼ਮਾਂ ਦੀਆ ਪੱਗਾਂ ਵੀ ਲੱਥੀਆਂ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ 08/09/2025 ਦੀ ਕੈਬਨਿਟ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਕਈ ਵਾਰ ਅਧਿਕਾਰੀਆ ਨੂੰ ਤਨਖਾਹਾਂ ਨਾ ਘਟਾਉਣ ਤੇ ਠੋਸ ਫੈਸਲਾ ਲੈਣ ਦੀ ਹਦਾਇਤ ਕੀਤੀ ਪ੍ਰੰਤੂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰ ਦੇ ਹੁਕਮਾਂ ਨੂੰ ਅਣਗੌਲਿਆ ਕੀਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਆਗੂਆ ਨੇ ਕਿਹਾ ਕਿ ਮੁਲਾਜ਼ਮਾਂ ਵੱਲੋਂ ਆਪਣੇ ਕਲਮ ਛੋੜ ਹੜਤਾਲ ਦੇ ਨਾਲ ਨਾਲ ਮੋਹਾਲੀ ਸਿੱਖਿਆ ਭਵਨ ਦੇ ਬਾਹਰ ਪੱਕਾ ਧਰਨਾ ਵੀ ਸ਼ੁਰੂ ਕੀਤਾ ਹੋਇਆ ਹੈ ਜੋ ਕਿ ਦੂਜੇ ਦਿਨ ਵੀ ਜਾਰੀ ਰਿਹਾ। ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਚੀਮਾ ਨਾਲ ਹੋਣ ਵਾਲੀ ਵਿਚ ਜੇਕਰ ਤਨਖਾਹ ਕਟੌਤੀ ਦਾ ਤੇ 01.04.2018 ਤੋਂ ਰੈਗੂਲਰ ਆਰਡਰ ਦੇਣ ਸਬੰਧੀ ਕੋਈ ਫੈਸਲਾ ਨਾ ਹੋਇਆ ਤਾਂ ਮੁਲਾਜ਼ਮ ਮੁੱਖ ਮੰਤਰੀ,ਵਿੱਤ ਮੰਤਰੀ ਤੇ ਸਿੱਖਿਆ ਮੰਤਰੀ ਦੇ ਘਰਾਂ ਵੱਲੋਂ ਗੁਪਤ ਐਕਸ਼ਨ ਕਰਨ ਨੂੰ ਮਜਬੂਰ ਹੋਣਗੇ।



# 'ਆਪ' ਸਰਕਾਰ ਅਕਾਲੀ-ਭਾਜਪਾ ਸ਼ਾਸਨ ਵੱਲੋਂ ਬੀਜੇ ਕੰਢਿਆਂ ਦੀ ਸਫ਼ਾਈ ਕਰ ਰਹੀ ਹੈ: ਪੰਨੂ

ਚੰਡੀਗੜ੍ਹ, (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪੰਜਾਬ ਭਾਜਪਾ ਆਗੂ ਅਸ਼ਵਨੀ ਸ਼ਰਮਾ ਦੇ ਉਸ ਬਿਆਨ ਦਾ ਕਰਾਰਾ ਜਵਾਬ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਸਿਰਫ਼ ਭਾਜਪਾ ਹੀ ਪੰਜਾਬ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਕਰ ਸਕਦੀ ਹੈ ਤੇ ਅਮਨ-ਕਾਨੂੰਨ ਦੀ ਸਥਿਤੀ ਬਹਾਲ ਕਰ ਸਕਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਬਿਆਨ ਪੰਜਾਬ ਦੇ ਲੋਕਾਂ ਦੀ ਸੂਝ-ਬੂਝ ਤੇ ਯਾਦਦਾਸ਼ਤ ਦਾ ਅਪਮਾਨ ਹਨ।



ਇੱਕ ਵੀਡੀਓ ਸੰਦੇਸ਼ ਵਿੱਚ 'ਆਪ' ਪੰਜਾਬ ਰਾਜ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਜਪਾ ਆਗੂ ਨੂੰ ਯਾਦ ਕਰਵਾਇਆ ਕਿ 1997 ਤੋਂ 2002 ਤੱਕ ਭਾਜਪਾ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਨਾਲ ਗਠਜੋੜ ਵਿੱਚ ਸੀ, ਅਤੇ ਫਿਰ 2007 ਤੋਂ 2017 ਤੱਕ ਸੂਬੇ ਵਿੱਚ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਰਹੀ।

ਉਨ੍ਹਾਂ ਕਿਹਾ ਕਿ ਇਹ ਉਹ ਦੌਰ ਸੀ ਜਦੋਂ ਪੰਜਾਬ ਵਿੱਚ ਨਸ਼ਿਆਂ ਦਾ ਤੇਜ਼ੀ ਨਾਲ ਪਸਾਰ ਹੋਇਆ ਤੇ 'ਚਿੱਟੇ' ਨੇ ਇੱਕ ਪੂਰੀ ਪੀੜ੍ਹੀ ਨੂੰ ਬਰਬਾਦ ਕਰ ਦਿੱਤਾ। ਇਸ ਦੀ ਜ਼ਿੰਮੇਵਾਰੀ ਇਕੱਲੇ ਬਾਦਲਾਂ ਦੀ ਨਹੀਂ ਹੈ; ਭਾਜਪਾ ਵੀ ਬਰਾਬਰ ਦੀ ਜਵਾਬਦੇਹ ਹੈ।

# ਮੁੰਬਈ ਵਿਖੇ ਹੋ ਰਹੇ ਸ਼ਤਾਬਦੀ ਸਮਾਗਮਾਂ 'ਚ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਕਰਨਗੇ ਸ਼ਮੂਲੀਅਤ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 28 ਫਰਵਰੀ ਤੇ 01 ਮਾਰਚ ਨੂੰ ਨਵੀਂ ਮੁੰਬਈ ਵਿਖੇ ਖਾਰਘਰ ਦੇ ਉਵੈ ਮੈਦਾਨ 'ਚ ਮਨਾਏ ਜਾ ਰਹੇ ਦੋ ਦਿਨਾ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਭਜਨ ਲਾਲ ਸ਼ਰਮਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ ਹੈ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਦਮਦਮੀ ਟਕਸਾਲ ਮੁਖੀ ਹਰਨਾਮ ਸਿੰਘ ਖਾਲਸਾ ਵੱਲੋਂ ਭੇਜੇ ਗਏ ਵਫਦ ਮੈਂਬਰ ਗਿਆਨੀ ਸਾਹਿਬ ਸਿੰਘ,ਪ੍ਰਿੰ.ਹਰਸ਼ਦੀਪ ਸਿੰਘ ਰੰਧਾਵਾ ਤੇ ਭਾਈ ਜਗਜੀਤ ਸਿੰਘ ਗਿੱਲ ਜੈਪੁਰ ਤੋਂ ਇਹ ਸਨੇਹ ਭਰਿਆ ਸੱਦਾ-ਪੱਤਰ ਸਵੀਕਾਰ ਕਰਨ ਉਪਰੰਤ ਮੁੱਖ ਮੰਤਰੀ ਭਜਨ ਲਾਲ ਸ਼ਰਮਾਂ ਨੇ ਸਮਾਗਮਾਂ 'ਚ ਹਾਜ਼ਰੀ ਭਰਨ ਦੀ ਹਾਮੀ ਭਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਅੰਦਰ ਮਿਸਾਲੀ ਹੈ,ਜਿਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਕੁਰਬਾਨੀ ਦੇ ਕੇ ਇੱਕ ਇਤਿਹਾਸ ਸਿਰਜਿਆ ਸੀ।ਅਜਿਹੇ ਮਹਾਨ ਗੁਰੂ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਕ ਸਮਾਗਮਾਂ 'ਚ ਸ਼ਾਮਿਲ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਮਿਲਣਾ ਬੇਹੱਦ ਮਾਣ ਵਾਲੀ ਗੱਲ ਹੈ।



# ਦੋ ਮੁਲਜ਼ਮ 209 ਨਸ਼ੀਲੀਆਂ ਗੋਲੀਆਂ ਤੇ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਦੇ ਤਹਿਤ, ਭੋਗਪੁਰ ਪੁਲਿਸ ਵੱਲੋਂ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ 209 ਨਸ਼ੀਲੀਆਂ ਗੋਲੀਆਂ ਅਤੇ ਦੋ 32 ਬੋਰ ਪਿਸਤੌਲ ਬਰਾਮਦ ਕੀਤੇ ਗਏ।ਪੁਲਸ ਅਨੁਸਾਰ, ਪਹਿਲੇ ਮਾਮਲੇ ਵਿੱਚ ਦੋਸ਼ੀ ਗੌਰਵ ਗਿੱਲ ਉਰਫ਼ ਗੁਰੀ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਭਟਨੂਰਾ ਕਲਾਂ, ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 190 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਬਾਅਦ ਵਿੱਚ ਪੁਲਿਸ ਰਿਮਾਂਡ ਦੌਰਾਨ ਉਸ ਕੋਲੋਂ 19 ਹੋਰ ਨਸ਼ੀਲੀਆਂ ਗੋਲੀਆਂ, ਇੱਕ 32 ਬੋਰ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।ਦੂਜੇ ਮਾਮਲੇ ਵਿੱਚ ਪੁਲਸ ਨੇ ਰਣਜੀਤ ਸਿੰਘ ਉਰਫ਼ ਪੱਪੂ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਭਗਵਾਨਪੁਰ, ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮਾਂ ਤੋਂ ਇੱਕ ਦੇਸੀ 32 ਬੋਰ ਦਾ ਪਿਸਤੌਲ ਅਤੇ ਛੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।ਪੁਲਸ ਅਧਿਕਾਰੀਆਂ ਅਨੁਸਾਰ, ਦੋਵਾਂ ਮਾਮਲਿਆਂ ਵਿੱਚ ਸਬੰਧਤ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੀ ਕਮਾਈ ਅਤੇ ਜਾਇਦਾਦ ਦੀ ਵੀ ਕਾਨੂੰਨੀ ਜਾਂਚ ਕੀਤੀ ਜਾ ਰਹੀ ਹੈ।



# ਡਿਪਟੀ ਕਮਿਸ਼ਨਰ, ਐੱਸ ਐੱਸ ਪੀ ਨੇ ਗੜਗੱਜ ਨਾਲ ਕੀਤੀ ਮੁਲਾਕਾਤ, ਪ੍ਰਸ਼ਾਸਨ ਦੇ ਪ੍ਰਬੰਧਾਂ ਬਾਰੇ ਦਿੱਤੀ ਜਾਣਕਾਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹੋਲਾ ਮਹੱਲਾ ਸਬੰਧੀ ਡਿਪਟੀ ਕਮਿਸ਼ਨਰ ਅਦਿੱਤਿਆ ਡੇਚਲਵਾਲ ਤੇ ਐਸ.ਐਸ.ਪੀ ਮਨਿੰਦਰ ਸਿੰਘ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਐਸ.ਜੀ.ਪੀ.ਸੀ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਮੈਨੇਜਰ ਮਲਕੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਅਵਿਕੇਸ਼ ਗੁਪਤਾ, ਮੇਲਾ ਅਫਸਰ ਕਮ ਉਪ ਮੰਡਲ ਮੈਜਿਸਟ੍ਰੇਟ ਸੁਖਪਾਲ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ ਵੀ ਹਾਜ਼ਰ ਸਨ। ਹੋਲਾ ਮਹੱਲਾ ਮੌਕੇ ਸੰਗਤਾਂ ਦੀ ਸਹੂਲਤ ਲਈ ਕੀਤੇ ਸੁਚਾਰੂ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿਛਲੇ ਡੇਢ ਮਹੀਨੇ ਤੋਂ ਲਗਾਤਾਰ ਮੀਟਿੰਗਾਂ ਅਧਿਕਾਰੀਆਂ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਵੱਲੋਂ ਸਿੰਗਲ ਯੂਜ਼ ਪਲਾਸਟਿਕ ਨਾ ਵਰਤਣ, ਹੁੱਲੜਬਾਜ਼ੀ ਬੰਦ ਕਰਨ, ਵਹੀਕਲਾਂ 'ਤੇ ਸਟੰਟ ਨਾ ਕਰਨ, ਲੰਗਰਾਂ ਵਿਚ ਮਿਆਰੀ ਪਦਾਰਥਾਂ ਦੀ ਵਰਤੋਂ, ਸਵੱਛਤਾ ਆਦਿ ਦੀ ਅਪੀਲ ਦਾ ਜ਼ਮੀਨੀ ਪੱਧਰ 'ਤੇ ਭਾਰੀ ਅਸਰ ਹੋਵੇਗਾ। ਉਨ੍ਹਾਂ ਨੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਮੈਨੇਜਰ ਮਲਕੀਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਮਨਿੰਦਰ ਸਿੰਘ ਸੀਨੀਅਰ ਪੁਲਸ ਕਪਤਾਨ ਰੂਪਨਗਰ ਨੇ ਦੱਸਿਆ ਕਿ ਇਸ ਵਾਰ ਸੁਰੱਖਿਆ ਫੋਰਸ ਪਹਿਲਾਂ ਤੋਂ ਵਧੇਰੇ ਮੁਸਤੈਦ ਹੈ। ਸਾਡੇ ਸੁਰੱਖਿਆ ਕਰਮਚਾਰੀ ਸੇਵਾ ਦੀ ਭਾਵਨਾ ਨਾਲ ਕੰਮ ਕਰਨਗੇ ਤੇ ਹੋਲਾ ਮਹੱਲਾ ਸਮਾਪਤ ਹੋਣ ਤੋ ਬਾਅਦ ਹੀ ਸਮੁੱਚਾ ਟ੍ਰੈਫਿਕ ਸੁਚਾਰੂ ਹੋਣ ਤੇ ਹੀ ਸੁਰੱਖਿਆਂ ਫੋਰਸਾਂ ਵਾਪਸ ਜਾਣਗੀਆਂ। ਉਨ੍ਹਾਂ ਨੇ ਦੱਸਿਆ ਕਿ ਨਾਕਿਆਂ ਉਤੇ ਤੈਨਾਤ ਕਰਮਚਾਰੀ ਸ਼ਰਧਾਲੂਆਂ ਨੂੰ ਜ਼ਰੂਰੀ ਜਾਣਕਾਰੀ ਦੇਣਗੇ ਤੇ ਲੋੜ ਪੈਣ 'ਤੇ ਉਨ੍ਹਾਂ ਦੀ ਮੱਦਦ ਵੀ ਕਰਨਗੇ।



# ਪ੍ਰੋਮੋਸ਼ਨ ਨੂੰ ਟੈੱਟ ਤੋਂ ਬਾਹਰ ਰੱਖਿਆ ਜਾਵੇ

**ਮੋਹਾਲੀ (ਗੁਰਜੀਤ ਬਿੱਲਾ)**- ਸਪੱਸ਼ਟ ਹੈ ਕਿ ਅਧਿਆਪਕਾਂ ਦਾ ਪੱਖ ਰੱਖਣ ਵਾਲੇ ਵਕੀਲ ਮਾਨਯੋਗ ਜੱਜ ਨੂੰ ਕਿਸੇ ਵੀ ਉਚੇਰੀ ਪੋਸਟ ਲਈ ਡਾਇਰੈਕਟ ਭਰਤੀ ਅਤੇ ਪ੍ਰੋਮੋਸ਼ਨ ਰਾਹੀਂ ਭਰਤੀ ਵਿੱਚ ਅੰਤਰ ਕਰ ਕੇ ਪ੍ਰੋਮੋਸ਼ਨ ਕੇਸਾਂ ਨੂੰ ਟੈੱਟ ਤੋਂ ਬਾਹਰ ਰਖਾਉਣ ਵਿੱਚ ਅਸਫਲ ਰਹੇ ਹਨ । ਕਿਸੇ ਵੀ ਵਿਭਾਗ ਵਿੱਚ ਲੰਬਾ ਤਜਰਬਾ ਬਾਹਰ ਤੋਂ ਡਾਇਰੈਕਟ ਭਰਤੀ ਤੋਂ ਹਰ ਹਾਲ ਵਿੱਚ ਉੱਤਮ ਹੁੰਦਾ ਹੈ ਜੋ ਹੁਣ ਤੱਕ ਮੰਨਿਆ ਜਾਂਦਾ ਰਿਹਾ ਹੈ। । ਹੁਣ ਚਾਹੇ ਸਰਕਾਰ ਵਿਧਾਨ ਸਭਾਵਾਂ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਕੇ ਐਕਟ ਪਾਸ ਕਰਨ ਜਾਂ ਅਦਾਲਤ ਰਾਹੀਂ ਟੈੱਟ ਪ੍ਰੀਖਿਆ ਤੋਂ ਛੋਟ ਪ੍ਰਾਪਤ ਕਰਨ ਵੇਲ਼ੇ ਪ੍ਰੋਮੋਸ਼ਨ ਕੇਸਾਂ ਨੂੰ ਵੀ ਛੋਟ ਹਾਸਲ ਕਰਵਾਉਣਾ ਨਾ ਭੁਲਾਵੇ। ਪ੍ਰੈਸ ਨੋਟ ਰਾਹੀਂ ਜੀ ਟੀ ਯੂ ਦੇ ਸਾਬਕਾ ਜਨ. ਸਕੱਤਰ ਸੁੱਚਾ ਸਿੰਘ ਖਟੜਾ ਅਤੇ ਪ੍ਰੈੱਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਉਪਰੋਕਤ ਵਿਚਾਰ ਪ੍ਰਗਟ ਕਰਦਿਆਂ ਨਾਲ ਹੀ ਕਿਹਾ ਕਿ ਜਿਸ ਵੀ ਅਧਿਆਪਕ ਭਰਤੀ ਦਾ ਵਿਗਿਆਪਨ ਟੈੱਟ ਪ੍ਰਥਾ ਤੋਂ ਪਹਿਲਾਂ ਜਾਰੀ ਹੋਇਆ ਹੋਵੇ ਅਤੇ ਭਰਤੀ ਭਾਵੇਂ ਬਾਅਦ ਵਿੱਚ ਸਾਲਾਂ ਬਾਅਦ ਹੀ ਕਿਉਂ ਨਾ ਹੋਵੇ, ਅਜਿਹੇ ਅਧਿਆਪਕਾਂ ਨੂੰ ਵੀ ਟੈੱਟ ਤੋਂ ਬਾਹਰ ਰੱਖਿਆ ਜਾਵੇ ਕਿਉਂਕਿ ਅਧਿਆਪਕ ਬਣਨ ਲਈ ਹਾਸਲ ਪਾਤ੍ਰਤਾ ਦੇ ਅਧੀਨ ਹੀ ਇਸ ਵਰਗ ਦੇ ਅਧਿਆਪਕਾਂ ਨੇ ਅਪਲਾਈ ਕੀਤਾ ਅਤੇ ਮੈਰਿਟ ਉਤੇ ਭਰਤੀ ਹੋਏ ਸਨ । ਆਗੂਆਂ ਨੇ ਜਿੱਥੇ ਸਰਕਾਰ ਨੂੰ ਪੱਕੇ ਪੈਰੀਂ ਅਗਾਂਹ ਵਧਣ ਲਈ ਬੇਨਤੀ ਕੀਤੀ ਉਥੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੇਲੋੜੇ ਤਨਾਅ ਵਿੱਚ ਨਾ ਆਉਣ, ਕ੍ਰੋੜਾਂ ਵਿਦਿਆਰਥੀ ਅਧਿਆਪਕ ਵਿਹੂਣੇ ਨਹੀਂ ਕੀਤੇ ਜਾ ਸਕਦੇ।

# ਲੁਟੇਰੇ ਸੋਨੇ ਦੇ ਗਹਿਣੇ ਤੇ ਮੋਬਾਇਲ ਖੋਹ ਕੇ ਫਰਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਥਾਣੇ ਤੋਂ ਰਿਟਾ. ਹੋਮਗਾਰਡ ਨਛੱਤਰ ਰਾਮ ਵਾਸੀ ਤੱਗੜ ਦੀ ਬੀਤੇ ਦਿਨੀਂ ਪਤਨੀ ਤੇ ਲੜਕੀ ਕੋਲੋਂ ਲੁਟੇਰੇ ਸੋਨੇ ਦੇ ਗਹਿਣੇ ਤੇ ਮੋਬਾਇਲ ਖੋਹ ਕੇ ਫਰਾਰ ਹੋ ਗਏ। ਨੂਰਮਹਿਲ ਥਾਣੇ ਵਿਚ ਦਿੱਤੀ ਸ਼ਿਕਾਇਤ ਵਿਚ ਨਛੱਤਰ ਰਾਮ ਨੇ ਕਿਹਾ ਕਿ 21 ਫਰਵਰੀ ਨੂੰ ਮੇਰੀ ਪਤਨੀ ਤੇ ਲੜਕੀ ਮੈਨੂੰ ਰੋਟੀ ਦੇ ਕੇ ਆਪਣੇ ਪਿੰਡ ਨੂੰ ਜਾ ਰਹੀਆਂ ਸਨ ਤਾਂ ਰਸਤੇ ਵਿਚ ਦੋ ਅਣਪਛਾਤੇ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਕੇ ਕੀਮਤੀ ਗਹਿਣੇ ਤੇ ਮੋਬਾਇਲ ਖੋਹ ਲਿਆ ਤੇ ਫਰਾਰ ਹੋ ਗਏ। ਉਸ ਨੇ ਦੱਸਿਆ ਕਿ ਉਹ ਨੂਰਮਹਿਲ ਥਾਣੇ ਵਿਚ ਕਈ ਵਾਰ ਜਾਂ ਚੁੱਕਿਆ ਹੈ ਪਰ ਪੁਲਸ ਉਸ ਦੀ ਕੋਈ ਸੁਣਵਾਈ ਨਹੀਂ ਕਰ ਰਹੀ। ਇਸ ਨੇ ਕਿਹਾ ਕਿ ਜੇਕਰ ਪੁਲਸ ਕਾਰਵਾਈ ਨਹੀਂ ਕਰਦੀ ਤਾਂ ਉਹ ਉੱਚ ਅਧਿਕਾਰੀਆਂ ਕੋਲ ਆਪਣੀ ਸ਼ਿਕਾਇਤ ਲੈ ਕੇ ਜਾਣਗੇ।

# ਪੰਜਾਬ ਮੰਡੀ ਬੋਰਡ ਦੇ ਸਕੱਤਰ ਨੂੰ ਦਿੱਤੀ ਵਿਦਾਇਗੀ ਪਾਰਟੀ



**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**- ਪੰਜਾਬ ਮੰਡੀ ਬੋਰਡ ਦੇ ਪੂਰਵਲੇ ਸਕੱਤਰ ਰਾਮਵੀਰ ਨੂੰ ਉਨ੍ਹਾਂ ਦੇ ਟ੍ਰਾਂਸਫਰ ਹੋਣ ਉਪਰੰਤ ਵਿਦਾਇਗੀ ਪਾਰਟੀ ਦਿੱਤੀ ਗਈ ਤੇ ਨਵ ਨਿਯੁਕਤ ਸਕੱਤਰ ਕੁਮਾਰ ਅਮਿਤ ਤੇ ਸੰਯੁਕਤ ਸਕੱਤਰ ਹਰਜੀਤ ਸਿੰਘ ਸੰਧੂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਅਧਿਕਾਰੀਆਂ ਦੀ ਇਕੱਤਰਤਾ ਵਿਚ ਆਪਣੇ ਵਿਚਾਰ ਰਖਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸ੍ਰੀ ਰਾਮਵੀਰ ਪੰਜਾਬ ਮੰਡੀ ਬੋਰਡ ਵਿਖੇ ਬਤੌਰ ਸਕੱਤਰ ਰਹਿੰਦਿਆਂ ਮੰਡੀ ਬੋਰਡ ਤੇ ਮੁਲਾਜ਼ਮਾਂ ਦੇ ਸਰਬਪੱਖੀ ਵਿਕਾਸ ਲਈ ਪਹਿਲੇ ਦਿਨ ਤੋਂ ਹੀ ਤੱਤਪਰ ਰਹੇ ਹਨ। ਸਕੱਤਰ ਬੋਰਡ ਰਹਿੰਦੀਆਂ ਪੰਜਾਬ ਮੰਡੀ ਬੋਰਡ ਨਾਲ ਸਬੰਧਤ ਹਰ ਪੱਖ ਤੋਂ ਅਹਿਮ ਫੈਸਲੇ ਲੈਂਦੇ ਹੋਏ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ।

# ਉੱਚੀ ਬੱਸੀ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਘੁੰਮਣ ਨੇ ਅੰਮ੍ਰਿਤਸਰ ਲਈ ਕੀਤਾ ਰਵਾਨਾ

**ਦਸੂਹਾ (ਕਰਨੈਲ ਮਾਂਗਟ)**- ਵਿਧਾਨ ਸਭਾ ਹਲਕਾ ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਪਿੰਡ ਉੱਚੀ ਬੱਸੀ ਤੋਂ ਧਾਰਮਿਕ ਯਾਤਰਾ ਲਈ ਅੰਮ੍ਰਿਤਸਰ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਘੁੰਮਣ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਯੋਜਨਾ ਨਾ ਸਿਰਫ਼ ਬਜ਼ੁਰਗ ਨਾਗਰਿਕਾਂ ਅਤੇ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਦੇ ਯੋਗ ਬਣਾਉਂਦੀ ਹੈ, ਬਲਕਿ ਸਮਾਜਿਕ ਸਦਭਾਵਨਾ ਅਤੇ ਅਧਿਆਤਮਿਕ ਬੰਧਨ ਨੂੰ ਵੀ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਦੇ ਰਹਿਣ, ਖਾਣ-ਪੀਣ ਅਤੇ ਆਵਾਜਾਈ ਦੇ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਦੁਰਗਿਆਣਾ ਮੰਦਰ ਦੇ ਦਰਸ਼ਨ ਕਰਵਾਏ ਜਾਣਗੇ। ਦੂਜੇ ਦਿਨ ਪਾਰਟੀਸ਼ਨ ਮਿਊਜ਼ੀਅਮ, ਜਲ੍ਹਿਆਂਵਾਲਾ ਬਾਗ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਅਤੇ ਲੰਗਰ ਸੇਵਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਵਾਹਗਾ ਬਾਰਡਰ 'ਤੇ ਬੀਟਿੰਗ ਰਿਟਰੀਟ ਸਮਾਰੋਹ ਦਿਖਾਇਆ ਜਾਵੇਗਾ। ਤੀਜੇ ਦਿਨ ਸ਼ਰਧਾਲੂ ਭਗਵਾਨ ਵਾਲਮੀਕਿ ਜੀ ਤੀਰਥ ਦਰਸ਼ਨ ਕਰਨ ਤੋਂ ਬਾਅਦ ਵਾਪਸ ਪਰਤਣਗੇ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸਾਰੇ ਸ਼ਰਧਾਲੂਆਂ ਲਈ ਨਾਸ਼ਤਾ, ਚਾਹ, ਦੁਪਹਿਰ ਦਾ ਖਾਣਾ, ਹਾਈ ਟੀ ਅਤੇ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਕਮਲ ਮਾਲਵਾ (ਬਲਾਕ ਪ੍ਰਧਾਨ) ਉਚੀ ਬੱਸੀ, ਗੁਰਵਿੰਦਰ ਸਿੰਘ ਸੁੱਚਾ ਸਰਪੰਚ, ਐਡਵੋਕੇਟ ਸੁਮਨਦੀਪ ਸਿੰਘ, ਸਰਬਜੀਤ ਸਾਬੀ, ਦਲੀਪ ਚੰਦ, ਪਰਮਜੀਤ ਸਿੰਘ ਗੋਗੀ ਬਲਾਕ ਸੰਮਤੀ ਮੈਂਬਰ, ਗੋਲਡੀ ਸਰਪੰਚ ਛੋਟਾ ਟੇਰਕੀਆਣਾ, ਕਸ਼ਮੀਰ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ, ਹਰਬੰਸ ਸਿੰਘ, ਗੁਰਜੀਤ ਸਿੰਘ, ਸਵਰਨ ਸਿੰਘ, ਜਸਵਿੰਦਰ ਕੌਰ, ਸੋਨਿਕਾ ਦੇਵੀ, ਗੁਰਬਚਨ ਕੌਰ, ਅਨੀਤਾ ਦੇਵੀ, ਸੁਰਿੰਦਰ ਕੌਰ, ਬਲਦੇਵ ਸਿੰਘ ਆਦਿ ਹਾਜ਼ਰ ਸਨ।



# 6110 ਆਂਗਨਵਾੜੀ ਅਸਾਮੀਆਂ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ 0 ਤੋਂ 6 ਸਾਲ ਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਮੁੱਢਲੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਢੁਕਵੇਂ ਅਤੇ ਦੂਰਗਾਮੀ ਕਦਮ ਚੁੱਕ ਰਹੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਆਂਗਨਵਾੜੀ ਹੈਲਪਰਾਂ ਦੀਆਂ ਕੁੱਲ 6110 ਅਸਾਮੀਆਂ ਭਰਨ ਲਈ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ ਹਨ।ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਦੱਸਿਆ ਕਿ ਕੁੱਲ 6110 ਅਸਾਮੀਆਂ ਵਿੱਚੋਂ 1316 ਅਸਾਮੀਆਂ ਆਂਗਨਵਾੜੀ ਵਰਕਰਾਂ ਅਤੇ 4794 ਅਸਾਮੀਆਂ ਆਂਗਨਵਾੜੀ ਹੈਲਪਰਾਂ ਦੀਆਂ ਹਨ। ਉਨ੍ਹਾਂ ਕਿਹਾ ਕਿ ਯੋਗ ਉਮੀਦਵਾਰ 11 ਮਾਰਚ 2026 ਰਾਤ 11.59 ਵਜੇ ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ।

# ਕਾਮਰੇਡ ਨੱਲਾਕੰਨੂ ਤਾਮਿਲਨਾਡੂ ਦੇ ਗਾਂਧੀ ਸਨ : ਗੋਰੀਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਰਤੀ ਖੇਤ ਮਜ਼ਦੂਰ ਯੂਨੀਅਨ ਨੇ ਬਹੁਤ ਹੀ ਸਤਿਕਾਰਤ ਅਤੇ ਮਹਾਨ ਆਗੂ ਆਰ ਨੱਲਾਕੰਨੂ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀ ਕੇ ਐੱਮ ਯੂ ਦੀ ਜਨਰਲ ਕੌਂਸਲ ਵੱਲੋਂ ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕਿਹਾ ਕਿ ਕਾਮਰੇਡ ਨੱਲਾਕੰਨੂ ਦਾ ਘਾਟਾ ਜਲਦੀ ਕੀਤੇ ਪੂਰਾ ਨਹੀਂ ਹੋਣਾ। ਉਹ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ। ਆਪਣੀ ਜ਼ਿੰਦਗੀ ਦੇ 101 ਸਾਲਾਂ ਵਿੱਚੋਂ 80 ਸਾਲ ਉਨ੍ਹਾਂ ਨੇ ਲੋਕਾਂ ਦੇ ਲੇਖੇ ਲਾਏ। ਤਾਮਿਲਨਾਡੂ ਦੇ ਲੋਕ ਉਨ੍ਹਾਂ ਨੂੰ ਤਾਮਿਲਨਾਡੂ ਦਾ ਗਾਂਧੀ ਆਖਦੇ ਸਨ। ਕਾਮਰੇਡ ਗੋਰੀਆ ਨੇ ਕਿਹਾ ਕਿ ਕਾਮਰੇਡ ਨੱਲਾਕੰਨੂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸੀਨੀਅਰ ਤੇ ਮਹੱਤਵਪੂਰਨ ਆਗੂ ਸਨ। ਉਹ ਲੰਮਾ ਸਮਾਂ ਯੂਨੀਅਨ ਦੀ ਕੇਂਦਰੀ ਕਾਰਜਕਾਰਨੀ ਦੇ ਮੈਂਬਰ ਰਹੇ। ਉਨ੍ਹਾਂ ਦੀ ਅਗਵਾਈ ਵਿੱਚ ਅਸੀਂ ਸਿਰਫ ਤਾਮਿਲਨਾਡੂ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ 'ਚ ਅਨੇਕ ਪ੍ਰਾਪਤੀਆਂ ਕੀਤੀਆਂ। ਕਾਮਰੇਡ ਗੋਰੀਆ ਨੇ ਕਿਹਾ ਕਿ ਕਾਮਰੇਡ ਨੱਲਾਕੰਨੂ ਬੇਸ਼ਕ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦੇ ਵਿਚਾਰ ਅਤੇ ਕੰਮ ਲੰਬੇ ਸਮੇਂ ਤੱਕ ਸਾਨੂੰ ਪ੍ਰੇਰਨਾ ਦਿੰਦੇ ਰਹਿਣਗੇ। ਗੋਰੀਆ ਨੇ ਚੇਨਈ ਵਿੱਚ ਹੋਈ ਕੇਂਦਰੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਉਨ੍ਹਾਂ ਨਾਲ ਹੋਈ ਗੱਲਬਾਤ ਦੇ ਹਵਾਲੇ ਨਾਲ ਕਿਹਾ ਕਿ ਉਹ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਪ੍ਰਤੀ ਬੜੇ ਫਿਕਰਮੰਦ ਸਨ। ਉਨ੍ਹਾਂ ਕਿਹਾ ਕਿ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਵੈਟਰਨ ਆਗੂ ਕਾਮਰੇਡ ਨਗੇਂਦਰ ਨਾਥ ਓਝਾ, ਕਾਮਰੇਡ ਪੇਰੀਆ ਸਾਮੀ, ਵਿਜੇਂਦਰ ਸਿੰਘ ਨਿਰਮਲ, ਦਰਿਓ ਸਿੰਘ ਕਸ਼ਯਪ ਨੇ ਕਾਮਰੇਡ ਨੱਲਾਕੰਨੂ ਦੇ ਪਰਵਾਰ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਤਾਮਿਲਨਾਡੂ ਇਕਾਈ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।




# ਬਘਾਣਾ ਵਿਖੇ ਲੋੜਵੰਦ ਲੜਕੀ ਦੇ ਵਿਆਹ ਲਈ ਸਹਾਇਤਾ ਕੀਤੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗ੍ਰਾਮ ਪੰਚਾਇਤ ਬਘਾਣਾ ਵਲੋਂ ਰਾਮ ਲੁਭਾਇਆ ਦੀ ਲੜਕੀ ਦੀ ਸ਼ਾਦੀ ਲਈ ਸਰਪੰਚ ਬਲਵਿੰਦਰ ਕੁਮਾਰ ਬਘਾਣਾ ਦੀ ਅਗਵਾਈ ਵਿੱਚ ਲੜਕੀ ਨੂੰ 5100 ਰੁਪਏ ਸ਼ਗਨ ਅਸ਼ੀਰਵਾਦ ਕੰਨਿਆ ਦਾਨ ਵਜੋਂ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸਚਿਨ ਕੁਮਾਰ ਪੰਚ, ਗੁਰਸ਼ਰਨਜੀਤ ਸਿੰਘ ਪੰਚ, ਰਾਮ ਲੁਭਾਇਆ ਪੰਚ, ਡਾ. ਸਤਵਿੰਦਰਜੀਤ ਪਿੰਕੀ, ਬਲਦੇਵ ਸਿੰਘ ਫੌਜੀ, ਰਾਜ ਕੁਮਾਰ, ਲਖਵਿੰਦਰ ਸਿੰਘ ਲੱਖੀ, ਰਾਮ ਸਰੂਪ ਬੌਬੀ ਆਦਿ ਹਾਜ਼ਰ ਸਨ।



# ਲੱਖਾਂ ਦਾ ਲਾਲਚ ਦੇ ਸਾਈਬਰ ਠੱਗਾਂ ਨੇ 15750 ਰੁ. ਦੀ ਮਾਰੀ ਠੱਗੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਥਾਣਾ ਮੇਹਟੀਆਣਾ ਅਧੀਨ ਪੈਂਦੇ ਪਿੰਡ ਹੁੱਕੜਾਂ ਦੇ ਵਸਨੀਕ ਬਲਵੀਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸ ਨੇ ਯੂਟਿਊਬ ਤੇ ਇੱਕ ਇਸ਼ਤਿਹਾਰ ਦੇਖਿਆ। ਜਿਸ ਵਿੱਚ ਪੁਰਾਣੇ ਨੋਟਾਂ ਦੇ ਬਦਲੇ ਲੱਖਾਂ ਰੁਪਏ ਦੇਣ ਦੀ ਗੱਲ ਕਹੀ ਗਈ ਸੀ।ਬਲਵੀਰ ਸਿੰਘ ਨੇ ਇਸ਼ਤਿਹਾਰ ਵਿੱਚ ਦਿੱਤੇ ਵਟਸਐਪ ਨੰਬਰ 'ਤੇ ਸੰਪਰਕ ਕੀਤਾ ਅਤੇ ਉਸ ਨੇ ਕਿਹਾ ਕਿ ਮੇਰੇ ਪਾਸ ਵੀ ਪੁਰਾਣੇ ਕੁਝ ਨੋਟ ਪਏ ਹਨ। ਇਸ਼ਤਿਹਾਰਕਾਰ ਨੇ ਬਲਵੀਰ ਸਿੰਘ ਪਾਸੋਂ ਉਕਤ ਪੁਰਾਣੇ ਕੁਝ ਇੱਕ ਨੋਟਾਂ ਦੀ ਫੋਟੋ ਵੀ ਵਟਸਐਪ 'ਤੇ ਮੰਗਵਾ ਲਈ। ਜਿਨ੍ਹਾਂ ਦਾ ਮੁੱਲ ਉਹਨਾਂ ਵੱਲੋਂ 82 ਲੱਖ ਰੁਪਏ ਦੇ ਕਰੀਬ ਲਗਾਇਆ ਗਿਆ।ਕੁਝ ਕੁ ਪੁਰਾਣੇ ਨੋਟਾਂ ਦਾ ਲੱਖਾਂ ਰੁਪਏ ਮੁੱਲ ਸੁਣ ਕੇ ਬਲਵੀਰ ਸਿੰਘ ਲਾਲਚ ਵਿੱਚ ਆ ਗਿਆ। ਜਿਸ ਪਾਸੋਂ ਉਕਤ ਠੱਗਾਂ ਨੇ ਟੈਕਸ ਦੇ ਰੂਪ ਵਿੱਚ ਗੂਗਲ ਪੇ ਰਾਹੀਂ ਥੋੜ੍ਹੇ ਥੋੜ੍ਹੇ ਪੈਸੇ ਮੰਗਵਾਉਣੇ ਸ਼ੁਰੂ ਕਰ ਦਿੱਤੇ। ਬਲਵੀਰ ਸਿੰਘ ਨੇ ਇਹ ਸੋਚ ਕੇ ਕਿ ਉਹ ਜਲਦ ਹੀ ਲੱਖਪਤੀ ਬਣਨ ਵਾਲਾ ਹੈ, ਪੈਸੇ ਵਿਆਜ 'ਤੇ ਚੁੱਕ ਕੇ ਸਾਈਬਰ ਠੱਗਾਂ ਨੂੰ ਭੇਜ ਦਿੱਤੇ। ਜਦੋਂ ਉਕਤ ਠੱਗਾਂ ਵੱਲੋਂ ਉਸ ਪਾਸੋਂ ਹੋਰ ਪੈਸੇ ਗੂਗਲ ਪੇ ਰਾਹੀਂ ਭੇਜਣ ਲਈ ਕਿਹਾ ਗਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨਾਲ ਠੱਗੀ ਕੀਤੀ ਜਾ ਰਹੀ ਹੈ।



# ਟਿੱਪਰ ਨੇ ਅਚੱਲਪੁਰ ਦੇ ਸਾਬਕਾ ਸਰਪੰਚ ਨੂੰ ਦਰੜਿਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਬੀਤ ਇਲਾਕੇ ਦੇ ਪਿੰਡ ਅਚੱਲਪੁਰ ਦੇ ਸਾਬਕਾ ਸਰਪੰਚ ਚੂਹੜ ਸਿੰਘ ਨੂੰ ਇੱਕ ਟਿੱਪਰ ਨੇ ਕੁਚਲ ਦਿੱਤਾ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਅਚੱਲਪੁਰ ਦੇ ਸਾਬਕਾ ਸਰਪੰਚ ਚੂਹੜ ਸਿੰਘ ਆਪਣੇ ਮੋਟਰਸਾਈਕਲ ਤੇ ਸਵਾਰ ਇੱਕ ਹੋਰ ਸਾਥੀ ਕੁਲਦੀਪ ਸਿੰਘ ਸੰਮਤੀ ਮੈਂਬਰ ਨਾਲ ਗੜ੍ਹਸ਼ੰਕਰ ਵਲੋਂ ਪਿੰਡ ਨੂੰ ਆ ਰਿਹਾ ਸੀ ਜਦੋਂ ਸ਼ਾਹਪੁਰ ਘਾਟੇ ਨਜ਼ਦੀਕ ਪਹੁੰਚਿਆ ਤਾਂ ਪਿਛੋਂ ਆ ਰਹੇ ਤੇਜ਼ ਰਫ਼ਤਾਰ ਟਿੱਪਰ ਨੇ ਟੱਕਰ ਮਾਰ ਦਿੱਤੀ ਜਿਸ ਨਾਲ ਉਹ ਗਿਰ ਗਏ ਅਤੇ ਚੂਹੜ ਸਿੰਘ ਦੇ ਸਿਰ ਤੋਂ ਟਿੱਪਰ ਲੰਘ ਗਿਆ ਜਿਸ ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਕੁਲਦੀਪ ਸਿੰਘ ਬਾਲ ਬਾਲ ਬਚ ਗਿਆ।ਇਸ ਹਾਦਸੇ ਤੋਂ ਬਾਅਦ ਇਲਾਕੇ ਦੇ ਲੋਕਾਂ 'ਚ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਰੋਸ ਅਤੇ ਗੁੱਸਾ ਦੇਖਿਆ ਜਾ ਰਿਹਾ ਹੈ।ਇਸ ਸਬੰਧ ਚ ਡੀਐਸਪੀ ਗੜ੍ਹਸ਼ੰਕਰ ਦਲਜੀਤ ਸਿੰਘ ਖੱਖ ਨੇ ਦੱਸਿਆ ਕਿ ਐਕਸੀਡੈਂਟ ਚ ਸਰਪੰਚ ਚੂਹੜ ਸਿੰਘ ਦੀ ਮੌਕੇ ਤੇ ਮੌਤ ਹੋ ਗਈ ਅਤੇ ਟਿੱਪਰ ਚਾਲਕ ਇੰਦਰ ਸਿੰਘ ਨੂੰ ਕਾਬੂ ਕਰ ਲਿਆ ਗਿਆ। ਉਹਨਾਂ ਨੇ ਦੱਸਿਆ ਕਿ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸ੍ਰੀ ਹਨੂੰਮਤ ਇੰਸਟੀਚਿਊਟ ਨੇ ਅੰਤਰ-ਵਿਭਾਗੀ ਵਾਲੀਬਾਲ ਮੈਚ ਕਰਵਾਇਆ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂੰਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਐੱਸ.ਐੱਚ.ਆਈ.ਐੱਮ.ਟੀ) ਨੇ ਕਾਲਜ ਕੈਂਪਸ ਵਿੱਚ ਅੰਤਰ-ਵਿਭਾਗੀ ਵਾਲੀਬਾਲ ਮੈਚ ਦਾ ਸਫਲਤਾਪੂਰਵਕ ਆਯੋਜਨ ਕੀਤਾ, ਜਿਸ ਨਾਲ ਵਿਦਿਆਰਥੀਆਂ ਵਿੱਚ ਏਕਤਾ, ਖੇਡ ਭਾਵਨਾ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ। ਇਹ ਪ੍ਰੋਗਰਾਮ ਐੱਸ ਐੱਚ ਆਈ ਐੱਮ ਟੀ ਦੀ ਖੇਡ ਕਮੇਟੀ ਦੁਆਰਾ ਆਯੋਜਿਤ ਕੀਤਾ ਗਿਆ ਸੀ।ਮੈਚ ਦਾ ਰਸਮੀ ਉਦਘਾਟਨ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਕੀਤਾ, ਜਿਨ੍ਹਾਂ ਨੇ ਖੇਡ ਤੋਂ ਪਹਿਲਾਂ ਸਾਰੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਨਿਰਪੱਖ ਖੇਡ ਅਤੇ ਸ਼ਾਨਦਾਰ ਪ੍ਰਦਰਸ਼ਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਖੇਡ ਕੋਆਰਡੀਨੇਟਰ ਤਰੁਣ ਸ਼ਰਮਾ ਨੇ ਖੇਡ ਟੀਮ ਦੇ ਮੈਂਬਰਾਂ ਸਿਮਰਨਜੀਤ ਸਿੰਘ, ਰੋਹਨ ਸ਼ਰਮਾ ਅਤੇ ਪੁਲਕਿਤ ਗੌਤਮ ਨਾਲ ਮਿਲ ਕੇ ਪੂਰੇ ਟੂਰਨਾਮੈਂਟ ਦਾ ਸਫਲਤਾਪੂਰਵਕ ਪ੍ਰਬੰਧ ਕੀਤਾ।ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਚਾਰ ਟੀਮਾਂ ਨੇ ਹਿੱਸਾ ਲਿਆ। ਐੱਸ ਐੱਚ ਆਈ ਐੱਮ ਟੀ ਦੇ ਸਾਰੇ ਫੈਕਲਟੀ ਮੈਂਬਰ ਹਿੱਸਾ ਲੈਣ ਵਾਲਿਆਂ ਨੂੰ ਪ੍ਰੇਰਿਤ ਕਰਨ ਅਤੇ ਉਤਸ਼ਾਹਿਤ ਕਰਨ ਲਈ ਜ਼ਮੀਨੀ ਪੱਧਰ 'ਤੇ ਮੌਜੂਦ ਸਨ। ਵਿਭਾਗੀ ਮੁਖੀਆਂ ਨੇ ਸਰਗਰਮੀ ਨਾਲ ਆਪਣੀਆਂ ਟੀਮਾਂ ਦੀ ਅਗਵਾਈ ਕੀਤੀ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ।ਸਖ਼ਤ ਮੁਕਾਬਲੇ ਤੋਂ ਬਾਅਦ, ਚੰਦਨ ਦੀ ਅਗਵਾਈ ਵਾਲੀ ਬੀ ਬੀ ਏ ਟੀਮ ਜੇਤੂ ਵਜੋਂ ਉੱਭਰੀ । ਹੋਟਲ ਮੈਨੇਜਮੈਂਟ (ਐੱਚ. ਐੱਮ.) ਦੀ ਟੀਮ ਨੇ ਫਾਈਨਲ ਗੇੜ ਵਿੱਚ ਸਖ਼ਤ ਮੁਕਾਬਲਾ ਦਿੰਦੇ ਹੋਏ ਉਪ ਜੇਤੂ ਦੀ ਸਥਿਤੀ ਹਾਸਲ ਕੀਤੀ।ਸਾਰੇ ਭਾਗੀਦਾਰਾਂ ਲਈ ਤਾਜ਼ਗੀ ਦਾ ਪ੍ਰਬੰਧ ਕੀਤਾ ਗਿਆ ।ਟੂਰਨਾਮੈਂਟ ਦੀ ਸਮਾਪਤੀ 'ਤੇ ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਐਚ ਓ ਡੀ ਪ੍ਰਬੰਧਨ ਵਿਭਾਗ, ਕਸ਼ਿਸ਼ ਮਿਗਲਾਨੀ ਨੂੰ ਵਧਾਈ ਦਿੱਤੀ ਕਿਉਂਕਿ ਉਨ੍ਹਾਂ ਦੇ ਵਿਭਾਗ ਨੇ ਟੂਰਨਾਮੈਂਟ ਜਿੱਤਿਆ। ਉਨ੍ਹਾਂ ਆਪਣੀ ਟੀਮ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਹੋਟਲ ਪ੍ਰਬੰਧਨ ਵਿਭਾਗ ਦੇ ਮੁਖੀ ਦੀਪਕ ਠਾਕੁਰ ਨੂੰ ਵੀ ਵਧਾਈ ਦਿੱਤੀ।



# ਮੁਸਕਾਨ ਨੇ ਵੈਦਿਕ ਭਾਸ਼ਣ ਮੁਕਾਬਲੇ 'ਚ ਦੂਜਾ ਇਨਾਮ ਜਿੱਤਿਆ



**ਜਲੰਧਰ (ਸ਼ੈਲੀ ਐਲਬਰਟ)** ਵੇਦ ਪ੍ਰਚਾਰ ਮੰਡਲ ਲੁਧਿਆਣਾ ਵੱਲੋਂ ਆਯੋਜਿਤ ਅੰਤਰ-ਮਹਾਵਿਦਿਆਲਈ ਵੈਦਿਕ ਭਾਸ਼ਣ ਮੁਕਾਬਲਾ (2025-26) ਵਿੱਚ ਮੇਹਰ ਚੰਦ ਪੋਲਿਟੈਕਨਿਕ ਕਾਲਜ, ਜਲੰਧਰ ਦੀ ਵਿਦਿਆਰਥਣ ਮੁਸਕਾਨ ਪਚੌਰੀ ਨੇ ਦੂਜਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ ਹੈ। ਡੀ ਏ ਵੀ ਕਾਲਜ, ਜਲੰਧਰ ਵਿੱਚ ਆਯੋਜਿਤ ਇਸ ਮੁਕਾਬਲੇ ਦੌਰਾਨ ਮੁਸਕਾਨ ਨੇ ਧਰਮ ਦਾ ਅਸਲੀ ਸਰੂਪ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਸਤੁਤ ਕੀਤੇ। ਉਸ ਦੀ ਸ਼ਾਨਦਾਰ ਪ੍ਰਸਤੁਤੀ ਲਈ ਉਸਨੂੰ ਸਮ੍ਰਿਤੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਕਾਲਜ ਦੇ ਫਾਰਮੇਸੀ ਵਿਭਾਗ ਦੀ ਵਿਦਿਆਰਥਣ ਮੁਸਕਾਨ ਦੀ ਇਸ ਕਾਬਿਲ-ਏ-ਤਾਰੀਫ਼ ਉਪਲਬਧੀ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਉਸ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਫਾਰਮੇਸੀ ਵਿਭਾਗ ਦੇ ਮੁਖੀ ਸੰਜੇ ਬੰਸਲ, ਸ੍ਰੀਮਤੀ ਮੀਨਾ ਬੰਸਲ ਅਤੇ ਈ ਸੀ ਈ ਵਿਭਾਗ ਦੀ ਮੁਖੀ ਪ੍ਰੀਤ ਕੌਰ ਨੇ ਵੀ ਵਿਦਿਆਰਥਣ ਦੀ ਮਿਹਨਤ ਦੀ ਸਰਾਹਨਾ ਕਰਦੇ ਹੋਏ ਉਸ ਨੂੰ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

# ਧੜੱਲੇ ਨਾਲ ਹੋ ਰਹੀ ਇਲਾਕੇ 'ਚ ਨਜਾਇਜ਼ ਮਾਈਨਿੰਗ : ਭੱਜਲ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਸਕੱਤਰ ਗੜ੍ਹਸ਼ੰਕਰ ਤੋਂ ਗੁਰਨੇਕ ਸਿੰਘ ਭੱਜਲ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਇਸ ਇਲਾਕੇ ਵਿੱਚ ਨਜਾਇਜ਼ ਮਾਈਨਿੰਗ ਧੜੱਲੇ ਨਾਲ ਹੋ ਰਹੀ ਹੈ ਅਤੇ ਇੱਥੋਂ ਦੇ ਕੁਦਰਤੀ ਵਾਤਾਵਰਨ ਨਾਲ ਖਿਲਵਾੜ ਕਰਕੇ ਮਾਈਨਿੰਗ ਮਾਫੀਏ ਨੇ ਇਸ ਇਲਾਕੇ ਨੂੰ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡੀ । ਇਸ ਇਲਾਕੇ ਦੇ ਪਹਾੜੀ ਖੇਤਰ ਵਿੱਚ ਅੱਜ ਵੀ ਨਜਾਇਜ਼ ਮਾਈਨਿੰਗ ਜੰਗੀ ਪੱਧਰ 'ਤੇ ਜਾਰੀ ਹੈ ਜਿਸ ਨੂੰ ਰੋਕਣ 'ਚ ਮੌਜੂਦਾ ਸਰਕਾਰ ਪੂਰੀ ਤਰ੍ਹਾਂ ਫੇਲ ਸਾਬਿਤ ਹੋਈ ਹੈ। ਭੱਜਲ ਨੇ ਕਿਹਾ ਕਿ ਲਿੰਕ ਸੜਕਾਂ ਦੀ ਹਾਲਤ ਇੰਨੀ ਖਸਤਾ ਹੋ ਚੁੱਕੀ ਹੈ ਕਿ ਇਹਨਾਂ ਸੜਕਾਂ ਤੋਂ ਦੋ ਪਹੀਆ ਵਾਹਨਾਂ ਦਾ ਵੀ ਲੰਘਣਾ ਔਖਾ ਹੋਇਆ ਪਿਆ ਹੈ। ਭੱਜਲ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਇਲਾਕੇ 'ਚ ਹੋ ਰਹੀ ਜਾ ਹੋ ਚੁੱਕੀ ਨਜਾਇਜ਼ ਮਾਈਨਿੰਗ ਸਬੰਧੀ ਉੱਚ ਪੱਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਭੱਜਲ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਹੋ ਰਹੀ ਮਾਈਨਿੰਗ ਸਬੰਧੀ ਉੱਚ ਅਧਿਕਾਰੀਆ ਨਾਲ ਰਾਬਤਾ ਕਰਨਾ ਚਾਹੀਦਾ ਹੈ ਤਾਂ ਜੋ ਕੁਦਰਤੀ ਵਾਤਾਵਰਨ ਨੂੰ ਬਚਾਇਆ ਜਾ ਸਕੇ।



# ਸੰਤ ਸੰਮੇਲਨ ਸੰਬੰਧੀ ਪੋਸਟਰ ਜਾਰੀ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ, ਜਸਵੀਰ ਕਾਜਲ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਪ੍ਰਕਾਸ਼ ਉਤਸਵ ਨੂੰ ਸਮਰਪਿਤ 13ਵਾਂ ਮਹਾਨ ਸੰਤ ਸੰਮੇਲਨ ਪਿੰਡ ਸਕਰਾਲਾ ਵਿਖੇ 2 ਮਾਰਚ ਨੂੰ ਹੋਵੇਗਾ। ਇਸ ਸਬੰਧੀ ਪੋਸਟਰ ਜਾਰੀ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚਰਨਜੀਤ ਸਿੰਘ ਗੁੱਡੂ, ਰੋਸ਼ਨ ਸਿੰਘ, ਭਾਗ ਮਲ, ਜੋਗਿੰਦਰ ਸਿੰਘ, ਪਰਮਜੀਤ ਸਿੰਘ, ਗੁਰਮੀਤ ਲਾਲ, ਡਾ. ਕਸ਼ਮੀਰੀ ਲਾਲ, ਸੋਹਨ ਲਾਲ, ਪਰਸ਼ੋਤਮ ਲਾਲ ਤੇ ਹੋਰਨਾ ਸੇਵਾਦਾਰਾਂ ਨੇ ਦੱਸਿਆ ਕਿ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਪਦਮ ਸ੍ਰੀ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਸਰਪਰਸਤੀ ਹੇਠ ਨਗਰ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋ ਰਹੇ ਮਹਾਨ ਸੰਤ ਸਮੇਲਨ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਦੇ ਪਾਠ ਉਚਾਰਨ ਕੀਤੇ ਜਾਣਗੇ। ਉਪਰੰਤ ਸੰਤ ਜੋਗਿੰਦਰ ਦਾਸ ਜੀ ਚੱਕ ਲਾਦੀਆਂ, ਸੰਤ ਲੇਖਰਾਜ ਜੀ ਨੂਰਪੁਰ, ਸੰਤ ਪ੍ਰੀਤਮ ਦਾਸ ਸੰਗਤਪੁਰਾ ਫਗਵਾੜਾ, ਸੰਤ ਕ੍ਰਿਸ਼ਨ ਦਾਸ ਚਹੇੜੂ ਜੀ, ਸੰਤ ਜਸਪਾਲ ਸਿੰਘ ਓਡਰਾ ਪ੍ਰੇਮ ਦਾਸ ਜੀ ਰਸ਼ਪਾਲਵਾ ,ਸੰਤ ਨਰੇਸ਼ ਗਿਰ ਜੀ ਨੰਗਲ ਖੂੰਗਾ, ਸੰਤ ਸੋਢੀ ਸ਼ਾਹ ਜੀ ਚੋਲੀਪੁਰ ਵਾਲੇ, ਸੰਤ ਰਾਮ ਗਿਰ ਜੀ ਰਾਜਪੁਰ ਕੰਡੀ, ਸੰਤ ਸੁਖਵਿੰਦਰ ਸਿੰਘ ਢੱਡੇ,ਸੰਤ ਅਸ਼ੋਕ ਦਾਸ ਜੀ ਸੰਤੋਖਪੁਰਾ, ਸੰਤ ਗੁਰਦੀਪ ਗਿਰੀ ਜੀ ਪਠਾਨਕੋਟ ਸੁਆਮੀ ਚੰਦਰ ਸ਼ੇਖਰ ਜੀ ਡੇਰਾ ਸਾਈ ਅਲੀ ਬਖ਼ਸ਼ ਸਕਰਾਲਾ ਤੇ ਹੋਰ ਸੰਤ ਮਹਾਂਪੁਰਸ਼ ਪਹੁੰਚ ਗਏ ਸਮੂਹ ਸੰਗਤ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਮਹਾਨ ਵਿਚਾਰਧਾਰਾ ਨਾਲ ਜੋੜਨਗੇ।



# ਪਾਣੀ ਦੀ ਬਰਬਾਦੀ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ : ਪ੍ਰੇਮ ਪਡਵਾਲ, ਡਾ. ਕਰਨ ਸੈਣੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਦੁਨੀਆਂ ਦੇ ਹਰ ਜੀਵ ਜੰਤੂ ਤੇ ਇਨਸਾਨੀ ਜ਼ਿੰਦਗੀ ਲਈ ਸਭ ਤੋਂ ਜ਼ਰੂਰੀ ਪਾਣੀ ਹੈ ਅਤੇ ਇਸ ਦੀ ਬੇਵਜਹ ਕੀਤੀ ਜਾ ਰਹੀ ਬਰਬਾਦੀ ਨੂੰ ਰੋਕਣ ਅਤੇ ਇਸ ਦੇ ਮਾੜੇ ਸਿੱਟਿਆਂ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਪਾਣੀ ਬਚਾਓ ਮਿਸ਼ਨ ਤਹਿਤ ਸਰਕਾਰੀ ਹਸਪਤਾਲ ਟਾਂਡਾ ਵਿਖੇ ਡਾਕਟਰਾਂ, ਸਮੂਹ ਸਟਾਫ ਅਤੇ ਹਾਜ਼ਰ ਲੋਕਾਂ ਨੂੰ ਪਾਣੀ ਦੀ ਬਰਬਾਦੀ ਨੂੰ ਰੋਕਣ ਸਬੰਧੀ ਜਾਗ੍ਰਿਤ ਕੀਤਾ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਉੱਘੇ ਸਮਾਜ ਸੇਵੀ ਪ੍ਰੇਮ ਪਡਵਾਲ ਨੇ ਕਿਹਾ ਕਿ ਪਾਣੀ ਦੀ ਲਗਾਤਾਰ ਕੀਤੀ ਜਾ ਰਹੀ ਬਰਬਾਦੀ ਕਾਰਨ ਪਾਣੀ ਦਾ ਲੈਵਲ ਜ਼ਮੀਨ ਤੋਂ ਕਾਫੀ ਹੇਠਾਂ ਚਲਾ ਗਿਆ ਹੈ ਜਿਸ ਕਾਰਨ ਅੱਜ ਸਾਰੀ ਦੁਨੀਆ ਦੇ ਲੋਕ ਤ੍ਰਾਹੀ ਤ੍ਰਾਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਲੋਕ ਆਪਣੇ ਘਰਾਂ ਦੀਆਂ ਟੂਟੀਆਂ ਖੁੱਲ੍ਹੀਆਂ ਛੱਡ ਦਿੰਦੇ ਹਨ ਜਿਸ ਕਾਰਨ ਪਾਣੀ ਦੀ ਕਾਫੀ ਬਰਬਾਦੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਦਾ ਸਿਰਫ਼ ਸਰਕਾਰਾਂ ਦਾ ਫਰਜ਼ ਹੀ ਨਹੀਂ ਹੈ ਇਹ ਤਾਂ ਹਰ ਇਨਸਾਨ ਦਾ ਫਰਜ਼ ਬਣਦਾ ਹੈ ਕਿ ਉਹ ਖੁਦ ਵੀ ਪਾਣੀ ਦੀ ਬਰਬਾਦੀ ਨੂੰ ਰੋਕੇ ਅਤੇ ਹੋਰ ਲੋਕਾਂ ਨੂੰ ਵੀ ਜਾਗ੍ਰਿਤ ਕਰੇ।ਐਸ.ਐਮ.ਓ ਟਾਂਡਾ ਡਾ. ਕਰਨ ਸੈਣੀ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਜ਼ਰੂਰਤ ਅਨੁਸਾਰ ਹੀ ਪਾਣੀ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਲੋਕ ਜਾਗ੍ਰਿਤ ਨਹੀਂ ਹੋਏ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਦੇ ਹਰ ਸੰਭਵ ਯਤਨ ਨਹੀਂ ਕੀਤੇ ਤਾਂ ਆਉਣ ਵਾਲੀ ਪੀੜ੍ਹੀ ਨੂੰ ਬਹੁਤ ਮਾੜੇ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਜੇਕਰ ਹਾਲਾਤ ਤੇ ਜਲਦ ਕਾਬੂ ਨਾ ਪਾਇਆ ਤਾਂ ਪਾਣੀ ਖਰੀਦ ਕੇ ਵੀ ਪੀਣਾ ਮੁਸ਼ਕਿਲ ਹੋ ਜਾਵੇਗਾ। ਡਾ. ਵਿਨੋਦ, ਡਾਕਟਰ ਸ਼ਗੁਨ, ਡਾ. ਅਵਤਾਰ ਸਿੰਘ, ਡਾ. ਕਰਤਾਰ ਸਿੰਘ, ਡਾ. ਕਰਨ ਵਿਰਕ, ਡਾ. ਹਰਪ੍ਰੀਤ ਸਿੰਘ, ਡਾ. ਬਲਜੀਤ ਕੌਰ, ਡਾ. ਮੀਨਾਕਸ਼ੀ ਸੈਣੀ ਤੇ ਸਮੂਹ ਸਟਾਫ ਨੇ ਪ੍ਰਣ ਕਰਦੇ ਹੋਏ ਕਿਹਾ ਕਿ ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਅਸੀਂ ਸਾਰਿਆਂ ਨੂੰ ਜਾਗ੍ਰਿਤ ਕਰਾਂਗੇ ਅਤੇ ਪਾਣੀ ਦਾ ਇਸਤੇਮਾਲ ਕਰਕੇ ਨਲ ਨੂੰ ਬੰਦ ਕਰ ਦੇਣ ਸਬੰਧੀ ਘਰ-ਘਰ ਵਿੱਚ ਇਹ ਸੁਨੇਹਾ ਦੇਵਾਂਗੇ ।



# ਭਰਪੂਰ ਸਿੰਘ ਭੋਗਲ ਯਾਦਗਾਰੀ ਸਪੋਰਟਸ ਮੀਟ ਦੀ ਸਮਾਪਤੀ

**ਫਗਵਾੜਾ (ਡਾ. ਰਮਨ)**- ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ (ਆਰ ਈ ਸੀ), ਫਗਵਾੜਾ ਵੱਲੋਂ ਆਯੋਜਿਤ ਸਵਰਗੀ ਭਰਪੂਰ ਸਿੰਘ ਭੋਗਲ ਯਾਦਗਾਰੀ ਦੋ ਰੋਜ਼ਾ ਸਪੋਰਟਸ ਮੀਟ 2026 ਦੀ ਅਕਾਲ ਸਟੇਡੀਅਮ, ਆਰ ਈ ਸੀ ਕੰਪਲੈਕਸ, ਸਤਨਾਮਪੁਰਾ ਵਿਖੇ ਬਹੁਤ ਉਤਸ਼ਾਹ ਨਾਲ ਸਮਾਪਤੀ ਹੋਈ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਅਧੀਨ ਚੱਲ ਰਹੀਆਂ ਵੱਖ-ਵੱਖ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਆਖਰੀ ਦਿਨ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਸਮਾਪਤੀ ਸਮਾਰੋਹ ਵਿੱਚ ਹੁਸ਼ਿਆਰਪੁਰ ਹਲਕੇ ਤੋਂ ਐੱਮ ਐੱਲ ਏ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਜਿਸ ਤੋਂ ਮਾਰਚ ਪਾਸਟ ਦੌਰਾਨ ਤੋਪ ਨਾਲ ਸਲਾਮੀ ਦਿੱਤੀ ਗਈ ਅਤੇ ਅਸਮਾਨ ਵਿੱਚ ਗੁਬਾਰੇ ਛੱਡੇ ਗਏ।ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਨੌਜਵਾਨ ਖਿਡਾਰੀਆਂ ਦੁਆਰਾ ਦਿਖਾਈ ਗਈ ਖੇਡ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਦੀ ਅਮੀਰ ਖੇਡ ਵਿਰਾਸਤ ਨੂੰ ਉਜਾਗਰ ਕੀਤਾ ਅਤੇ ਜ਼ੋਰ ਦਿੱਤਾ ਕਿ ਇੱਕ ਸਿਹਤਮੰਦ ਅਤੇ ਪ੍ਰਗਤੀਸ਼ੀਲ ਸਮਾਜ ਦੀ ਉਸਾਰੀ ਲਈ ਨੌਜਵਾਨਾਂ ਦੀ ਐਥਲੈਟਿਕਸ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ।ਇਸ ਪ੍ਰੋਗਰਾਮ ਦੇ ਆਖਰੀ ਦਿਨ ਬੜੇ ਦਿਲਚਸਪ ਖੇਡ ਮੁਕਾਬਲੇ ਹੋਏ ਜਿਸ ਵਿੱਚ ਵਿਦਿਆਰਥੀਆਂ ਨੇ ਹੁਨਰ, ਦ੍ਰਿੜਤਾ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ।ਟਰੈਕ ਈਵੈਂਟਸ ਵਿੱਚ ਸਪ੍ਰਿੰਟ,ਰੱਸਾਕਸ਼ੀ 100 ਮੀਟਰ ਅਤੇ 200 ਮੀਟਰ, ਰੀਲੇਅ ਦੌੜ ਅਤੇ ਲੰਬੀ ਦੂਰੀ ਦੀਆਂ ਦੌੜਾਂ ਸ਼ਾਮਿਲ ਸਨ। ਜਦੋਂ ਕਿ ਫੀਲਡ ਈਵੈਂਟਸ ਵਿੱਚ ਲੰਬੀ ਛਾਲ, ਉੱਚੀ ਛਾਲ, ਸ਼ਾਟ ਪੁੱਟ ਅਤੇ ਡਿਸਕਸ ਥ੍ਰੋ ਸ਼ਾਮਿਲ ਸਨ।ਭਾਗੀਦਾਰਾਂ ਨੇ ਤਾਕਤ, ਚੁਸਤੀ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਸੰਸਥਾਵਾਂ ਦੀਆਂ ਵਿਦਿਆਰਥਣਾਂ ਨੇ ਸੱਭਿਆਚਾਰਕ ਗਤੀਵਿਧੀਆਂ ਦਾ ਪ੍ਰਦਰਸ਼ਨ ਕੀਤਾ।ਇਨਾਮ ਵੰਡ ਸਮਾਰੋਹ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਮੈਡਲ ਦਿੱਤੇ ਗਏ। ਜੇਤੂਆਂ ਨੂੰ ਇਨਾਮ ਅਤੇ ਪ੍ਰਸ਼ੰਸਾ ਪੱਤਰ ਵੀ ਪੇਸ਼ ਕੀਤੇ ਗਏ। ਐੱਮ ਐੱਲ ਏ ਡਾ. ਇਸ਼ਾਂਕ ਕੁਮਾਰ ਚੱਬੇਵਾਲ ਵੱਲੋ ਸਪੋਰਟਸ ਮੀਟ ਦੀ ਸਮਾਪਤੀ ਕੀਤੀ ਗਈ।



# ਐੱਸ ਸੀ, ਬੀ ਸੀ ਬੈਕਲਾਗ ਨੂੰ ਖਤਮ ਕਰਨ ਦੀ ਦਿਸ਼ਾ 'ਚ ਵੱਡੀ ਪ੍ਰਗਤੀ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਕਾਂਗਰਸੀ ਵਿਧਾਇਕਾਂ ਦੁਆਰਾ ਉਠਾਏ ਗਏ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਰਾਖਵੇਂ ਵਰਗਾਂ ਦੇ ਬੈਕਲਾਗ ਦੇ ਮੁੱਦੇ 'ਤੇ ਤੱਥਾਂ ਵਾਲਾ ਜਵਾਬ ਦਿੱਤਾ। ਮੁੱਖ ਮੰਤਰੀ ਨੇ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਰਾਖਵੇਂ ਵਰਗਾਂ ਦੇ ਬੈਕਲਾਗ ਦਾ ਮੁੱਦਾ ਚੁੱਕਣ ਵਾਲੇ ਵਿਰੋਧੀ ਮੈਂਬਰ ਆਪਣੇ ਗਿਰੇਬਾਨ ਵਿੱਚ ਝਾਤੀ ਮਾਰ ਕੇ ਦੇਖਣ ਕਿ ਇਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਇਨ੍ਹਾਂ ਗਰੀਬ ਵਰਗਾਂ ਨਾਲ ਕੀ ਬੇਇਨਸਾਫ਼ੀ ਕੀਤੀ ਸੀ। ਉਨ੍ਹਾਂ ਦੇ ਕਾਰਜਕਾਲ ਦੌਰਾਨ ਹਜ਼ਾਰਾਂ ਅਸਾਮੀਆਂ ਖਾਲੀ ਰਹੀਆਂ, ਪਰ ਇਨ੍ਹਾਂ ਨੇ ਕਦੇ ਉਨ੍ਹਾਂ ਦੀ ਸੁਧ ਨਹੀਂ ਲਈ। ਸੈਣੀ ਨੇ ਮੌਜੂਦਾ ਸਰਕਾਰ ਦੇ ਕਾਰਜਕਾਲ ਦੀ ਸਥਿਤੀ ਦੇ ਵੇਰਵੇ ਦਿੰਦੇ ਹੋਏ ਕਿਹਾ ਕਿ ਮਾਰਚ 2024 ਵਿੱਚ, ਸੂਬੇ ਦੇ ਵੱਖ-ਵੱਖ ਵਿਭਾਗਾਂ ਵਿੱਚ ਗਰੁੱਪ ਏ ਵਿੱਚ ਐਸ ਸੀ ਬੈਕਲਾਗ 145, ਬੀਸੀ-ਏ ਬੈਕਲਾਗ 180 ਅਤੇ ਬੀਸੀ-ਬੀ ਬੈਕਲਾਗ ਜ਼ੀਰੋ ਹੈ। ਗਰੁੱਪ ਬੀ ਵਿੱਚ ਐਸ ਸੀ ਬੈਕਲਾਗ 548, ਬੀ ਸੀ-ਏ ਬੈਕਲਾਗ 3 ਅਤੇ ਬੀ ਸੀ-ਬੀ ਬੈਕਲਾਗ ਜ਼ੀਰੋ ਹੈ। ਗਰੁੱਪ ਸੀ ਵਿੱਚ, ਐਸ ਸੀ ਬੈਕਲਾਗ 1 ਹਜ਼ਾਰ 931, ਬੀਸੀ-ਏ ਬੈਕਲਾਗ 1 ਹਜ਼ਾਰ 106 ਅਤੇ ਬੀ ਸੀ-ਬੀ ਬੈਕਲਾਗ ਹੈ। ਗਰੁੱਪ ਡੀ ਵਿੱਚ ਐਸ ਸੀ ਬੈਕਲਾਗ ਜ਼ੀਰੋ, ਬੀ ਸੀ-ਏ ਬੈਕਲਾਗ ਜ਼ੀਰੋ ਅਤੇ ਬੀ ਸੀ-ਬੀ ਬੈਕਲਾਗ 180 ਹੈ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਜਨਤਕ ਅਦਾਰਿਆਂ ਵਿੱਚ ਗਰੁੱਪ ਏ ਵਿੱਚ ਐਸ ਸੀ ਬੈਕਲਾਗ 63, ਬੀ ਸੀ-ਏ ਬੈਕਲਾਗ 44 ਅਤੇ ਬੀ ਸੀ-ਬੀ ਬੈਕਲਾਗ 39 ਹੈ। ਗਰੁੱਪ ਬੀ ਵਿੱਚ ਐਸ ਸੀ ਬੈਕਲਾਗ 18, ਬੀਸੀ-ਏ ਬੈਕਲਾਗ ਜ਼ੀਰੋ ਅਤੇ ਬੀਸੀ-ਬੀ ਬੈਕਲਾਗ ਜ਼ੀਰੋ ਹੈ। ਗਰੁੱਪ ਸੀ ਵਿੱਚ ਐਸ ਸੀ ਬੈਕਲਾਗ ਜ਼ੀਰੋ, ਬੀ ਸੀ-ਏ ਬੈਕਲਾਗ ਜ਼ੀਰੋ ਅਤੇ ਬੀ ਸੀ-ਬੀ ਬੈਕਲਾਗ ਜ਼ੀਰੋ ਹੈ। ਗਰੁੱਪ ਡੀ ਵਿੱਚ ਐਸ ਸੀ ਬੈਕਲਾਗ ਜ਼ੀਰੋ, ਬੀ ਸੀ-ਏ ਬੈਕਲਾਗ 132 ਅਤੇ ਬੀ ਸੀ-ਬੀ ਬੈਕਲਾਗ 21 ਹੈ।ਉਨ੍ਹਾਂ ਕਿਹਾ ਕਿ 2014 ਤੋਂ ਫਰਵਰੀ 2019 ਤੱਕ, ਅਨੁਸੂਚਿਤ ਜਾਤੀਆਂ ਨੂੰ ਏ ਸ਼੍ਰੇਣੀ ਦੀਆਂ 20 ਅਸਾਮੀਆਂ, ਬੀ ਸ਼੍ਰੇਣੀ ਦੀਆਂ 1 ਹਜ਼ਾਰ 616 ਅਸਾਮੀਆਂ, ਸੀ ਸ਼੍ਰੇਣੀ ਦੀਆਂ 5 ਹਜ਼ਾਰ 41 ਅਸਾਮੀਆਂ ਅਤੇ ਡੀ ਸ਼੍ਰੇਣੀ ਦੀਆਂ 4 ਹਜ਼ਾਰ 245 ਅਸਾਮੀਆਂ ਲਈ ਨਿਯਮਤ ਤੌਰ 'ਤੇ ਭਰਤੀ ਕੀਤੀ ਗਈ ਹੈ।

# ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਕੀਤਾ ਰਿਲੀਜ਼

**ਹੁਸ਼ਿਆਰਪੁਰ, ਜੇਜੋਂ ਦੋਆਬਾ (ਓ ਪੀ ਰਾਣਾ, ਨਿਰਮਲ ਸਿੰਘ ਮੁੱਗੋਵਾਲ)**- ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਜੀ ਦੇ 36ਵੇਂ ਸਾਲਾਨਾ ਬਰਸੀ ਸਮਾਗਮ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢਕੋਂ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਰਮੇਸ਼ ਦਾਸ ਪ੍ਰਚਾਰ ਸਕੱਤਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ। ਜਿਸ ਵਿੱਚ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੇ ਮਹਾਨ ਸੰਤ ਮਹਾਂਪੁਰਸ਼ਾਂ ਅਤੇ ਕੀਰਤਨੀ ਜਥਿਆਂ ਨੇ ਕੀਰਤਨ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਸੰਤਾਂ ਮਹਾਂਪੁਰਖਾਂ ਅਤੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਰਲੀਜ਼ ਕੀਤਾ।ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 3 ਅਪ੍ਰੈਲ ਨੂੰ ਜਲੰਧਰ ਤੋਂ ਸ਼ੋਭਾ ਯਾਤਰਾ ਲਈ ਟ੍ਰੇਨਾਂ ਚਲਣਗੀਆਂ।ਉਨ੍ਹਾਂ ਕਿਹਾ ਕਿ 4 ਅਪ੍ਰੈਲ ਨੂੰ ਹਰਿਦੁਆਰ ਵਿਖੇ ਹਰਿ ਕੀ ਪਉੜੀ ਤੱਕ ਵਿਸ਼ਾਲ ਸ਼ੋਭਾ ਯਾਤਰਾ ਹੋਵੇਗੀ ਅਤੇ 5 ਅਪ੍ਰੈਲ ਨੂੰ ਹਰਿਦੁਆਰ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮਨਾਕੇ ਸੰਗਤਾਂ ਮੁੜ ਪੰਜਾਬ ਨੂੰ ਚਾਲੇ ਪਾਉਣਗੀਆਂ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ,ਸੰਤ ਪਰਮਜੀਤ ਦਾਸ ਨਗਰ,ਸੰਤ ਸਰਵਣ ਦਾਸ ਸਲੇਮਤਾਵਰੀ,ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਧਰਮਪਾਲ ਸ਼ੇਰਗੜ, ਸੰਤ ਮਨਜੀਤ ਦਾਸ ਹਿਮਾਚਲ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਸੰਤੋਖ ਦਾਸ ਭਾਰਟਾ, ਸੰਤ ਸਤਨਾਮ ਦਾਸ ਗੱਜਰ ਮਹਿਦੂਦ,ਸੰਤ ਦਿਨੇਸ਼ ਗਿਰ ਭਗਤ ਨਗਰ, ਸੰਤ ਬੀਬੀ ਮੀਨਾ ਦੇਵੀ ਜੇਜੋਂ, ਸੰਤ ਬੀਬੀ ਮਿਸ਼ਾ ਜੀ, ਸੰਤ ਬਿੱਲਾ ਜੀ ਦਰਬਾਰ ਬੀਬੀ ਗੰਗਾ ਦੇਵੀ ਮੈਲੀ, ਸੰਤ ਵਿਨੇ ਮੁਨੀ ਜੰਮੂ, ਸੰਤ ਰਿਸ਼ੀ ਰਾਜ ਨਵਾਂ ਸ਼ਹਿਰ, ਸੰਤ ਧਿਆਨ ਦਾਸ ਪਟਿਆਲਾ, ਸੰਤ ਬਲਵੀਰ ਸਿੰਘ ਸ਼ਾਸ਼ਤਰੀ, ਸੰਤ ਮੇਜਰ ਦਾਸ ਹਲੂਵਾਲ ,ਸੰਤ ਹਰਮੀਤ ਸਿੰਘ ਝਵਾਲਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਭੈਣ ਸੰਤੋਸ਼ ਕੁਮਾਰੀ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ। ਇਸ ਮੌਕੇ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ,ਐਚ ਐਸ ਸਿੱਧੂ ਸੇਵਾ ਮੁਕਤ ਜੱਜ,ਡਾ. ਜਸਵੰਤ ਥਿੰਦ ਐਸ ਐਮ ਓ ਨੇ ਵੀ ਹਾਜਰੀ ਭਰੀ। ਸੰਤ ਰਮੇਸ਼ ਦਾਸ, ਸੰਤ ਚਰਨ ਦਾਸ, ਸੰਤ ਨਿਰੰਜਣ ਦਾਸ, ਸੰਤ ਸੋਮ ਨਾਥ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨਤ ਕੀਤਾ।




# ਫੋਰਟਿਸ ਨੇ ਰੀੜ੍ਹ ਦੀ ਹੱਡੀ ਦੀਆਂ ਸੱਟਾਂ ਵਾਲੇ ਦੋ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ

**ਜਲੰਧਰ :** ਫੋਰਟਿਸ ਹਸਪਤਾਲ ਜਲੰਧਰ ਨੇ ਗੁੰਝਲਦਾਰ ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ ਦੇ ਦੋ ਮਾਮਲਿਆਂ ਦਾ ਸਫਲਤਾਪੂਰਵਕ ਇਲਾਜ ਕੀਤਾ । ਪਹਿਲੇ ਮਾਮਲੇ ਵਿੱਚ ਇੱਕ 50 ਸਾਲਾ ਔਰਤ ਨੂੰ ਉਚਾਈ ਤੋਂ ਡਿੱਗਣ ਤੋਂ ਬਾਅਦ ਫੋਰਟਿਸ ਹਸਪਤਾਲ ਜਲੰਧਰ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿਸ ਨੇ ਗਰਦਨ ਵਿੱਚ ਗੰਭੀਰ ਦਰਦ ਅਤੇ ਉਸ ਦੀਆਂ ਬਾਹਾਂ ਅਤੇ ਲੱਤਾਂ ਦੋਵਾਂ ਵਿੱਚ ਕਮਜ਼ੋਰੀ ਦੀ ਸ਼ਿਕਾਇਤ ਕੀਤੀ ਸੀ।

ਕਈ ਟੈਸਟਾਂ ਵਿੱਚ ਸਰਵਾਈਕਲ ਰੀੜ੍ਹ ਦੀ ਹੱਡੀ ਦੇ ਪਿਛਲੇ ਅਤੇ ਪਿਛਲੇ ਹਿੱਸੇ ਦੋਵਾਂ ਨੂੰ ਸ਼ਾਮਲ ਕਰਨ ਵਾਲੇ ਇੱਕ ਦੁਰਲੱਭ ਅਤੇ ਅਸਥਿਰ ਫ੍ਰੈਕਚਰ ਦਾ ਖੁਲਾਸਾ ਹੋਇਆ । ਮਰੀਜ਼ ਨੇ ਉੱਨਤ ਉੱਪਰੀ ਸਰਵਾਈਕਲ ਰੀੜ੍ਹ ਦੀ ਸਥਿਰਤਾ ਸਰਜਰੀ ਕਰਵਾਈ ਅਤੇ ਸਹੀ ਸਰਜੀਕਲ ਯੋਜਨਾਬੰਦੀ ਅਤੇ ਸਮੇਂ ਸਿਰ ਪ੍ਰਬੰਧਨ ਕਾਰਨ, ਉਸ ਨੇ ਇੱਕ ਪੂਰੀ ਨਿਊਰੋਲੋਜੀਕਲ ਰਿਕਵਰੀ ਕੀਤੀ ਅਤੇ ਪੋਸਟਓਪਰੇਟਿਵ ਪੀਰੀਅਡ ਵਿੱਚ ਪੂਰੀ ਤਾਕਤ ਪ੍ਰਾਪਤ ਕੀਤੀ। ਇਸ ਪ੍ਰਾਪਤੀ 'ਤੇ ਬੋਲਦੇ ਹੋਏ ਡਾ. ਸੰਦੀਪ ਕੁਮਾਰ ਕੁੰਡਲ ਨੇ ਕਿਹਾ, ਹਰ ਰੀੜ੍ਹ ਦੀ ਸਰਜਰੀ ਉੱਨਤ, ਘੱਟੋ-ਘੱਟ ਹਮਲਾਵਰ ਦੇਖਭਾਲ ਪ੍ਰਦਾਨ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ।

